Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.
# ਪੰਜਾਬ ਮੇਲ
Chief Editor: Gurjatinder Singh Randhawa
Punjab Mail USA




Vol. 17, Issue- 748, 04 to 10 May, 2023, Ph: 916-320-9444, E-mail: punjabmailusa@yahoo.com, Web: punjabmailusa.com

## ਕੈਲੀਫੋਰਨੀਆ 'ਚ ਸਿੱਖ ਮੋਟਰਸਾਈਕਲ ਦੇ ਡਰਾਈਵਰਾਂ ਨੂੰ ਹੈਲਮਟ ਤੋਂ ਛੋਟ ਦੇਣ ਲਈ ਸਟੇਟ ਸੈਨੇਟ 'ਚ ਬਿੱਲ ਪੇਸ਼


ਸਟੇਟ ਸੈਨੇਟਰ ਬਰਾਇਨ ਡਾਹਲੀ, ਕਮਿਸ਼ਨਰ ਮਨਦੀਪ ਸਿੰਘ ਅਤੇ ਬਿੱਲ ਪੇਸ਼ ਕਰਨ ਦੌਰਾਨ ਹਾਜ਼ਰ ਆਗੂ।

**ਸੈਕਰਾਮੈਂਟੋ, (ਪੰਜਾਬ ਮੇਲ)-** ਕੈਲੀਫੋਰਨੀਆ 'ਚ ਮੋਟਰਸਾਈਕਲ ਸਵਾਰ ਸਿੱਖਾਂ ਨੂੰ ਹੈਲਮਟ ਤੋਂ ਰਾਹਤ ਦੇਣ ਲਈ ਉਪਰਾਲੇ ਸ਼ੁਰੂ ਹੋ ਗਏ ਹਨ। ਇਸ ਸੰਬੰਧੀ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਖੇ ਸਟੇਟ ਸੈਨੇਟਰ ਬਰਾਇਨ ਡਾਹਲੀ ਨੇ ਸਟੇਟ ਟਰਾਂਸਪੋਰਟੇਸ਼ਨ ਕਮੇਟੀ ਵਿਚ SB-847 ਬਿੱਲ ਪੇਸ਼ ਕੀਤਾ ਹੈ। ਇਸ ਲਈ ਬਰਾਇਨ ਡਾਹਲੀ ਨੇ ਕਮੇਟੀ ਸਾਹਮਣੇ SB-847 ਬਿੱਲ ਦੀ ਜ਼ਰੂਰਤ ਬਾਰੇ ਆਪਣਾ ਪੱਖ ਪੇਸ਼ ਕੀਤਾ ਅਤੇ ਦੱਸਿਆ ਕਿ ਦਸਤਾਰ ਸਿੱਖਾਂ ਦਾ ਧਾਰਮਿਕ ਚਿੰਨ੍ਹ ਹੈ। ਇਸ ਉਪਰੋਂ ਹੈਲਮਟ ਪਾਉਣਾ ਮੁਮਕਿਨ ਨਹੀਂ ਹੈ। ਉਸ ਨੇ ਦੱਸਿਆ ਕਿ ਸਿੱਖਾਂ ਨੂੰ ਮੋਟਰਸਾਈਕਲ ਚਲਾਉਣ ਦੀ ਆਜ਼ਾਦੀ ਮਿਲਣੀ ਚਾਹੀਦੀ ਹੈ। ਇਹ ਤਾਂ ਹੀ ਮੁਮਕਿਨ ਹੋ ਸਕਦਾ ਹੈ, ਜੇ ਇਸ ਸੰਬੰਧੀ ਇਹ ਬਿੱਲ ਪਾਸ ਕੀਤਾ ਜਾਵੇ। ਇਸ ਮੌਕੇ ਸੈਲਮਾ ਸਿਟੀ ਦੇ ਪਲਾਨਿੰਗ ਕਮਿਸ਼ਨਰ ਮਨਦੀਪ ਸਿੰਘ ਨੇ ਵੀ ਸਿੱਖਾਂ ਦੀ ਪੱਗ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਅਤੇ ਕਮੇਟੀ ਨੂੰ ਅਪੀਲ ਕੀਤੀ ਕਿ ਇਸ ਬਿੱਲ ਨੂੰ ਪਾਸ ਕਰਾਉਣ ਲਈ ਅੱਗੇ ਭੇਜਿਆ ਜਾਵੇ, ਤਾਂਕਿ ਸਿੱਖ ਇਥੇ ਪੱਗ ਬੰਨ੍ਹ ਕੇ ਅਤੇ ਹੈਲਮਟ ਤੋਂ ਬਿਨਾਂ ਮੋਟਰਸਾਈਕਲ ਚਲਾ ਸਕਣ। ਇਸ ਤੋਂ ਇਲਾਵਾ ਕੁੱਝ ਹੋਰ ਸਿੱਖ ਆਗੂਆਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਸਟੇਟ ਟਰਾਂਸਪੋਰਟੇਸ਼ਨ ਕਮੇਟੀ, ਜਿਨ੍ਹਾਂ ਦੇ ਮੈਂਬਰ ਇਸ ਸੰਬੰਧੀ ਕਾਨੂੰਨ ਦੇ ਮਾਹਰ ਹਨ, ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਕਿਹਾ ਕਿ ਅਸੀਂ ਸਿੱਖਾਂ ਦੇ ਧਾਰਮਿਕ ਚਿੰਨ੍ਹ ਦੀ ਕਦਰ ਕਰਦੇ ਹਾਂ। ਜੇ ਕੈਲੀਫੋਰਨੀਆ ਦੀ ਸਟੇਟ ਸੈਨੇਟ 'ਚ ਇਹ ਬਿੱਲ ਪਾਸ ਹੋ ਜਾਂਦਾ ਹੈ, ਕਾਨੂੰਨ ਦੀ ਸ਼ਕਲ ਅਖਤਿਆਰ ਕਰ ਲੈਂਦਾ ਹੈ, ਤਾਂ ਕੈਲੀਫੋਰਨੀਆ ਦਸਤਾਰ ਸਮੇਤ ਮੋਟਰਸਾਈਕਲ ਚਲਾਉਣ ਵਾਲਾ ਅਮਰੀਕਾ ਦੀ ਪਹਿਲੀ ਸਟੇਟ ਬਣ ਜਾਵੇਗਾ। ਇਸ ਬਿੱਲ ਨੂੰ ਸੈਨੇਟਰ ਬਰਾਇਨ ਡਾਹਲੀ ਨੇ ਕਾਨੂੰਨ ਦੇ ਮਾਹਰਾਂ ਅਤੇ ਪਲਾਨਿੰਗ ਕਮਿਸ਼ਨਰ ਮਨਦੀਪ ਸਿੰਘ ਦੀ ਮਦਦ ਨਾਲ ਤਿਆਰ ਕੀਤਾ ਹੈ।

ਸਿੱਖ ਪਿਛਲੇ 100 ਸਾਲ ਤੋਂ ਵੱਧ ਸਮੇਂ ਤੋਂ ਅਮਰੀਕਾ ਵਿਚ ਰਹਿ ਰਹੇ ਹਨ। ਪਰ ਸਿੱਖ 'ਤੇ ਦਸਤਾਰ ਪਹਿਨੀ ਹੋਣ ਕਾਰਨ ਉਹ ਇਥੇ ਮੋਟਰਸਾਈਕਲ ਚਲਾਉਣ ਤੋਂ ਵਾਂਝੇ ਹਨ।

ਜ਼ਿਕਰਯੋਗ ਹੈ ਕਿ ਭਾਰਤ ਸਮੇਤ ਕੁੱਝ ਹੋਰ ਵੱਖ-ਵੱਖ ਦੇਸ਼ਾਂ ਵਿਚ ਵੀ ਸਿੱਖਾਂ ਨੂੰ ਦਸਤਾਰ ਨਾਲ ਮੋਟਰਸਾਈਕਲ ਚਲਾਉਣ ਦੀ ਇਜਾਜ਼ਤ ਮਿਲ ਚੁੱਕੀ ਹੈ।

## ਰਾਜਨੀਤਿਕ ਪਾਰਟੀਆਂ ਲਈ ਵਕਾਰ ਦਾ ਸਵਾਲ ਬਣੀ ਜਲੰਧਰ ਜ਼ਿਮਨੀ ਚੋਣ

- ਚੋਣ ਮੈਦਾਨ ਪੂਰੀ ਤਰ੍ਹਾਂ ਭੱਖਿਆ
- ਪਾਰਟੀ ਦੇ ਵੱਡੇ ਆਗੂ ਆਪਣੇ ਉਮੀਦਵਾਰਾਂ ਨੂੰ ਜਿਤਾਉਣ ਲਈ ਪੂਰੀ ਲਾ ਰਹੇ ਵਾਹ


ਕਰਮਜੀਤ ਕੌਰ ਚੌਧਰੀ (ਕਾਂਗਰਸ) ਸੁਸ਼ੀਲ ਕੁਮਾਰ ਰਿੰਕੂ (ਆਪ) ਡਾ. ਸੁਖਵਿੰਦਰ ਕੁਮਾਰ ਸੁੱਖੀ (ਅਕਾਲੀ ਦਲ-ਬਸਪਾ) ਇੰਦਰ ਇਕਬਾਲ ਸਿੰਘ ਅਟਵਾਲ (ਬੀਜੇਪੀ)


**ਜਲੰਧਰ, (ਪੰਜਾਬ ਮੇਲ)-** ਲੋਕ ਸਭਾ ਹਲਕਾ ਜਲੰਧਰ ਦੀ ਜ਼ਿਮਨੀ ਚੋਣ 10 ਮਈ ਨੂੰ ਹੋਣ ਜਾ ਰਹੀ ਹੈ। ਇਥੇ ਚੋਣ ਮੈਦਾਨ ਪੂਰੀ ਤਰ੍ਹਾਂ ਭੱਖਦਾ ਨਜ਼ਰ ਆ ਰਿਹਾ ਹੈ। ਜਿੱਥੇ ਵੱਖ-ਵੱਖ ਉਮੀਦਵਾਰ ਨੁੱਕੜ ਮੀਟਿੰਗਾਂ ਕਰ ਰਹੇ ਹਨ, ਉਥੇ ਪਾਰਟੀ ਦੇ ਵੱਡੇ ਆਗੂ ਆਪਣੇ ਉਮੀਦਵਾਰਾਂ ਨੂੰ ਜਿਤਾਉਣ ਲਈ ਪੂਰੀ ਵਾਹ ਲਾ ਰਹੇ ਹਨ। ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ 'ਰਿੰਕੂ' ਦੀ ਹਮਾਇਤ ਵਿਚ ਮੁੱਖ ਮੰਤਰੀ ਭਗਵੰਤ ਮਾਨ ਖੁਦ ਹਲਕੇ ਦੇ ਦੌਰਾ ਕਰ ਚੁੱਕੇ ਹਨ ਅਤੇ 6 ਮਈ ਤੋਂ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਚੋਣ ਕਮਾਂਡ ਸੰਭਾਲਣਗੇ। ਇਥੇ ਉਹ ਰੋਡ ਸ਼ੋਅ ਅਤੇ ਰੈਲੀ ਵੀ ਕਰਨਗੇ। ਇਥੇ ਜ਼ਿਕਰਯੋਗ ਹੈ ਕਿ ਇਸ ਚੋਣ ਤੋਂ ਕੁੱਝ ਦਿਨ ਪਹਿਲਾਂ ਹੀ ਵਿਰੋਧੀ ਧਿਰਾਂ ਦੇ ਹੱਥ ਵੱਡਾ ਮੁੱਦਾ ਆਇਆ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਇਕ 'ਆਪ' ਮੰਤਰੀ ਦਾ ਅਸ਼ਲੀਲ ਵੀਡੀਓ ਰਾਜਪਾਲ ਨੂੰ ਸੌਂਪਿਆ ਗਿਆ ਹੈ। ਪਰ ਹਾਲੇ ਇਸ ਬਾਰੇ ਕੁੱਝ ਸਪੱਸ਼ਟ ਨਹੀਂ ਹੋ ਸਕਿਆ ਕਿ ਉਹ ਵੀਡੀਓ ਅਸਲੀ ਹੈ ਕਿ ਨਹੀਂ।

ਉਧਰ ਸ਼੍ਰੋਮਣੀ ਅਕਾਲੀ ਦਲ-ਬਸਪਾ ਗਠਜੋੜ ਵੱਲੋਂ ਬੰਗਾ ਹਲਕੇ ਦੇ ਮੌਜੂਦਾ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਵੀ ਆਪਣੀ ਪੂਰੀ ਵਾਹ ਲਾ ਰਹੇ ਹਨ।

■ ਬਾਕੀ ਖਬਰ ਸਫਾ 15 'ਤੇ

## ਗੁਰਜਤਿੰਦਰ ਰੰਧਾਵਾ ਦੀ ਕਿਤਾਬ 'ਆਵਾਜ਼-ਏ-ਪ੍ਰਵਾਸ' ਸੈਕਰਾਮੈਂਟੋ 'ਚ ਹੋਈ ਰਿਲੀਜ਼


ਸੈਕਰਾਮੈਂਟੋ 'ਚ ਗੁਰਜਤਿੰਦਰ ਰੰਧਾਵਾ ਦੀ ਕਿਤਾਬ 'ਆਵਾਜ਼-ਏ-ਪ੍ਰਵਾਸ' ਨੂੰ ਰਿਲੀਜ਼ ਕਰਨ ਦੌਰਾਨ ਹਾਜ਼ਰ ਸ਼ਖਸੀਅਤਾਂ।




**ਸੈਕਰਾਮੈਂਟੋ, (ਪੰਜਾਬ ਮੇਲ)-** ਪੰਜਾਬ ਮੇਲ ਯੂ.ਐੱਸ.ਏ. ਅਖਬਾਰ ਦੇ ਮੁੱਖ ਸੰਪਾਦਕ ਗੁਰਜਤਿੰਦਰ ਸਿੰਘ ਰੰਧਾਵਾ ਦੀ ਕਿਤਾਬ 'ਆਵਾਜ਼-ਏ-ਪ੍ਰਵਾਸ' ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ ਵੱਲੋਂ ਆਯੋਜਿਤ ਇਕ ਸਮਾਗਮ ਦੌਰਾਨ ਰਿਲੀਜ਼ ਕੀਤੀ ਗਈ। ਇਸ ਮੌਕੇ ਵੱਡੀ ਗਿਣਤੀ ਵਿਚ ਸਾਹਿਤਕਾਰ ਪਹੁੰਚੇ ਹੋਏ ਸਨ। ਸ. ਰੰਧਾਵਾ ਨੇ ਕਿਤਾਬ ਬਾਰੇ ਜਾਣਕਾਰੀ ਦਿੰਦੇ ਦੱਸਿਆ ਕਿ ਇਸ ਵਿਚ ਪੰਜਾਬ ਮੇਲ ਅਖ਼ਬਾਰ ਦੀਆਂ ਸੰਪਾਦਕੀਆਂ ਨੂੰ ਕਿਤਾਬ ਦਾ ਰੂਪ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਲੇਖਾਂ ਵਿਚ ਵੱਖ-ਵੱਖ ਮੁੱਦਿਆਂ ਨੂੰ ਉਜਾਗਰ ਕੀਤਾ ਗਿਆ ਹੈ, ਜਿਨ੍ਹਾਂ ਵਿਚੋਂ ਬਹੁਤੇ ਪ੍ਰਵਾਸੀ ਪੰਜਾਬੀਆਂ ਨਾਲ ਸੰਬੰਧਤ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸੰਪਾਦਕੀਆਂ ਵਿਚ ਅਮਰੀਕਾ ਸਮੇਤ ਦੁਨੀਆਂ ਭਰ ਵਿਚ ਵਾਪਰ ਰਹੀਆਂ ਚਲੰਤ ਘਟਨਾਵਾਂ ਬਾਰੇ ਹੀ ਨਹੀਂ, ਸਗੋਂ ਬਹੁਤ ਸਾਰੇ ਰਾਜਸੀ ਵਿਚਾਰਧਾਰਕ ਅਤੇ ਕੌਮਾਂਤਰੀ ਮੁੱਦਿਆਂ ਬਾਰੇ ਬੜੀਆਂ ਗਹਿਰ ਗੰਭੀਰ ਟਿੱਪਣੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਇਹ ਕਿਤਾਬ ਆਉਣ ਵਾਲੇ ਸਮੇਂ 'ਚ ਇਤਿਹਾਸ ਦੇ ਹਵਾਲੇ ਵਜੋਂ ਵਰਤੀ ਜਾ ਸਕਦੀ ਹੈ। ਆਏ ਹੋਏ ਸਮੂਹ ਸਾਹਿਤਕਾਰਾਂ ਨੇ ਸ. ਗੁਰਜਤਿੰਦਰ ਸਿੰਘ ਰੰਧਾਵਾ ਨੂੰ ਨਵੀਂ ਕਿਤਾਬ ਛਾਪਣ 'ਤੇ ਵਧਾਈ ਦਿੱਤੀ।

ਜ਼ਿਕਰਯੋਗ ਹੈ ਕਿ ਸ. ਰੰਧਾਵਾ ਵੱਲੋਂ ਲਿਖੀ ਇਹ ਛੇਵੀਂ ਕਿਤਾਬ ਸੀ। ਇਸ ਤੋਂ ਪਹਿਲਾਂ ਉਹ 'ਸਮੇਂ ਦਾ ਸੱਚ', 'ਪ੍ਰਵਾਸੀ ਪੈੜਾਂ', 'ਪ੍ਰਵਾਸੀ ਨਿਗਾਹਾਂ', 'ਪ੍ਰਵਾਸੀ ਸੰਘਰਸ਼' ਤੇ 'ਪ੍ਰਵਾਸੀ ਮੁੱਦੇ' ਵੀ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਨ।

## APCA ਦਾ ਟਰੇਡ ਸ਼ੋਅ ਕਾਮਯਾਬੀ ਨਾਲ ਹੋਇਆ ਸੰਪੰਨ



ਟਰੇਡ ਸ਼ੋਅ ਦੌਰਾਨ ਪੇਸ਼ਕਾਰੀ ਕਰਦੇ ਹੋਏ ਗਾਇਕ ਮਲਕੀਤ ਸਿੰਘ ਅਤੇ ਟਰੇਡ ਸ਼ੋਅ ਦੇ ਉਦਘਾਟਨ ਦੌਰਾਨ ਹਾਜ਼ਰ ਸ਼ਖਸੀਅਤਾਂ।


**ਮਡੈਸਟੋ, (ਪੰਜਾਬ ਮੇਲ)-** ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨੀਅੰਸ ਸਟੋਰ ਐਸੋਸੀਏਸ਼ਨ (APCA) ਵੱਲੋਂ ਟਰੇਡ ਸ਼ੋਅ ਦਾ ਆਯੋਜਨ ਕੀਤਾ ਗਿਆ। ਮਡੈਸਟੋ ਸੈਂਟਰ ਪਲਾਜ਼ਾ ਵਿਖੇ ਹੋਏ ਇਸ ਟਰੇਡ ਸ਼ੋਅ ਵਿਚ 105 ਦੇ ਕਰੀਬ ਵੈਂਡਰਾਂ ਨੇ ਆਪਣੇ ਬੂਥ ਲਾਏ, ਜੋ ਕਿ ਵੱਖ-ਵੱਖ ਪ੍ਰੋਡਕਟਸ ਨਾਲ ਸੰਬੰਧਤ ਸਨ। ਭਾਰੀ ਗਿਣਤੀ ਵਿਚ ਆਏ ਸਟੋਰ ਮਾਲਕਾਂ ਨੇ ਇਨ੍ਹਾਂ ਵੈਂਡਰਾਂ ਤੋਂ ਜਿੱਥੇ ਵਧੀਆ ਡੀਲਸ ਲਈਆਂ, ਉਥੇ ਆਪਣੇ ਵਪਾਰ ਨਾਲ ਸੰਬੰਧਤ ਬਹੁਤ ਸਾਰੀ ਜਾਣਕਾਰੀ ਹਾਸਲ ਕੀਤੀ। ਟਰੇਡ ਸ਼ੋਅ ਦੀ ਸ਼ੁਰੂਆਤ ਰੀਬਨ ਕੱਟ ਕੇ ਹੋਈ। ਇਸ ਮੌਕੇ APCA ਦੇ ਡਾਇਰੈਕਟਰ ਅਤੇ ਹੋਰ ਅਹੁਦੇਦਾਰ ਹਾਜ਼ਰ ਸਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬੌਬ ਔਜਲਾ, ਸੰਜੀਵ ਪਟੇਲ, ਜੀਵਤੇਸ਼ ਗਿੱਲ, ਪਾਲ ਹੇਅਰ, ਬੌਬੀ ਐਲਨ, ਕੇਵਲ ਕ੍ਰਿਸ਼ਨ, ਗੌਰੀ ਕੋਵਥਾ, ਮੈਨੀ ਗਰੇਵਾਲ, ਗੈਰੀ ਸਿੰਘ, ਇੰਦਰ ਦੋਸਾਂਝ, ਏ.ਜੀ. ਚੌਧਰੀ, ਪੁਨੀਤ ਬੈਂਸ, ਜੀਤ ਸੰਧੂ, ਐਂਡੀ ਚਿਤਕਾਰਾ, ਰੌਕੀ ਮੱਲੀ, ਬਲਜੀਤ ਬਾਸੀ, ਜੱਸੀ ਸ਼ੇਰਗਿੱਲ, ਪਰਮਜੀਤ ਖਹਿਰਾ, ਬਿੱਟੂ ਰਾਏ, ਦਲਜੀਤ ਸਿੰਘ ਬਸਾਂਤੀ ਰੀਨੋ, ਅਵਤਾਰ ਸਿੰਘ ਬਸਾਂਤੀ, ਮਨਰਾਜ ਸਮਰਾ, ਸੁੱਖੀ ਸੰਧੂ, ਅਮਰਜੀਤ ਸੱਗੂ, ਹਰਜਿੰਦਰ ਧਾਮੀ, ਖੁਸ਼ਵਿੰਦਰ ਸਿੰਘ, ਕਿੰਨੀ ਚਿਤਕਾਰਾ ਅਤੇ ਚੜ੍ਹਦਾ ਪੰਜਾਬ ਕਲੱਬ ਦੇ ਹੋਰ ਵੀ ਬਹੁਤ ਸਾਰੇ ਆਗੂ ਹਾਜ਼ਰ ਸਨ। ਇਸ ਤੋਂ ਇਲਾਵਾ ਟਰੇਡ ਸ਼ੋਅ 'ਚ ਅਮਰੀਕਾ ਦੇ ਚੁਣੇ ਹੋਏ ਹੋਰ ਵੀ ਆਗੂਆਂ ਨੇ ਸ਼ਮੂਲੀਅਤ ਕੀਤੀ, ਜਿਨ੍ਹਾਂ ਵਿਚ ਅਸੈਂਬਲੀ ਮੈਂਬਰ ਜਸਮੀਤ ਕੌਰ ਬੈਂਸ, ਅਸੈਂਬਲੀ ਮੈਂਬਰ ਜੁਆਨ ਅਲੈਨੀਸ, ਕਾਊਂਟੀ ਸੁਪਰਵਾਈਜ਼ਰ ਮੈਨੀ ਗਰੇਵਾਲ, ਮੇਅਰ ਬੌਬੀ ਸਿੰਘ ਐਲਨ, ਮੇਅਰ ਗੈਰੀ ਸਿੰਘ ਸ਼ਾਮਲ ਸਨ।

ਟਰੇਡ ਸ਼ੋਅ ਦੀ ਸਮਾਪਤੀ ਤੋਂ ਉਪਰੰਤ ਪੰਜਾਬੀ ਦੇ ਉੱਘੇ ਗਾਇਕ ਗੋਲਡਨ ਸਟਾਰ ਮਲਕੀਤ ਸਿੰਘ ਦੇ ਸ਼ੋਅ ਦਾ ਆਯੋਜਨ ਕੀਤਾ ਗਿਆ। ਇਸ ਸ਼ੋਅ ਵਿਚ ਸਟੋਰ ਮਾਲਕ ਪਰਿਵਾਰਾਂ ਸਮੇਤ ਪਹੁੰਚੇ ਹੋਏ ਸਨ। ਖਚਾਖਚ ਭਰੇ ਹਾਲ ਵਿਚ ਮਲਕੀਤ ਸਿੰਘ ਨੇ ਆਪਣੇ ਬਹੁਤ ਸਾਰੇ ਨਵੇਂ, ਪੁਰਾਣੇ ਗੀਤ ਦਰਸ਼ਕਾਂ ਸਾਹਮਣੇ ਪੇਸ਼ ਕੀਤੇ, ਜਿਸ ਦਾ ਦਰਸ਼ਕਾਂ ਨੇ ਭਰਪੂਰ ਆਨੰਦ ਮਾਣਿਆ। ਸਟੇਜ ਦੀ ਸੇਵਾ ਜੋਤ ਰਣਜੀਤ ਨੇ ਬਾਖੂਬੀ ਨਿਭਾਈ। ਕੁੱਲ ਮਿਲਾ ਕੇ ਇਹ ਸਮਾਗਮ ਕਾਮਯਾਬ ਰਿਹਾ।

■ ਬਾਕੀ ਫੋਟੋਆਂ ਸਫਾ 2-3 'ਤੇ ਦੇਖੋ

## ਕੈਨੇਡਾ ਦੇ 25 ਮੋਸਟ ਵਾਂਟੇਡ ਦੋਸ਼ੀਆਂ ਦੀ ਸੂਚੀ 'ਚ ਗੋਲਡੀ ਬਰਾੜ

- 'ਬੋਲੋ' ਤਹਿਤ ਜਾਰੀ 25 ਵਾਂਟੇਡ ਅਪਰਾਧੀਆਂ ਦੀ ਲਿਸਟ 'ਚ ਗੋਲਡੀ ਬਰਾੜ 15ਵੇਂ ਨੰਬਰ 'ਤੇ



ਗੋਲੇ ਵਿਚ 15ਵੇਂ ਨੰਬਰ 'ਤੇ ਗੋਲਡੀ ਬਰਾੜ।

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਸਰਕਾਰ ਨੇ ਸਤਿੰਦਰ ਸਿੰਘ ਬਰਾੜ ਉਰਫ਼ ਗੋਲਡੀ ਬਰਾੜ, ਜੋ ਕਿ ਉੱਘੇ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਦਾ ਮੁੱਖ ਸਾਜਿਸ਼ਘਾੜਾ ਹੈ, ਦਾ ਨਾਂਅ ਦੇਸ਼ ਦੇ ਸਭ ਤੋਂ ਖ਼ਤਰਨਾਕ ਲੋੜੀਂਦੇ 25 ਗੈਂਗਸਟਰਾਂ ਦੀ ਸੂਚੀ 'ਚ ਸ਼ਾਮਲ ਕਰ ਦਿੱਤਾ ਹੈ। 'ਬੋਲੋ (ਬੀ ਆਨ ਦ ਲੁਕਆਊਟ) ਪ੍ਰੋਗਰਾਮ' ਦੀ ਸੂਚੀ ਅਨੁਸਾਰ ਗੋਲਡੀ ਬਰਾੜ ਹੱਤਿਆ ਦੇ ਮਾਮਲੇ 'ਚ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੂੰ ਲੋੜੀਂਦਾ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਲਾਰੈਂਸ ਬਿਸ਼ਨੋਈ ਗੈਂਗਸਟਰ ਗਿਰੋਹ ਦਾ

■ ਬਾਕੀ ਖਬਰ ਸਫਾ 15 'ਤੇ

### ਬੇਅੰਤ ਸਿੰਘ ਕਤਲ ਮਾਮਲਾ

## ਕੋਰਟ ਵੱਲੋਂ ਬਲਵੰਤ ਰਾਜੋਆਣਾ ਦੀ ਮੌਤ ਦੀ ਸਜ਼ਾ ਉਮਰ ਕੈਦ 'ਚ ਬਦਲਣ ਤੋਂ ਇਨਕਾਰ



**ਨਵੀਂ ਦਿੱਲੀ, (ਪੰਜਾਬ ਮੇਲ)-** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਮਾਮਲੇ 'ਚ ਸਜ਼ਾ ਕੱਟ ਰਹੇ ਬਲਵੰਤ ਸਿੰਘ ਰਾਜੋਆਣਾ ਨੂੰ ਲੈ ਕੇ ਸੁਪਰੀਮ ਕੋਰਟ ਨੇ ਵੱਡਾ ਫ਼ੈਸਲਾ ਸੁਣਾਇਆ ਹੈ।

■ ਬਾਕੀ ਖਬਰ ਸਫਾ 15 'ਤੇ

# APCA ਦਾ ਟਰੇਡ ਸ਼ੋਅ ਕਾਮਯਾਬੀ ਨਾਲ ਹੋਇਆ ਸੰਪੰਨ






















# APCA ਦਾ ਟਰੇਡ ਸ਼ੋਅ ਕਾਮਯਾਬੀ ਨਾਲ ਹੋਇਆ ਸੰਪੰਨ






























# ਬਾਇਡਨ ਵੱਲੋਂ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ-ਮੈਕਸੀਕੋ ਸਰਹੱਦ ਪਾਰ ਕਰਨ ਤੋਂ ਰੋਕਣ ਲਈ ਯੋਜਨਾ ਦਾ ਐਲਾਨ



ਵਾਸ਼ਿੰਗਟਨ, (ਪੰਜਾਬ ਮੇਲ)- ਬਾਇਡਨ ਪ੍ਰਸ਼ਾਸਨ ਨੇ ਵੀਰਵਾਰ ਨੂੰ ਪ੍ਰਵਾਸੀਆਂ ਨੂੰ ਗੈਰ-ਕਾਨੂੰਨੀ ਤੌਰ ’ਤੇ ਅਮਰੀਕਾ-ਮੈਕਸੀਕੋ ਸਰਹੱਦ ਪਾਰ ਕਰਨ ਤੋਂ ਰੋਕਣ ਲਈ ਯੋਜਨਾਵਾਂ ਦਾ ਐਲਾਨ ਕੀਤਾ। ਯੋਜਨਾ ਵਿਚ ਸਰਹੱਦ ਪਾਰ ਕਰਨ ਵਾਲਿਆਂ ’ਤੇ ਰੋਕਥਾਮ ਦੀ ਕਾਰਵਾਈ ਅਤੇ ਖਤਰਨਾਕ ਯਾਤਰਾ ਦੇ ਵਿਕਲਪ ਵਜੋਂ ਨਵਾਂ ਰੂਟ ਪ੍ਰਦਾਨ ਕਰਨ ਦੇ 2 ਤਰੀਕਿਆਂ ਦਾ ਜ਼ਿਕਰ ਕੀਤਾ ਗਿਆ ਹੈ।

ਇਨ੍ਹਾਂ ਯਤਨਾਂ ਵਿਚ ਉਨ੍ਹਾਂ ਲੋਕਾਂ ਲਈ ਸੰਯੁਕਤ ਰਾਜ ਤੋਂ ਬਾਹਰ ਪ੍ਰੋਸੈਸਿੰਗ ਸੈਂਟਰ ਖੋਲ੍ਹਣਾ ਸ਼ਾਮਲ ਹੈ, ਜੋ ਹਿੰਸਾ ਅਤੇ ਗਰੀਬੀ ਦੇ ਮਾਹੌਲ ’ਚੋਂ ਨਿਕਲ ਕੇ ਅਮਰੀਕਾ, ਸਪੇਨ ਜਾਂ ਕੈਨੇਡਾ ਵਿਚ ਕਾਨੂੰਨੀ ਤੌਰ ’ਤੇ ਪਰਵਾਸ ਕਰਨ ਲਈ ਅਰਜ਼ੀ ਦਿੰਦੇ ਹਨ। ਸ਼ੁਰੂਆਤੀ ਪ੍ਰੋਸੈਸਿੰਗ ਕੇਂਦਰ ਗੁਆਟੇਮਾਲਾ ਅਤੇ ਕੋਲੰਬੀਆ ਵਿਚ ਖੋਲ੍ਹੇ ਜਾਣਗੇ, ਉਸ ਤੋਂ ਬਾਅਦ ਹੋਰ ਖੁੱਲ੍ਹਣਗੇ।

ਪ੍ਰਸ਼ਾਸਨ ਪਨਾਹ ਮੰਗਣ ਵਾਲੇ ਪ੍ਰਵਾਸੀਆਂ ਦੀ ਬਾਰਡਰ ਸਕ੍ਰੀਨਿੰਗ ਨੂੰ ਤੇਜ਼ ਕਰਨ, ਅਯੋਗ ਮੰਨੇ ਗਏ ਲੋਕਾਂ ਨੂੰ ਤੇਜ਼ੀ ਨਾਲ ਦੇਸ਼ ਨਿਕਾਲਾ ਦੇਣ ਅਤੇ ਗੈਰ-ਕਾਨੂੰਨੀ ਤੌਰ ’ਤੇ ਅਮਰੀਕਾ ’ਚ ਦਾਖਲ ਹੋਣ ਵਾਲਿਆਂ ਨੂੰ ਸਜ਼ਾ ਦੇਣ ਦੀ ਯੋਜਨਾ ਬਣਾ ਰਿਹਾ ਹੈ। ਦੇਸ਼ ਦੀਆਂ ਸੜਕਾਂ ਅਮਰੀਕੀ ਸਰਹੱਦ ਵੱਲ ਜਾਂਦੀਆਂ ਹਨ ਪਰ ਇਹ ਸਪੱਸ਼ਟ ਨਹੀਂ ਹੈ ਕਿ ਕੀ ਇਹ ਉਪਾਅ ਰਾਜਨੀਤਿਕ ਅਤੇ ਆਰਥਿਕ ਟਕਰਾਅ ਤੋਂ ਪ੍ਰਭਾਵਿਤ ਦੇਸ਼ਾਂ ਤੋਂ ਭੱਜਣ ਵਾਲੇ ਪ੍ਰਵਾਸੀਆਂ ਦੇ ਪ੍ਰਵਾਹ ਨੂੰ ਹੌਲੀ ਕਰਨ ਲਈ ਕੰਮ ਕਰਨਗੇ ਜਾਂ ਨਹੀਂ।

# ਸੰਯੁਕਤ ਰਾਜ ਅਮਰੀਕਾ ’ਤੇ ਡਿਫਾਲਟ ਹੋਣ ਦਾ ਖਤਰਾ!

- 1 ਜੂਨ ਤੋਂ ਬਾਅਦ ਸਰਕਾਰ ਕੋਲ ਖਰਚ ਕਰਨ ਲਈ ਨਹੀਂ ਹੋਵੇਗਾ ਪੈਸਾ
- ਅਮਰੀਕੀ ਰਾਸ਼ਟਰਪਤੀ 9 ਮਈ ਨੂੰ ਕਰਨਗੇ ਅਹਿਮ ਮੀਟਿੰਗ



ਵਾਸ਼ਿੰਗਟਨ, (ਪੰਜਾਬ ਮੇਲ)- ਦੁਨੀਆਂ ਇੱਕ ਵੱਡੇ ਆਰਥਿਕ ਸੰਕਟ ਵੱਲ ਵਧ ਰਹੀ ਹੈ ਕਿਉਂਕਿ ਸੰਯੁਕਤ ਰਾਜ ਅਮਰੀਕਾ ਇਸ ਸਮੇਂ ਵੱਡੀ ਮੁਸੀਬਤ ਵਿਚ ਹੈ। ਦਰਅਸਲ ਅਮਰੀਕੀ ਸਰਕਾਰ ਕੋਲ ਹੁਣ ਬਿੱਲਾਂ ਦਾ ਭੁਗਤਾਨ ਕਰਨ ਲਈ ਪੈਸੇ ਨਹੀਂ ਹਨ। ਅਮਰੀਕੀ ਖਜ਼ਾਨਾ ਵਿਭਾਗ ਦੀ ਮੁਖੀ ਜੈਨੇਟ ਯੇਲੇਨ ਨੇ ਆਪਣੇ ਪੱਤਰ ਵਿਚ ਖਦਸ਼ਾ ਪ੍ਰਗਟਾਇਆ ਹੈ ਕਿ 1 ਜੂਨ ਤੋਂ ਬਾਅਦ ਅਮਰੀਕੀ ਸਰਕਾਰ ਕੋਲ ਖਰਚ ਕਰਨ ਲਈ ਪੈਸਾ ਨਹੀਂ ਹੋਵੇਗਾ ਅਤੇ ਜੇਕਰ ਦੇਸ਼ ਡਿਫਾਲਟ ਕਰਦਾ ਹੈ, ਤਾਂ ਇਸ ਦੇ ਭਿਆਨਕ ਨਤੀਜੇ ਨਿਕਲਣਗੇ।

ਇਸ ਸਮੇਂ ਅਮਰੀਕਾ ਵਿਚ ਸਰਕਾਰ ਦੀ ਖਰਚ ਕਰਨ ਦੀ ਸਮਰੱਥਾ 31.4 ਟ੍ਰਿਲੀਅਨ ਡਾਲਰ ਹੈ, ਜਿਸ ਨੂੰ ਸਰਕਾਰ ਪੂਰੀ ਤਰ੍ਹਾਂ ਖਰਚ ਕਰ ਚੁੱਕੀ ਹੈ, ਇਸ ਲਈ ਹੁਣ ਅਮਰੀਕਾ ਦੀ ਸੰਘੀ ਸਰਕਾਰ ਕੋਲ ਆਪਣਾ ਕਰਜ਼ਾ ਦੇਣ ਲਈ ਪੈਸਾ ਨਹੀਂ ਬਚਿਆ ਹੈ, ਇਸ ਲਈ ਦੇਸ਼ ਦੇ ਡਿਫਾਲਟ ਹੋਣ ਦਾ ਖਤਰਾ ਹੈ।

ਰਿਪਬਲਿਕਨ ਪਾਰਟੀ ਦੇ ਵਾਰ-ਵਾਰ ਬੇਨਤੀਆਂ ਦੇ ਬਾਵਜੂਦ ਬਾਇਡਨ ਪ੍ਰਸ਼ਾਸਨ ਨੇ ਅਮਰੀਕੀ ਸਰਕਾਰ ਦੇ ਖਰਚਿਆਂ ’ਚ ਕਟੌਤੀ ਨਹੀਂ ਕੀਤੀ, ਜਿਸ ਕਾਰਨ ਖਜ਼ਾਨਾ ਖਾਲੀ ਹੈ। ਇਸ ਲਈ, ਰਿਪਬਲਿਕਨ ਪਾਰਟੀ ਹੁਣ ਸੰਸਦ ਵਿਚ ਸਰਕਾਰੀ ਖਰਚੇ ਵਿਚ ਵਾਧੇ ਦੀ ਇਜਾਜ਼ਤ ਦੇਣ ਦੀ ਸੰਭਾਵਨਾ ਨਹੀਂ ਹੈ।

ਰਾਸ਼ਟਰਪਤੀ ਜੋਅ ਬਾਇਡਨ ਨੇ ਸੰਕਟ ਦੇ ਹੱਲ ਲਈ 9 ਮਈ ਨੂੰ ਰਿਪਬਲਿਕਨ ਅਤੇ ਡੈਮੋਕ੍ਰੇਟਿਕ ਨੇਤਾਵਾਂ ਦੀ ਬੈਠਕ ਬੁਲਾਈ ਹੈ, ਜੋ ਇਹ ਤੈਅ ਕਰੇਗੀ ਕਿ ਰਿਪਬਲਿਕਨ ਪਾਰਟੀ ਕਰਜ਼ੇ ਦੀ ਸੀਮਾ ਵਧਾਉਣ ਲਈ ਸਹਿਮਤ ਹੋਵੇਗੀ ਜਾਂ ਨਹੀਂ।

# ਅਮਰੀਕੀ ਸੰਸਦ ਮੈਂਬਰਾਂ ਤੋਂ ਗ੍ਰੀਨ ਕਾਰਡ ਲਈ ਦੇਸ਼ਾਂ ਦੇ ਆਧਾਰ ’ਤੇ 7 ਫ਼ੀਸਦੀ ਕੈਪ ਹਟਾਉਣ ਦੀ ਅਪੀਲ



ਵਾਸ਼ਿੰਗਟਨ, (ਪੰਜਾਬ ਮੇਲ)- ਸਿਲੀਕਾਨ ਵੈਲੀ ਦੇ ਭਾਰਤੀ-ਅਮਰੀਕੀ ਭਾਈਚਾਰੇ ਦੇ ਪ੍ਰਮੁੱਖ ਨੇਤਾ ਅਤੇ ਉਦਯੋਗਪਤੀ ਅਜੈ ਜੈਨ ਭੂਟੋਰੀਆ ਨੇ ਅਮਰੀਕੀ ਸੰਸਦ ਮੈਂਬਰਾਂ ਨੂੰ ਗ੍ਰੀਨ ਕਾਰਡ ਲਈ ਦੇਸ਼ਾਂ ਦੇ ਆਧਾਰ ’ਤੇ ਮੌਜੂਦ 7 ਫ਼ੀਸਦੀ ਕੈਪ ਨੂੰ ਹਟਾਉਣ ਦੀ ਅਪੀਲ ਕੀਤੀ ਹੈ। ਗ੍ਰੀਨ ਕਾਰਡ ਜਾਂ ਸਥਾਈ ਨਿਵਾਸ ਦਰਜਾ ਅਮਰੀਕਾ ਵਿਚ ਪ੍ਰਵਾਸੀਆਂ ਨੂੰ ਜਾਰੀ ਕੀਤਾ ਜਾਂਦਾ ਹੈ, ਜਿਸ ਵਿਅਕਤੀ ਕੋਲ ਗ੍ਰੀਨ ਕਾਰਡ ਹੁੰਦਾ ਹੈ, ਉਹ ਦੇਸ਼ ਵਿਚ ਪੱਕੇ ਤੌਰ ’ਤੇ ਰਹਿ ਸਕਦਾ ਹੈ। ਰਾਜਧਾਨੀ ’ਚ ਆਯੋਜਿਤ ‘ਅਮਰੀਕਾ-ਭਾਰਤ ਸਿਖ਼ਰ ਸੰਮੇਲਨ’ ’ਚ ਬੋਲਦੇ ਹੋਏ ਭੂਟੋਰੀਆ ਨੇ ਕਿਹਾ ਕਿ ਜੇਕਰ ਐੱਚ-1 ਵੀਜ਼ਾ ’ਤੇ ਕੋਈ ਕੈਪ ਨਹੀਂ ਹੈ, ਤਾਂ ਇਹ ਗ੍ਰੀਨ ਕਾਰਡ ਲਈ ਕਿਉਂ ਹੈ।

ਇੱਥੇ ਆਯੋਜਿਤ ਸਿਖ਼ਰ ਸੰਮੇਲਨ ’ਚ ਭੂਟੋਰੀਆ ਨੇ ਕਿਹਾ, “ਜਦੋਂ ਸਾਡੇ ਕੋਲ ਆਪਣੀਆਂ ਕੰਪਨੀਆਂ, ਕਾਰੋਬਾਰ ਅਤੇ ਅਰਥਵਿਵਸਥਾ ਦਾ ਸਮਰਥਨ ਕਰਨ ਲਈ ਐੱਚ-1 ਵੀਜ਼ਾ ਦੇਣ ਦੀ ਦੇਸ਼ ਦੀ ਸੀਮਾ ਨਹੀਂ ਹੈ, ਤਾਂ ਗ੍ਰੀਨ ਕਾਰਡ ਦੀ ਸੀਮਾ ਕਿਉਂ ਜ਼ਰੂਰੀ ਹੈ।’ ਗ੍ਰੀਨ ਕਾਰਡ ਨੂੰ ਲੈ ਕੇ ਦੇਸ਼ਾਂ ਦੇ ਹਿਸਾਬ ਨਾਲ ਗਿਣਤੀ ਦੀ ਸੀਮਾ ਹੈ।

## ਵਿਦਿਆਰਥੀ ’ਤੇ ਹਮਲਾ ਤੇ ਨਸਲੀ ਟਿੱਪਣੀਆਂ ਕਰਨ ਦੇ ਮਾਮਲੇ ’ਚ 4 ਗ੍ਰਿਫਤਾਰ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ) -ਅਮਰੀਕਾ ਦੇ ਪੈਨਸਿਲਵਾਨੀਆ ਰਾਜ ਵਿਚ ਸਥਿਤ ਲੀਹਾਈ ਯੂਨੀਵਰਸਿਟੀ ਦੇ ਇਕ ਕਾਲੇ ਵਿਦਿਆਰਥੀ ’ਤੇ ਕਥਿਤ ਤੌਰ ’ਤੇ ਹਮਲਾ ਕਰਨ ਤੇ ਨਸਲੀ ਟਿੱਪਣੀਆਂ ਕਰਨ ਦੇ ਮਾਮਲੇ ਵਿਚ 4 ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਦੀ ਰਿਪੋਰਟ ਹੈ। ਨਾਰਥੈਂਪਟਨ ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਅਨੁਸਾਰ ਗ੍ਰਿਫਤਾਰ ਵਿਅਕਤੀਆਂ ਵਿਚ ਬਰੈਡਨ ਜੌਹਨ (22), ਮਿਸ਼ੈਲ ਰੋਸਟਾ (21), ਨਾਬਿਲ ਜਮੀਲ (22) ਤੇ ਕੈਮਰਨ ਗਰਾਫ (22) ਸ਼ਾਮਿਲ ਹਨ। ਇਨ੍ਹਾਂ ਵਿਰੁੱਧ ਵੱਖ-ਵੱਖ ਦੋਸ਼ ਆਇਦ ਕੀਤੇ ਗਏ ਹਨ, ਜਿਨ੍ਹਾਂ ਵਿਚ ਹਮਲਾ ਕਰਨ, ਲੁੱਟਮਾਰ ਤੇ ਪ੍ਰੇਸ਼ਾਨ ਕਰਨ ਵਰਗੇ ਦੋਸ਼ ਸ਼ਾਮਲ ਹਨ।

# ਕੈਲੀਫੋਰਨੀਆ ਸੈਨੇਟ ਵੱਲੋਂ ਜਾਤ ਸਬੰਧੀ ਵਿਤਕਰਾ ਖ਼ਤਮ ਕਰਨ ਦੀ ਵਿਵਸਥਾ ਵਾਲਾ ਬਿੱਲ ਸਰਬਸੰਮਤੀ ਨਾਲ ਪਾਸ



ਵਾਸ਼ਿੰਗਟਨ, (ਪੰਜਾਬ ਮੇਲ)- ਭਾਰਤੀ-ਅਮਰੀਕੀ ਵਪਾਰ ਤੇ ਮੰਦਰ ਸੰਗਠਨਾਂ ਦੇ ਸਖ਼ਤ ਵਿਰੋਧ ਦਰਮਿਆਨ ਕੈਲੀਫੋਰਨੀਆ ਦੀ ਸੈਨੇਟ ਨਿਆਂਪਾਲਿਕਾ ਕਮੇਟੀ ਨੇ ਸੂਬੇ ’ਚ ਜਾਤ ਸਬੰਧੀ ਵਿਤਕਰੇ ’ਤੇ ਪਾਬੰਦੀ ਲਗਾਉਣ ਦੀ ਵਿਵਸਥਾ ਕਰਨ ਵਾਲੇ ਇਕ ਬਿੱਲ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਹੈ। ਰਾਜ ਵਿਧਾਨ ਸਭਾ ਲਈ ਚੁਣੀ ਗਈ ਪਹਿਲੀ ਮੁਸਲਿਮ ਅਤੇ ਅਫਗਾਨ-ਅਮਰੀਕੀ ਸਟੇਟ ਸੈਨੇਟਰ ਆਇਸ਼ਾ ਵਹਾਬ ਨੇ ਪਿਛਲੇ ਮਹੀਨੇ ਬਿੱਲ ਪੇਸ਼ ਕੀਤਾ ਸੀ। ਕੈਲੀਫੋਰਨੀਆ ਸੈਨੇਟ ਨਿਆਂਪਾਲਿਕਾ ਕਮੇਟੀ ਨੇ ਜਾਤ ਸਬੰਧੀ ਵਿਤਕਰੇ ’ਤੇ ਪਾਬੰਦੀ ਸਬੰਧੀ ਬਿੱਲ ਨੂੰ ਸੈਨੇਟ ’ਚ ਮਨਜ਼ੂਰੀ ਲਈ ਭੇਜਣ ਦੇ ਮਤੇ ਦੇ ਪੱਖ ’ਚ ਵੋਟਿੰਗ ਕੀਤੀ। ਇਹ ਪਹਿਲੀ ਵਾਰ ਹੈ, ਜਦੋਂ ਕਿਸੇ ਅਮਰੀਕੀ ਸੂਬੇ ਦੀ ਕੋਈ ਵਿਧਾਇਕਾ ਜਾਤੀ ਸਬੰਧੀ ਕਾਨੂੰਨ ’ਤੇ ਵਿਚਾਰ ਕਰੇਗੀ। ਵਿਰੋਧੀਆਂ ਨੇ ਪ੍ਰਸਤਾਵਿਤ ਕਾਨੂੰਨ ਨੂੰ “ਗੈਰ-ਸੰਵਿਧਾਨਕ” ਕਿਹਾ ਅਤੇ ਕਿਹਾ ਕਿ ਇਹ ਹਿੰਦੂਆਂ ਅਤੇ ਭਾਰਤੀ ਮੂਲ ਦੇ ਲੋਕਾਂ ਨੂੰ ਗਲਤ ਤਰੀਕੇ ਨਾਲ ਨਿਸ਼ਾਨਾ ਬਣਾਏਗਾ। ਸੁਣਵਾਈ ਦੌਰਾਨ ਬੋਲਣ ਵਾਲੇ ਕਈਆਂ ਨੇ ਨੀਵੀਂ ਜਾਤੀ ਵਜੋਂ ਪਛਾਣ ਕੀਤੀ, ਪਰ ਕਿਹਾ ਕਿ ਉਹ ਕਾਨੂੰਨ ਦਾ ਵਿਰੋਧ ਕਰ ਰਹੇ ਹਨ ਕਿਉਂਕਿ ਇਹ ਵੰਡਣ ਵਾਲਾ ਹੈ। ਸੈਨੇਟਰ ਵਹਾਬ ਨੇ ਜ਼ੋਰ ਦੇ ਕੇ ਕਿਹਾ ਕਿ “ਬਿੱਲ ਕਿਸੇ ਵਿਸ਼ੇਸ਼ ਭਾਈਚਾਰੇ ਜਾਂ ਧਰਮ ਨੂੰ ਨਿਸ਼ਾਨਾ ਨਹੀਂ ਬਣਾਉਂਦਾ।”



# ਅਮਰੀਕਾ ਵੱਲੋਂ ਐੱਚ-1ਬੀ ਵੀਜ਼ਾ ਰਜਿਸਟ੍ਰੇਸ਼ਨ ਪ੍ਰਕਿਰਿਆ ਦੇ ਆਧੁਨਿਕੀਕਰਨ ਦਾ ਐਲਾਨ

ਵਾਸ਼ਿੰਗਟਨ (ਪੰਜਾਬ ਮੇਲ)- ਅਮਰੀਕੀ ਸੰਘੀ ਏਜੰਸੀ ਨੇ ਕੁਝ ਕੰਪਨੀਆਂ ਵਲੋਂ ਦੁਰਵਰਤੋਂ ਅਤੇ ਧੋਖਾਦੇਹੀ ਦਾ ਪਤਾ ਲਗਾਉਣ ਤੋਂ ਬਾਅਦ ਐੱਚ-1ਬੀ ਵੀਜ਼ਾ ਰਜਿਸਟ੍ਰੇਸ਼ਨ ਪ੍ਰਕਿਰਿਆ ਆਧੁਨਿਕ ਬਣਾਉਣ ਦੀ ਯੋਜਨਾ ਦਾ ਐਲਾਨ ਕੀਤਾ ਹੈ। ਅਜਿਹਾ ਇਸ ਲਈ ਕੀਤਾ ਜਾ ਰਿਹਾ ਹੈ ਤਾਂ ਜੋ ਕੁਸ਼ਲ ਵਿਦੇਸ਼ੀ ਮੁਲਾਜ਼ਮਾਂ ਲਈ ਵੱਕਾਰੀ ਵੀਜ਼ਾ ਪ੍ਰਦਾਨ ਕਰਨ ਦੀਆਂ ਸੰਭਾਵਨਾਵਾਂ ਨੂੰ ਵਧਾਇਆ ਜਾ ਸਕੇ। ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾ ਨੇ ਕਿਹਾ ਕਿ ਵਿੱਤੀ ਸਾਲ 2023 ਅਤੇ 2024 ਐੱਚ-1ਬੀ ਵੀਜ਼ਾ ਕੈਪ ਸੀਜਨ ਦੇ ਸਬੂਤ ਦੇ ਆਧਾਰ 'ਤੇ ਪਹਿਲਾਂ ਹੀ ਧੋਖਾਦੇਹੀ ਦੀ ਜਾਂਚ ਕਰ ਚੁੱਕਾ ਹੈ। ਨਾਲ ਹੀ, ਜਿਨ੍ਹਾਂ ਪਟੀਸ਼ਨਕਾਰਾਂ

- **ਭਾਰਤੀਆਂ ਨੂੰ ਹੋਵੇਗਾ ਫ਼ਾਇਦਾ**
- **ਬਦਲਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਅਸੀਂ ਵਚਨਬੱਧ : ਯੂ.ਐੱਸ.ਸੀ.ਆਈ.ਐੱਸ.**




ਵਿਚ ਗੜਬੜੀ ਪਾਈ ਗਈ ਹੈ, ਉਨ੍ਹਾਂ ਨੂੰ ਅਸਵੀਕਾਰ ਅਤੇ ਰੱਦ ਕਰ ਦਿੱਤਾ ਗਿਆ ਹੈ। ਇਸ ਸਾਲ ਕੰਪਿਊਟਰ ਵਲੋਂ ਲਾਟਰੀ ਵਿਚ ਐੱਚ-1ਬੀ ਵੀਜ਼ਾ ਲਈ 7,80,884 ਅਰਜ਼ੀਆਂ ਆਈਆਂ ਹਨ, ਜੋ ਪਿਛਲੇ ਸਾਲਾਂ ਨਾਲੋਂ ਬਹੁਤ ਜ਼ਿਆਦਾ ਹਨ।

ਅਮਰੀਕਾ ਵਿਚ ਐੱਚ-1ਬੀ ਬਿਨੈਕਾਰਾਂ ਦੀ ਸਫਲਤਾਪੂਰਵਕ ਚੋਣ ਕਰਨ ਲਈ ਤਿਆਰ ਕੀਤੀ ਗਈ ਕੰਪਿਊਟਰਾਈਜ਼ਡ ਪ੍ਰਣਾਲੀ ਦਾ ਹਰ ਸਾਲ ਦੁਰਵਿਵਹਾਰ ਕੀਤਾ ਗਿਆ ਹੈ ਅਤੇ ਧੋਖਾਧੜੀ ਦੀਆਂ ਕੋਸ਼ਿਸ਼ਾਂ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਐੱਚ-1ਬੀ ਵੀਜ਼ਾ ਦੇਣ ਵਾਲੀ ਏਜੰਸੀ ਯੂ.ਐੱਸ.ਸੀ.ਆਈ.ਐੱਸ. ਨੇ ਕਿਹਾ ਕਿ ਅਪਰਾਧਿਕ ਮੁਕੱਦਮੇ ਲਈ ਕਾਨੂੰਨ ਲਾਗੂ ਕਰਨ ਵਾਲੇ ਹਵਾਲੇ ਸ਼ੁਰੂ ਕੀਤੇ ਜਾਣ ਦੀ ਪ੍ਰਕਿਰਿਆ ਵਿਚ ਹਨ। ਇਹ ਪਤਾ ਲੱਗਾ ਹੈ ਕਿ ਕੁਝ ਕੰਪਨੀਆਂ ਵੀਜ਼ਾ ਜਿੱਤਣ ਦੀਆਂ ਸੰਭਾਵਨਾਵਾਂ ਨੂੰ ਨਕਲੀ ਤੌਰ 'ਤੇ ਵਧਾਉਣ ਦੇ ਟੀਚੇ ਨਾਲ ਲਾਟਰੀ ਵਿਚ ਇੱਕੋ ਬਿਨੈਕਾਰ ਨੂੰ ਕਈ ਵਾਰ ਦਾਖਲ ਕਰਨ ਲਈ ਜ਼ਿੰਮੇਵਾਰ ਹਨ।

# ਅਮਰੀਕਾ ਭਾਰਤੀ ਵਿਦਿਆਰਥੀਆਂ ਲਈ ਬਣਿਆ ਪਸੰਦੀਦਾ ਦੇਸ਼

ਵਾਸ਼ਿੰਗਟਨ (ਪੰਜਾਬ ਮੇਲ)- ਪੜ੍ਹਾਈ ਦੇ ਮਾਮਲੇ ਵਿਚ ਅਮਰੀਕਾ ਭਾਰਤੀ ਵਿਦਿਆਰਥੀਆਂ ਲਈ ਪਸੰਦੀਦਾ ਦੇਸ਼ ਹੈ। ਇੱਕ ਨਵੀਂ ਰਿਪੋਰਟ ਦੇ ਅਨੁਸਾਰ ਪਿਛਲੇ ਸਾਲ ਦੇ ਮੁਕਾਬਲੇ 2022 ਵਿੱਚ ਭਾਰਤ ਤੋਂ ਵੱਧ ਵਿਦਿਆਰਥੀ ਸੰਯੁਕਤ ਰਾਜ ਅਮਰੀਕਾ ਆਏ ਜਦੋਂ ਕਿ ਚੀਨ ਤੋਂ ਆਉਣ ਵਾਲਿਆਂ ਦੀ ਗਿਣਤੀ ਵਿਚ ਕਮੀ ਆਈ। ਯੂ.ਐੱਸ ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਨੇ ਆਪਣੀ ਸਾਲਾਨਾ ਰਿਪੋਰਟ ਵਿਚ ਕਿਹਾ ਕਿ ਚੀਨ ਅਤੇ ਭਾਰਤ ਦੇ ਵਿਦਿਆਰਥੀਆਂ ਦੀ ਗਿਣਤੀ ਨੇ ਏਸ਼ੀਆ ਨੂੰ ਸਭ ਤੋਂ ਪ੍ਰਸਿੱਧ ਮਹਾਂਦੀਪ ਬਣਾਇਆ ਹੈ। ਕੈਲੰਡਰ ਸਾਲ 2020 ਤੋਂ 2021 ਵਿਚ ਚੀਨ ਨੇ 2021 (-24,796) ਦੇ ਮੁਕਾਬਲੇ 2022 ਵਿਚ ਘੱਟ ਵਿਦਿਆਰਥੀ ਭੇਜੇ, ਜਦੋਂਕਿ ਭਾਰਤ ਨੇ ਲਗਭਗ (+64,300) ਵੱਧ ਵਿਦਿਆਰਥੀ ਭੇਜੇ।

ਸਟੂਡੈਂਟ ਐਂਡ ਐਕਸਚੇਂਜ ਵਿਜ਼ਿਟਰ ਪ੍ਰੋਗਰਾਮ ਦੇ ਅਨੁਸਾਰ 12ਵੀਂ ਜਮਾਤ ਤੱਕ ਕਿੰਡਰਗਾਰਟਨ ਵਿਚ ਦਾਖਲ ਹੋਏ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 2021 ਤੋਂ 2022 (+3,887) ਤੱਕ 7.8 ਪ੍ਰਤੀਸ਼ਤ ਵਧੀ। ਰਿਪੋਰਟ ਵਿਚ ਕਿਹਾ ਗਿਆ ਕਿ ਕਿਸੇ ਵੀ ਕੇ-12 ਸਕੂਲ ਨੇ ਕੈਲੰਡਰ ਸਾਲ 2022 ਵਿਚ 700 ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਮੇਜ਼ਬਾਨੀ ਨਹੀਂ ਕੀਤੀ, ਇਹ ਗਿਣਤੀ ਕੈਲੰਡਰ ਸਾਲ 2021 ਦੇ ਬਰਾਬਰ ਹੈ।

# ਲੋਕ ਗਾਇਕਾ ਸੁੱਖੀ ਬਰਾੜ ਦੀ ਜ਼ਿੰਦਗੀ 'ਤੇ ਲਿਖੀ ਪੁਸਤਕ "ਵਿਰਾਸਤ-ਏ-ਪੰਜਾਬ" ਲੋਕ ਅਰਪਣ

**■ "ਦੇਸ਼-ਵਿਦੇਸ਼ ਤੋਂ ਮਿਲ ਰਹੇ ਨੇ ਵਧਾਈ ਸੁਨੇਹੇ"**






ਫਰਿਜ਼ਨੋ, (ਧਾਲੀਆਂ/ ਮਾਛੀਕੇ/ ਪੰਜਾਬ ਮੇਲ)- ਪੰਜਾਬੀ ਸੱਭਿਆਚਾਰਕ ਗਾਇਕੀ ਦਾ ਪਿੜ ਬਹੁਤ ਅਮੀਰ ਅਤੇ ਵੱਡਾ ਹੈ। ਇਸੇ ਪੰਜਾਬੀ ਸੱਭਿਆਚਾਰ ਦੀ ਵਿਰਾਸਤ ਨੂੰ ਹੋਰ ਵਿਸ਼ਾਲ ਕਰਨ ਲਈ ਬਹੁਤ ਸਾਰੇ ਪੰਜਾਬੀਆਂ ਦੇ ਨਾਂ ਸ਼ਾਮਲ ਹਨ, ਜਿਨਾਂ ਵਿਚੋਂ ਇੱਕ ਨਾਂ ਪੰਜਾਬੀ ਲੋਕ ਗਾਇਕਾ ਸੁੱਖੀ ਬਰਾੜ ਦਾ ਆਉਂਦਾ ਹੈ, ਜਿਸ ਨੇ ਜਿੰਨਾ ਵੀ ਗਾਇਆ, ਬਹੁਤ ਸਾਫ-ਸੁਥਰਾ ਅਤੇ ਸੱਭਿਆਚਾਰਕ ਗਾਇਆ, ਜਿਸ ਨੂੰ ਦੁਨੀਆਂ ਵਿਚ ਵਸਦੇ ਸਮੁੱਚੇ ਪੰਜਾਬੀ ਭਾਈਚਾਰੇ ਨੇ ਖਿੜੇ ਮੱਥੇ ਪ੍ਰਵਾਨ ਕਰਦੇ ਹੋਏ ਸਨਮਾਨ ਵੀ ਦਿੱਤਾ। ਜਿਸ ਤਰ੍ਹਾਂ ਕਹਿੰਦੇ ਹਨ ਕਿ "ਦੋ ਕਦਮ ਘੱਟ ਤੁਰਨਾ, ਪਰ ਤੁਰਨਾ ਮਟਕ ਦੇ ਨਾਲ" ਵਾਂਗ ਅੱਜ ਵੀ ਉਹ ਮਾਣ-ਸਨਮਾਨ ਹੋਰ ਵੱਧ ਗਿਆ, ਜਦ ਇਸੇ ਲੋਕ ਗਾਇਕਾ ਸੁੱਖੀ ਬਰਾੜ ਦੀ ਜ਼ਿੰਦਗੀ 'ਤੇ ਆਧਾਰਿਤ ਲਿਖੀ ਪੁਸਤਕ "ਵਿਰਾਸਤ-ਏ-ਪੰਜਾਬ" ਨੂੰ ਖਾਸ ਤੌਰ 'ਤੇ ਨਾਮਵਰ ਸ਼ਖਸੀਅਤਾਂ ਦੀ ਹਾਜ਼ਰੀ ਵਿਚ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪਰੋਹਿਤ ਨੇ ਲੋਕ ਅਰਪਣ ਕੀਤਾ। ਇਸ ਰਿਲੀਜ਼ ਸਮਾਰੋਹ ਦੌਰਾਨ ਹਰ ਕਿਸੇ ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਵਿਰਸੇ ਪ੍ਰਤੀ ਗਾਇਕਾ ਸੁੱਖੀ ਬਰਾੜ ਦੇ ਅਣਥੱਕ ਯਤਨਾਂ ਅਤੇ ਸਮਰਪਣ ਦੀ ਸ਼ਲਾਘਾ ਵੀ ਕੀਤੀ।

ਇਸ ਪੁਸਤਕ ਨੂੰ ਸ਼ੁਰੂ ਕਰਨ ਤੋਂ ਲੈ ਕੇ ਸੰਪੂਰਨ ਕਰਨ ਵਿਚ ਕਈ ਪ੍ਰਮੁੱਖ ਲੇਖਕਾਂ ਅਤੇ ਸਾਹਿਤਕਾਰਾਂ ਦਾ ਖਾਸ ਯੋਗਦਾਨ ਰਿਹਾ ਹੈ, ਜਿਨ੍ਹਾਂ ਵਿਚ ਮੁੱਖ ਭੂਮਿਕਾ ਪ੍ਰਭਜੋਤ ਕੌਰ ਜੋਤ ਦੀ ਰਹੀ ਹੈ। ਜਦਕਿ ਇਸ ਨੂੰ ਪ੍ਰਕਾਸ਼ਿਤ ਕਰਨ ਵਿਚ 'ਪ੍ਰੀਤ ਪਬਲੀਕੇਸ਼ਨਜ਼ ਨਾਭਾ' ਦੇ ਸੁਰਿੰਦਰਜੀਤ ਸਿੰਘ ਚੌਹਾਨ ਦੀ ਅਹਿਮ ਭੂਮਿਕਾ ਰਹੀ ਹੈ। ਇਸ ਤਰ੍ਹਾਂ ਇਸ ਪੁਸਤਕ ਨੂੰ ਲੋਕ-ਅਰਪਣ ਇੱਕ ਵਿਸ਼ੇਸ਼ ਸਮਾਗਮ ਰਾਹੀ 'ਪੰਜਾਬ ਗਵਰਨਰ ਹਾਊਸ' ਵਿਚ ਕੀਤਾ ਗਿਆ। ਜਿੱਥੇ ਅਦਾਕਾਰਾ ਪ੍ਰੀਤੀ ਸਪਰੂ, ਗਾਇਕ ਪੰਮੀ ਬਾਈ, ਮਹੰਤ ਹਰਪਾਲ ਦਾਸ, ਨਵੀਨ, ਸੁਦੇਸ਼ ਸ਼ਰਮਾ, ਦੀਪਕ ਮਖੀਜਾ ਅਤੇ ਹੋਰ ਬਹੁਤ ਸ਼ਖਸੀਅਤਾਂ ਨੇ ਪਹੁੰਚ ਕੇ ਮਾਣ ਬਖਸ਼ਿਆ। ਸਮੁੱਚੇ ਅਮਰੀਕਨ ਪੰਜਾਬੀ ਭਾਈਚਾਰੇ ਵੱਲੋਂ ਪੰਜਾਬੀਅਤ ਦੇ ਮਾਣ ਲੋਕ ਗਾਇਕਾ ਸੁੱਖੀ ਬਰਾੜ ਨੂੰ ਬਹੁਤ-ਬਹੁਤ ਮੁਬਾਰਕਾਂ।




# ਬਜ਼ੁਰਗ ਪੰਜਾਬੀ ਸ਼ਾਇਰ ਈਸ਼ਰ ਸਿੰਘ ਮੋਮਨ ਦਾ ਵਿਪਸਾਅ ਵਲੋਂ ਸਨਮਾਨ






**ਸੈਨਹੋਜ਼ੇ, (ਪੰਜਾਬ ਮੇਲ)-** ਪਿਛਲੇ ਦਿਨੀਂ ਵਿਸ਼ਵ ਪੰਜਾਬੀ ਅਕਾਡਮੀ, ਕੈਲੀਫ਼ੋਰਨੀਆ (ਵਿਪਸਾਅ) ਵਲੋਂ ਬਜ਼ੁਰਗ ਪੰਜਾਬੀ ਸ਼ਾਇਰ ਸਰਦਾਰ ਈਸ਼ਰ ਸਿੰਘ ਮੋਮਨ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚ ਕੇ ਇਕ ਵਿਸ਼ੇਸ਼ ਸਮਾਗਮ ’ਚ ਸਨਮਾਨਤ ਕੀਤਾ ਗਿਆ। ਸਰਦਾਰ ਈਸ਼ਰ ਸਿੰਘ ਮੋਮਨ ਉਮਰ ਦੇ 97ਵੇਂ ਸਾਲ ਵਿਚ ਹਨ ਅਤੇ ਸਿਹਤ ਠੀਕ ਨਾ ਹੋਣ ਕਰਕੇ ਘਰੋਂ ਬਾਹਰ ਜਾਣ ਦੇ ਸਮਰਥ ਨਹੀਂ ਹਨ। ਵਿਪਸਾਅ ਪ੍ਰਧਾਨ ਕੁਲਵਿੰਦਰ ਦੀ ਅਗਵਾਈ ਹੇਠ ਇਹ ਸਮਾਗਮ ਉਨ੍ਹਾਂ ਦੇ ਘਰ ਵਿਚ ਹੀ ਕੀਤੇ ਜਾਣ ਦਾ ਫੈਸਲਾ ਕੀਤਾ ਗਿਆ, ਜੋ ਉਨ੍ਹਾਂ ਦੇ ਪਰਿਵਾਰ ਦੀ ਸਹਿਮਤੀ ਨਾਲ ਖੁਸ਼ਗਵਾਰ ਰਿਹਾ। ਸਰਦਾਰ ਮੋਮਨ ਨੂੰ ਵਿਪਸਾਅ ਵਲੋਂ ਸਨਮਾਨ ਪੱਤਰ ਅਤੇ ਸਿਰੋਪੇ ਵਜੋਂ ਲੋਈ ਦੇ ਕੇ ਉਨ੍ਹਾਂ ਦੀਆਂ ਪੰਜਾਬੀ ਬੋਲੀ ਅਤੇ ਸ਼ਾਇਰੀ ਦੇ ਖੇਤਰ ਵਿਚ ਦਿੱਤੀਆਂ ਸੇਵਾਵਾਂ ਲਈ ਧੰਨਵਾਦ ਕੀਤਾ ਗਿਆ।

ਹਾਜ਼ਰ ਮੈਂਬਰਾਂ ਨੇ ਸਰਦਾਰ ਮੋਮਨ ਦੀ ਸ਼ਾਇਰੀ ਅਤੇ ਸ਼ਖ਼ਸੀਅਤ ਦੀ ਪ੍ਰਸ਼ੰਸਾ ਕੀਤੀ। ਸ਼ਾਇਰਾ ਸੁਰਜੀਤ ਸਖੀ, ਕੁਲਵਿੰਦਰ ਲਾਜ ਨੀਲਮ ਸੈਣੀ, ਤਾਰਾ ਸਿੰਘ ਸਾਗਰ, ਗੁਲਸ਼ਨ ਦਿਆਲ, ਸੁਖਦੇਵ ਸਾਹਿਲ, ਸੁਰਿੰਦਰ ਸੀਰਤ ਅਤੇ ਜਗਜੀਤ ਨੌਸ਼ਿਹਰਵੀ ਨੇ ਇਸ ਸਮਾਗਮ ’ਚ ਹਾਜ਼ਰੀ ਲਵਾਈ। ਮੋਮਨ ਜੀ ਦੀ ਨੌਂਹ ਰਾਣੀ ਮਨਜੀਤ ਕੌਰ ਅਤੇ ਸਪੁੱਤਰ ਪਰਦੀਪ ਸਿੰਘ ਪਾਬਲਾ ਨੇ ਸੁਯੋਗ ਸਾਥ ਦਿੱਤਾ। ਲਾਜ ਨੀਲਮ ਸੈਣੀ ਨੇ ਸਰਦਾਰ ਮੋਮਨ ਦੀਆਂ ਕੁਝ ਪੁਰਾਣੀਆਂ ਰਚਨਾਵਾਂ ਪੜ੍ਹਕੇ ਸੁਣਾਈਆਂ। ਹੋਰ ਮੈਂਬਰਾਂ ਨੇ ਵੀ ਮੋਮਨ ਜੀ ਦੇ ਕੁਝ ਮਨਭਾਉਂਦੇ ਸ਼ੇਅਰ ਸਾਂਝੇ ਕੀਤੇ। ਸੁਰਜੀਤ ਸਖੀ ਨੇ ਸਰਦਾਰ ਮੋਮਨ ਦੀ ਨਿੱਘੀ ਸ਼ਖਸੀਅਤ ਦਾ ਜ਼ਿਕਰ ਕੀਤਾ। ਲਾਜ ਨੀਲਮ ਸੈਣੀ ਨੇ ਕਿਹਾ ਕਿ ਮੋਮਨ ਸਾਹਿਬ ਮੈਨੂੰ ਹਮੇਸ਼ਾਂ ਆਪਣੇ ਪਰਿਵਾਰ ਦਾ ਜੀਅ ਸਮਝਦੇ ਹਨ ਅਤੇ ਮੈਂ ਉਨ੍ਹਾਂ ਵਲੋਂ ਦਿੱਤੇ ਅਥਾਹ ਪਿਆਰ ਲਈ ਸ਼ੁਕਰਗੁਜ਼ਾਰ ਹਾਂ। ਲਾਜ ਨੀਲਮ ਸੈਣੀ, ਕੁਲਵਿੰਦਰ ਅਤੇ ਸਮਾਗਮ ਤੋਂ ਬਾਅਦ ਪਹੁੰਚੇ ਸੁਰਿੰਦਰ ਸੀਰਤ ਨੇ ਆਪਣੀਆਂ ਅਤੇ ਵਿਪਸਾਅ ਵਲੋਂ ਨਵੀਆਂ ਛਪੀਆ ਕੁੱਝ ਕਿਤਾਬਾਂ ਈਸ਼ਰ ਸਿੰਘ ਮੋਮਨ ਨੂੰ ਭੇਂਟ ਕੀਤੀਆਂ।

ਸਰਦਾਰ ਈਸ਼ਰ ਸਿੰਘ ਮੋਮਨ ਦਾ ਜਨਮ ਅਣਵੰਡੇ ਪੰਜਾਬ ਦੇ ਪਿੰਡ ਲੰਗੜੋਆ (ਹੁਣ ਜ਼ਿਲ੍ਹਾ ਨਵਾਂ ਸ਼ਹਿਰ) ਵਿਚ ਹੋਇਆ ਸੀ। ਮੁੱਛ-ਫੁੱਟ ਉਮਰ ਵਿਚ ਫੌਜ ਵਿਚ ਭਰਤੀ ਹੋ ਗਏ ਅਤੇ ਦੂਜੀ ਸੰਸਾਰ ਜੰਗ ਵਿਚ ਬਰਮਾ ਖੇਤਰ ਵਿਚ ਤਾਇਨਾਤ ਰਹੇ। ਜੰਗ ਮੁੱਕਣ ਤੋਂ ਬਾਅਦ ਉਹ ਵਾਪਸ ਪਿੰਡ ਆ ਗਏ ਅਤੇ ਕੋਈ ਕਿੱਤਾ ਅਪਨਾਉਣ ਦੀ ਖਾਹਿਸ਼ ਨਾਲ ਅੰਮ੍ਰਿਤਸਰ ਤੋਂ ਟੈਕਸਟਾਈਲ ਅਤੇ ਹੈਂਡਲੂਮ ਦੀ ਟਰੇਨਿੰਗ ਅਤੇ ਤਜ਼ਰਬਾ ਹਾਸਲ ਕੀਤਾ ਅਤੇ ਦਿੱਲੀ ਵਿਚ ਨੌਕਰੀ ਲਈ ਚਲੇ ਗਏ, ਜਿੱਥੇ ਉਨ੍ਹਾਂ ਤਕਨੀਕੀ ਸਹਾਇਕ ਅਤੇ ਮੈਨੇਜ਼ਰ ਦੇ ਤੌਰ ’ਤੇ 1984 ਤੱਕ ਕੰਮ ਕੀਤਾ ਅਤੇ ਇਕ ਚੰਗੇ ਮੈਨੇਜਰ ਵਜੋਂ ਬਹੁਤ ਸਤਿਕਾਰ ਪਾਇਆ। ਦਿੱਲੀ ਵਿਚ ਰਹਿੰਦਿਆਂ ਉਹ ਪੰਜਾਬੀ ਸਾਹਿਤ ਸਭਾਵਾਂ ਨਾਲ ਵਾਬਸਤਾ ਰਹੇ ਅਤੇ ਧਾਰਮਿਕ ਕਵਿਤਾ ਲਿਖਦੇ। ਦੂਰ-ਦੁਰਾਡੇ ਸ਼ਹਿਰਾਂ ਵਿਚ ਵੱਸਦੀ ਸਿੱਖ ਸੰਗਤ ਦੇ ਸੱਦੇ ’ਤੇ ਉਹ ਕਵੀ ਦਰਬਾਰਾਂ ਵਿਚ ਹਿੱਸਾ ਲੈਣ ਜਾਂਦੇ। 1984 ਦੇ ਨਵੰਬਰ ਮਹੀਨੇ ਵਿਚ ਉਹ ਅਮਰੀਕਾ ਦੇ ਕੈਲੀਫ਼ੋਰਨੀਆ ਸੂਬੇ ਵਿਚ ਆਣ ਵੱਸੇ। ਕੁਝ ਚਿਰ ਸਾਹਿਤਕ ਮਾਹੌਲ ਤੋਂ ਟੁੱਟੇ ਰਹੇ ਪਰ ਜਦ ਕੈਲੀਫ਼ੋਰਨੀਆ ਸਾਹਿਤ ਸਭਾ ਦਾ ਗਠਨ ਹੋਇਆ, ਤਾਂ ਉਹ ਬਹੁਤ ਬਕਾਇਦਗੀ ਨਾਲ ਲਿਖਣ ਲੱਗੇ। ਦਿੱਲੀ ਰਹਿੰਦਿਆਂ ਉਨ੍ਹਾਂ ਦੀਆਂ ਕੁਝ ਕਿਤਾਬਾਂ ਛਪੀਆਂ ਸਨ ਪਰ ਕੈਲੀਫ਼ੋਰਨੀਆ ਰਹਿੰਦਿਆਂ ਉਹ ਬਹੁਤ ਹੀ ਤਨਜ਼ ਭਰਪੂਰ ਸ਼ੇਅਰ ਕਹਿੰਦੇ ਅਤੇ ਸਰੋਤਿਆਂ ਦੀ ਪ੍ਰਸ਼ੰਸਾ ਹਾਸਲ ਕਰਦੇ। ਉਨ੍ਹਾਂ ਨੇ ਏਥੇ ਰਹਿੰਦਿਆਂ ਦੋ ਗ਼ਜ਼ਲ ਸੰਗ੍ਰਿਹ “ਗ਼ਜ਼ਲ ਗੁਲਜ਼ਾਰ” ਅਤੇ “ਕਲਮਾਂ ਦੀ ਕਸਤੂਰੀ” ਪੰਜਾਬੀ ਮਾਂ ਬੋਲੀ ਦੀ ਝੋਲੀ ਪਾਏ ਹਨ। ਜਗਜੀਤ ਨੌਸ਼ਿਹਰਵੀ ਨੇ ਦੱਸਿਆ ਕਿ ਸਰੋਤੇ ਅਕਸਰ ਮੋਮਨ ਜੀ ਤੋਂ ਉਨ੍ਹਾਂ ਦੇ ਕੁਝ ਖ਼ਾਸ ਸ਼ੇਅਰ ਸੁਣਨ ਦੀ ਫਰਮਾਇਸ਼ ਕਰਦੇ। ਅੱਜਕੱਲ੍ਹ ਸਰਦਾਰ ਮੋਮਨ ਸਾਹਿਤਕ ਸਮਾਗਮਾਂ ਵਿਚ ਹਿੱਸਾ ਨਹੀਂ ਲੈਂਦੇ ਪਰ ਉਨ੍ਹਾਂ ਦਾ ਜ਼ਿਕਰ ਅਕਸਰ ਚਲਦਾ ਰਹਿੰਦਾ ਹੈ। ਉਹ ਆਪਣੇ ਸ਼ੇਅਰਾਂ ਵਿਚ ਤਨਜ਼ ਅਤੇ ਮਜ਼ਾਹ ਵਰਤਦਿਆਂ ਮਾਡਰਨ ਅਮਰੀਕੀ ਜ਼ਿੰਦਗੀ ਵਿਚਲੀ ਬੋਰੀਅਤ ਅਤੇ ਪੇਤਲੇਪਣ ਦਾ ਪਰਦਾਫਾਸ਼ ਕਰਦੇ ਤਾਂ ਸਰੋਤੇ ਖੁਦ ਉੱਪਰ ਹੱਸਣ ਲਈ ਮਜਬੂਰ ਹੋ ਜਾਂਦੇ ਹਨ। ਅਸੀਂ ਆਸ ਕਰਦੇ ਹਾਂ ਕਿ ਸਰਦਾਰ ਮੋਮਨ ਫਿਰ ਸਿਹਤਯਾਬ ਹੋਣ ਅਤੇ ਫਿਰ ਕਵੀ ਦਰਬਾਰਾਂ ਵਿਚ ਹਿੱਸਾ ਲੈਣ। ਸਰਦਾਰ ਮੋਮਨ ਨੇ ਵਿਪਸਾਅ ਮੈਂਬਰਾਂ ਦਾ ਇਸ ਤਰ੍ਹਾਂ ਆ ਕੇ ਪਿਆਰ ਅਤੇ ਮਾਣ ਦੇਣ ਲਈ ਬਹੁਤ ਧੰਨਵਾਦ ਕੀਤਾ ਅਤੇ ਕਿਹਾ ਕਿ ਤੁਹਾਡੇ ਇਸ ਪਿਆਰ ਸਤਿਕਾਰ ਸਦਕਾ ਮੇਰੀ ਉਮਰ ਹੋਰ ਲੰਮੇਰੀ ਹੋ ਗਈ ਹੈ।

# ਭਾਰਤੀ ਮੂਲ ਦਾ ਵਿਅਕਤੀ 3 ਨੌਜਵਾਨਾਂ ਦੇ ਕਤਲ ਦਾ ਦੋਸ਼ੀ ਕਰਾਰ !



**ਨਿਊਯਾਰਕ, (ਪੰਜਾਬ ਮੇਲ)-** ਕੈਲੀਫੋਰਨੀਆ ਵਿਚ ਭਾਰਤੀ ਮੂਲ ਦੇ ਇੱਕ ਵਿਅਕਤੀ ਨੂੰ ਘਰ ਦੇ ਦਰਵਾਜ਼ੇ ਦੀ ਘੰਟੀ ਵਜਾ ਕੇ ਉਸ ਨਾਲ ਮਜ਼ਾਕ ਕਰਨ ਵਾਲੇ ਅੱਲੜ੍ਹ ਉਮਰ ਦੇ ਤਿੰਨ ਨੌਜਵਾਨਾਂ ਦਾ ਕਤਲ ਕਰਨ ਦਾ ਦੋਸ਼ੀ ਪਾਏ ਜਾਣ ਦੀ ਸੂਚਨਾ ਪ੍ਰਾਪਤ ਹੋਈ ਹੈ। ਮਿਲੀ ਜਾਣਕਾਰੀ ਮੁਤਾਬਕ ਰਿਵਰਸਾਈਡ ਕਾਉਂਟੀ ਨਿਵਾਸੀ ਅਨੁਰਾਗ ਚੰਦਰਾ ਨੂੰ ਸ਼ੁੱਕਰਵਾਰ ਨੂੰ ਕਤਲ ਦੀ ਕੋਸ਼ਿਸ਼ ਅਤੇ ਕਤਲ ਦੇ ਤਿੰਨ ਮਾਮਲਿਆਂ ਵਿਚ ਦੋਸ਼ੀ ਮੰਨਿਆ ਗਿਆ।

ਖ਼ਬਰ ਵਿਚ ਦੱਸਿਆ ਗਿਆ ਕਿ ਇਹ ਘਟਨਾ 19 ਜਨਵਰੀ, 2020 ਨੂੰ ਵਾਪਰੀ, ਜਦੋਂ ਨਾਬਾਲਗਾਂ ਦੇ ਇੱਕ ਸਮੂਹ ਨੇ ਮਜ਼ਾਕ ਕਰਦੇ ਹੋਏ ਚੰਦਰਾ ਦੇ ਘਰ ਦੀ ਘੰਟੀ ਵਜਾਈ। ਚੰਦਰਾ ਨੇ ਦੱਸਿਆ ਕਿ ਘੰਟੀ ਵਜਾ ਕੇ ਭੱਜਣ ਤੋਂ ਪਹਿਲਾਂ ਇਕ ਨਾਬਾਲਗ ਨੇ ਉਸ ਦਾ ਮਜ਼ਾਕ ਉਡਾਇਆ ਸੀ। ਉਸ ਨੇ ਤਿੰਨੋਂ ਨਾਬਾਲਗਾਂ ਨੂੰ ਆਪਣੀ ਕਾਰ ਨਾਲ ਕੁਚਲ ਕੇ ਮਾਰ ਦਿੱਤਾ। ਖ਼ਬਰ ਵਿਚ ਦੱਸਿਆ ਗਿਆ ਕਿ ਇਸ ਘਟਨਾ ਵਿਚ 16 ਸਾਲ ਦੇ ਤਿੰਨੋਂ ਨਾਬਾਲਗ ਮਾਰੇ ਗਏ ਸਨ। ਜਿਸ ਦਿਨ ਹਾਦਸਾ ਵਾਪਰਿਆ, ਚੰਦਰਾ ਨੇ ਸ਼ਰਾਬ ਪੀਤੀ ਹੋਈ ਸੀ। ਉਸਨੇ ਕਿਹਾ ਕਿ ਉਹ ਮਜ਼ਾਕ ਤੋਂ “ਬਹੁਤ ਪਰੇਸ਼ਾਨ” ਸੀ ਅਤੇ ਦਾਅਵਾ ਕੀਤਾ ਕਿ ਉਹ ਆਪਣੇ ਪਰਿਵਾਰ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਸੀ।

ਉਸ ਨੇ ਸ਼ਰਾਰਤੀ ਮੁੰਡਿਆਂ ਦਾ ਪਿੱਛਾ ਕੀਤਾ ਅਤੇ ਉਨ੍ਹਾਂ ਦੀ ਕਾਰ ਨੂੰ ਟੱਕਰ ਮਾਰ ਸੜਕ ਤੋਂ ਇਕ ਪਾਸੇ ਡੇਗ ਦਿੱਤਾ। ਚੰਦਰਾ ਨੇ ਇਹ ਵੀ ਦੱਸਿਆ ਕਿ ਕਾਰ ਨੂੰ ਪਿੱਛੇ ਤੋਂ ਟੱਕਰ ਮਾਰਨ ਤੋਂ ਬਾਅਦ ਨਹੀਂ ਰੁਕਿਆ ਕਿਉਂਕਿ ਉਸ ਨੂੰ ਲੱਗਾ ਕਿ ਕੋਈ ਜ਼ਖਮੀ ਨਹੀਂ ਹੋਇਆ ਹੈ। ਖ਼ਬਰਾਂ ਮੁਤਾਬਕ ਹਾਦਸੇ ’ਚ 18 ਸਾਲਾ ਡਰਾਈਵਰ ਸਮੇਤ 13 ਸਾਲਾ ਦੋ ਯਾਤਰੀ ਵਾਲ-ਵਾਲ ਬਚ ਗਏ। ਚੰਦਰਾ ਇਸ ਹਾਦਸੇ ਤੋਂ ਪਹਿਲਾਂ 2020 ਵਿਚ ਘਰੇਲੂ ਹਿੰਸਾ ਦੀ ਘਟਨਾ ਦੇ ਸਬੰਧ ’ਚ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ।

## ਯੂ.ਕੇ. ’ਚ ਗੈਰਕਾਨੂੰਨੀ ਢੰਗ ਨਾਲ ਕੰਮ ਕਰਨ ਵਾਲੇ ਭਾਰਤੀ ਗ੍ਰਿਫ਼ਤਾਰ

**ਲੰਡਨ, (ਪੰਜਾਬ ਮੇਲ)-**ਯੂ.ਕੇ. ਵਿਚ ਖਾਣਾ ਡਿਲਿਵਰ ਕਰਨ ਵਾਲੀਆਂ ਫਰਮਾਂ ਲਈ ਗੈਰਕਾਨੂੰਨੀ ਢੰਗ ਨਾਲ ਕੰਮ ਕਰਨ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿਚ ਕਈ ਭਾਰਤੀ ਸ਼ਾਮਲ ਹਨ। ਇਹ ਦੇਸ਼ ਵਿਚ ਗੈਰਕਾਨੂੰਨੀ ਪਰਵਾਸ ਸਬੰਧੀ ਕੀਤੀ ਕਾਰਵਾਈ ਦਾ ਹਿੱਸਾ ਹੈ। ਯੂ.ਕੇ. ਦੇ ਗ੍ਰਹਿ ਵਿਭਾਗ ਦੇ ਦਫ਼ਤਰ ਵੱਲੋਂ ਮੰਗਲਵਾਰ ਨੂੰ ਤਾਜ਼ਾ ਜਾਰੀ ਕੀਤੇ ਗਏ ਬਿਆਨ ਮੁਤਾਬਕ ਗੈਰਕਾਨੂੰਨੀ ਢੰਗ ਨਾਲ ਕਿਸ਼ਤੀਆਂ ਰਾਹੀਂ ਮੁਲਕ ਦਾ ਬਾਰਡਰ ਟੱਪਣ ਵਾਲੇ ਪ੍ਰਵਾਸੀਆਂ ਵਿਚ ਦੂਜੀ ਸਭ ਤੋਂ ਵੱਡੀ ਗਿਣਤੀ ਭਾਰਤੀਆਂ ਦੀ ਹੈ।




# ਵਿਰਾਸਤੀ ਖੇਡਾਂ ਅਤੇ ਫੈਮਲੀ ਪਿਕਨਿਕ 'ਤੇ ਲੱਗੀਆਂ ਰੌਣਕਾਂ



ਮੇਲੇ ਦੇ ਯਾਦਗਾਰੀ ਪਲ।

## ■'ਬੱਚਿਆ ਨੇ ਖੇਡੀਆਂ ਪੁਰਾਤਨ ਖੇਡਾਂ'



**ਫਰਿਜ਼ਨੋ, (ਧਾਲੀਆਂ/ਮਾਛੀਕੇ/ਪੰਜਾਬ ਮੇਲ)-** ਜੀ.ਐੱਚ.ਜੀ. ਅਕੈਡਮੀ ਵੱਲੋਂ ਸਮੂਹ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 'ਸ਼ਹੀਦ ਜਸਵੰਤ ਸਿੰਘ ਖਾਲੜਾ' ਪਾਰਕ ਫਰਿਜ਼ਨੋ ਵਿਚ ਸਾਲਾਨਾ ਵਿਰਾਸਤੀ ਖੇਡਾਂ ਅਤੇ ਪਰਿਵਾਰਕ ਪਿਕਨਿਕ ਦਾ ਆਗਾਜ਼ ਕੀਤਾ ਗਿਆ। ਇਸ ਪ੍ਰੋਗਰਾਮ ਦੀ ਸ਼ੁਰੂਆਤ ਸਮੂਹ ਭਾਈਚਾਰੇ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਹੋਈ। ਇਸੇ ਦੌਰਾਨ ਗਤਕੇ ਦੇ ਜੌਹਰ ਦੇਖ ਅਨੰਦਪੁਰ ਸਾਹਿਬ ਦੇ ਹੌਲਾ-ਮਹੱਲੇ ਦਾ ਮਾਹੌਲ ਨਜ਼ਾਰਾ ਯਾਦ ਆ ਰਿਹਾ ਸੀ। ਬੱਚਿਆਂ ਵੱਲੋਂ ਪੰਜਾਬ ਦੀਆਂ ਵਿਸਰ ਰਹੀਆਂ ਵਿਰਾਸਤੀ ਖੇਡਾਂ ਜਿਨ੍ਹਾਂ ਵਿਚ ਘੋੜਾ ਕਬੱਡੀ, ਪਿੱਠੂ, ਸਟਾਪੂ, ਬੰਟੇ, ਗੁੱਲੀ ਡੰਡਾ, ਰੁਮਾਲ ਚੁੱਕਣਾ, ਬਾਂਦਰ-ਕੀਲਾ, ਖੋ-ਖੋ, ਬੋਲੀਆਂ ਮੁਕਾਬਲਾ, ਤਾਸ਼ ਦੀ ਖੇਡ ਅਤੇ ਹੋਰ ਖੇਡਾਂ ਦਾ ਭਰਪੂਰ ਪ੍ਰਦਰਸ਼ਨ ਕੀਤਾ ਗਿਆ। ਜਦਕਿ ਬਾਬਿਆਂ ਦੇ ਗਰੁੱਪਾ ਨੇ ਵੀ ਤਾਸ਼ ਦੀ ਸੀਪ ਖੇਡ ਦੇ ਮੁਕਾਬਲੇ ਦਿਖਾਏ। ਇਸੇ ਦੌਰਾਨ ਔਰਤਾਂ ਨੇ ਵੀ ਚਾਟੀ ਰੇਸ, ਗੀਤ ਅਤੇ ਬੋਲੀਆਂ ਮੁਕਾਬਲੇ ਆਦਿਕ ਕਰਕੇ ਹਾਜ਼ਰੀਨ ਦਾ ਭਰਪੂਰ ਮਨੋਰੰਜਨ ਕੀਤਾ। ਇਸ ਮਹੌਲ ਨੂੰ ਦੇਖ ਕੇ ਲੱਗ ਰਿਹਾ ਸੀ ਕਿ ਬੱਚੇ ਵਿਰਾਸਤੀ ਖੇਡਾਂ ਸਿੱਖਣ ਅਤੇ ਉਨ੍ਹਾਂ ਦਾ ਪ੍ਰਦਰਸ਼ਨ ਕਰਨ ਲਈ ਬਹੁਤ ਦਿਲਚਸਪੀ ਦਿਖਾ ਰਹੇ ਸਨ। ਇਸ ਤੋਂ ਇਲਾਵਾ ਛੋਟੇ ਬੱਚਿਆਂ ਲਈ ਸ਼ਾਕਰ ਅਤੇ ਫੀਲਡ ਹਾਕੀ ਖੇਡ ਨੂੰ ਵੀ ਉਤਸ਼ਾਹਿਤ ਕੀਤਾ ਗਿਆ। ਇਸ ਤੋਂ ਇਲਾਵਾ ਬੱਚਿਆ ਦਾ ਗਿੱਧਾ-ਭੰਗੜਾ ਅਤੇ ਹੋਰ ਬਹੁਤ ਗੀਤ-ਸੰਗੀਤ ਮਨੋਰੰਜਨ ਦਾ ਸਾਧਨ ਬਣੇ। ਚੰਗੀ ਸਿਹਤ ਲਈ ਮੁਫ਼ਤ ਡਾਕਟਰੀ ਕੈਂਪ ਲਾਇਆ ਗਿਆ ਸੀ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਬੂਥ ਲੋਕਾਂ ਨੂੰ ਵੱਖ-ਵੱਖ ਖੇਤਰਾਂ ਦੀ ਜਾਣਕਾਰੀ ਦੇ ਰਹੇ ਸਨ। ਚਾਹ-ਪਾਣੀ, ਪਕੌੜੇ, ਤਾਜ਼ਾ ਜਲੇਬੀਆਂ, ਛੋਲੇ-ਭਟੂਰੇ ਅਤੇ ਫਰੂਟਾਂ ਆਦਿਕ ਦੇ ਲੰਗਰਾਂ ਦਾ ਖੁੱਲ੍ਹਾ ਪ੍ਰਬੰਧ ਸੀ। ਪਿਕਨਿਕ ਅਤੇ ਵਿਰਾਸਤੀ ਖੇਡ ਮੇਲੇ ਵਿਚ ਹਿੱਸਾ ਲੈਣ ਵਾਲੇ ਬੱਚਿਆਂ ਦਾ ਮਾਣ-ਸਨਮਾਨ ਵੀ ਕੀਤਾ ਗਿਆ। ਵਿਰਾਸਤੀ ਖੇਡਾਂ ਤੋਂ ਇਲਾਵਾ ਬੱਚਿਆ ਦੇ ਕਰਵਾਏ ਗਏ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਪਰਮਜੀਤ ਧਾਲੀਵਾਲ, ਊਦੈਦੀਪ ਸਿੰਘ ਸਿੱਧੂ, ਗੁਰਦੀਪ ਸ਼ੇਰਗਿੱਲ, ਬਸੰਤ ਧਾਲੀਵਾਲ, ਜਗਰੂਪ ਸਿੰਘ ਆਦਿਕ ਅਤੇ ਜੀ.ਐੱਚ.ਜੀ. ਅਕੈਡਮੀ ਦੀ ਸਮੁੱਚੀ ਟੀਮ ਅਤੇ ਸਮੂਹ ਪੰਜਾਬੀ ਭਾਈਚਾਰੇ ਦਾ ਭਰਪੂਰ ਸਹਿਯੋਗ ਰਿਹਾ। ਅੰਤ ਪੰਜਾਬੀ ਵਿਰਸੇ ਨੂੰ ਸਿੱਜਦਾ ਕਰਦਾ ਇਹ ਵਿਰਾਸਤੀ ਮੇਲਾ ਯਾਦਗਾਰੀ ਹੋ ਨਿਬੜਿਆ।

# ਸਿਆਟਲ ਦੇ ਮੁੱਖ ਗੁਰਦੁਆਰੇ ਕਮੇਟੀ ਦੀ ਚੋਣ ਕਰਨ ਲਈ ਪੰਜ ਮੈਂਬਰ ਕਮੇਟੀ ਨਾਮਜ਼ਦ





ਤਿੰਨ ਮੈਂਬਰੀ ਕਮੇਟੀ ਹੈੱਡ ਗ੍ਰੰਥੀ ਦਰਸ਼ਨ ਸਿੰਘ ਤੇ ਕੀਰਤਨੀ ਜੱਥੇ ਦੇ ਭਾਈ ਵਰਿਆਮ ਸਿੰਘ ਜੀ ਤੇ ਭਾਈ ਜਰਨੈਲ ਸਿੰਘ ਜੀ ਜਿਨ੍ਹਾਂ ਨੇ ਨਿੱਤਨੇਮ ਦਾ ਪਾਠ ਸੁਣਕੇ ਫੈਸਲਾ ਕੀਤਾ ਹੈ। (ਸੱਜੇ) ਪੰਜ ਮੈਂਬਰੀ ਕਮੇਟੀ ਜਗਜੀਤ ਸਿੰਘ, ਡਾ. ਸਰਬਜੀਤ ਸਿੰਘ, ਹਰਸ਼ਰਨ ਸਿੰਘ ਰੰਧਾਵਾ ਸਾਬਕਾ ਮੈਨੇਜਰ, ਬੀਬੀ ਸੁਰਿੰਦਰ ਕੌਰ ਤੇ ਭਾਈ ਅਮਰੀਕ ਸਿੰਘ ਜਿਨ੍ਹਾਂ ਨੇ ਅਗਲੀ ਪ੍ਰਬੰਧਕ ਕਮੇਟੀ ਦੀ ਚੋਣ ਕਰਨੀ ਹੈ।

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)-** ਗੁਰਦੁਆਰਾ ਸਿੰਘ ਸਭਾ ਰੈਨਟਨ ਦੀ ਪ੍ਰਬੰਧਕ ਕਮੇਟੀ ਚੁਣਨ ਵਾਸਤੇ 3 ਮੈਂਬਰੀ ਕਮੇਟੀ ਨੇ ਨਿੱਤਨੇਮ ਦੇ ਪਾਠ ਦੀਆਂ 7 ਬਾਣੀਆਂ ਦਾ ਪਾਠ ਜ਼ੁਬਾਨੀ ਸੁਣ ਕੇ 8 'ਚੋਂ 5 ਮੈਂਬਰੀ ਪੈਨਲ ਚੁਣਿਆ ਗਿਆ, ਜਿਨ੍ਹਾਂ ਨੇ ਇੰਟਰਵਿਊ ਕਰਕੇ ਪ੍ਰਬੰਧਕ ਕਮੇਟੀ ਦੀ ਚੋਣ ਕਰਕੇ ਬੰਦ ਲਿਫਾਫਾ ਦਫਤਰ 'ਚ ਦੇ ਦਿੱਤਾ ਗਿਆ ਹੈ, ਜਿਸ ਨੂੰ ਸੰਗਤ ਦੀ ਮੌਜੂਦਗੀ ਵਿਚ ਅਗਲੇ ਐਤਵਾਰ ਨੂੰ ਖੋਲ੍ਹਿਆ ਜਾਵੇਗਾ ਅਤੇ ਸੰਗਤ ਦੀ ਮਨਜ਼ੂਰੀ ਨਾਲ ਐਲਾਨ ਕੀਤਾ ਜਾਵੇਗਾ। ਸਿਆਟਲ ਦੀ ਸੰਗਤ ਅਗਲੇ ਐਤਵਾਰ ਤੱਕ ਬੇਸਬਰੀ ਨਾਲ ਇੰਤਜ਼ਾਰ ਕਰ ਰਹੀ ਹੈ।

# ਟੈਕਸਾਸ 'ਚ ਲਾਪਤਾ ਬੱਚੇ ਦੇ ਭਾਰਤੀ-ਅਮਰੀਕੀ ਮਤਰੇਏ ਪਿਤਾ 'ਤੇ 10 ਹਜ਼ਾਰ ਡਾਲਰ ਚੋਰੀ ਕਰਨ ਦਾ ਦੋਸ਼

## ■ਭਗੌੜਿਆਂ ਦੀ ਅਮਰੀਕਾ ਹਵਾਲਗੀ ਦੀ ਮੰਗ

**ਹਿਊਸਟਨ, (ਪੰਜਾਬ ਮੇਲ)-** ਅਮਰੀਕਾ ਦੇ ਟੈਕਸਾਸ ਸੂਬੇ ਵਿਚ ਪਿਛਲੇ ਕਈ ਮਹੀਨਿਆਂ ਤੋਂ ਲਾਪਤਾ ਛੇ ਸਾਲਾ ਨੋਏਲ ਦੇ ਭਾਰਤੀ-ਅਮਰੀਕੀ ਮਤਰੇਏ ਪਿਤਾ 'ਤੇ ਇਕ ਹੋਰ ਦੋਸ਼ ਲਗਾਇਆ ਗਿਆ ਹੈ। ਦੋਸ਼ ਮੁਤਾਬਕ ਪਿਛਲੇ ਮਹੀਨੇ ਆਪਣੀ ਪਤਨੀ ਅਤੇ ਉਸ ਦੇ ਛੇ ਬੱਚਿਆਂ ਨਾਲ ਭਾਰਤ ਜਾਣ ਤੋਂ ਪਹਿਲਾਂ ਉਸ ਨੇ ਆਪਣੇ ਮਾਲਕ ਦੇ 10,000 ਡਾਲਰ ਚੋਰੀ ਕੀਤੇ ਸਨ। ਟੈਕਸਾਸ ਪੁਲਿਸ ਨੇ ਇਹ ਜਾਣਕਾਰੀ ਦਿੱਤੀ। ਐਵਰਮੈਨ ਦੇ ਪੁਲਿਸ ਮੁਖੀ ਕ੍ਰੇਗ ਸਪੈਂਸਰ ਨੇ ਮੰਗਲਵਾਰ ਨੂੰ ਕਿਹਾ ਕਿ ਜੋੜੇ ਅਰਸ਼ਦੀਪ ਸਿੰਘ ਅਤੇ ਉਸਦੀ ਪਤਨੀ ਖ਼ਿਲਾਫ਼ ਚੋਰੀ ਦੇ ਮਾਮਲੇ ਦੇ ਇਲਾਵਾ ਅਤੇ ਬੱਚੇ ਨੂੰ ਬੇਸਹਾਰਾ ਛੱਡਣ ਅਤੇ ਜਾਨ ਨੂੰ ਖ਼ਤਰੇ ਵਿਚ ਪਾਉਣ ਦੇ ਦੋਸ਼ ਵਿਚ ਮਾਮਲਾ ਦਰਜ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਇਨ੍ਹਾਂ ਭਗੌੜਿਆਂ ਨੂੰ ਗ੍ਰਿਫ਼ਤਾਰ ਕਰਕੇ ਅਮਰੀਕਾ ਦੇ ਹਵਾਲੇ ਕੀਤਾ ਜਾਵੇ, ਤਾਂ ਜੋ ਅਸੀਂ ਉਨ੍ਹਾਂ ਤੋਂ ਨੋਏਲ ਦੇ ਲਾਪਤਾ ਹੋਣ ਬਾਰੇ ਜਾਣਕਾਰੀ ਹਾਸਲ ਕਰ ਸਕੀਏ। ਉਨ੍ਹਾਂ ਨੇ ਕਿਹਾ ਕਿ ਉਹ ਸਿੰਡੀ ਰੌਡਰਿਗਜ਼-ਸਿੰਘ ਅਤੇ ਉਸਦੇ ਪਤੀ ਅਰਸ਼ਦੀਪ ਸਿੰਘ ਨੂੰ ਲੱਭਣ ਅਤੇ ਸਪੁਰਦ ਕਰਨ ਲਈ ਅੰਤਰਰਾਸ਼ਟਰੀ ਭਾਈਵਾਲਾਂ ਨਾਲ ਕੰਮ ਕਰਨ ਲਈ ਸੰਘੀ ਅਧਿਕਾਰੀਆਂ 'ਤੇ ਨਿਰਭਰ ਹਨ। ਲਾਪਤਾ ਬੱਚੇ ਦੇ ਰਿਸ਼ਤੇਦਾਰ ਦੇ ਅਨੁਸਾਰ ਪੁਲਿਸ ਨੇ ਨੋਏਲ ਰੋਡਰਿਗਜ਼-ਅਲਵਾਰੇਜ਼ ਦੇ ਲਾਪਤਾ ਹੋਣ ਦੇ ਮਾਮਲੇ ਵਿਚ ਨਵੇਂ ਵੇਰਵੇ ਜਾਰੀ ਕੀਤੇ। ਨੋਏਲ ਨੂੰ ਆਖਰੀ ਵਾਰ ਅਕਤੂਬਰ 2022 ਵਿਚ ਦੇਖਿਆ ਗਿਆ ਸੀ। ਸਪੈਂਸਰ ਨੇ ਕਿਹਾ ਕਿ ਜਾਂਚਕਰਤਾਵਾਂ ਨੇ ਹੁਣ ਲਾਪਤਾ ਬੱਚੇ ਦੇ ਮਤਰੇਏ ਪਿਤਾ ਅਰਸ਼ਦੀਪ ਸਿੰਘ ਖ਼ਿਲਾਫ਼ ਵੀ ਚੋਰੀ ਦਾ ਦੋਸ਼ ਦਰਜ ਕੀਤਾ ਹੈ।

ਸਪੈਂਸਰ ਅਨੁਸਾਰ ਅਰਸ਼ਦੀਪ ਸਿੰਘ ਨੇ ਪਿਛਲੇ ਮਹੀਨੇ ਦੇਸ਼ ਛੱਡਣ ਤੋਂ ਕੁਝ ਘੰਟੇ ਪਹਿਲਾਂ ਰੋਜ਼ਾਨਾ ਕਰਿਆਨੇ ਦੀਆਂ ਦੁਕਾਨਾਂ 'ਤੇ ਉਤਪਾਦ ਡਿਲੀਵਰ ਕੀਤੀ ਅਤੇ ਕਥਿਤ ਤੌਰ 'ਤੇ ਆਪਣੇ ਮਾਲਕ ਤੋਂ 10,000 ਡਾਲਰ ਦੀ ਨਕਦੀ ਦੀ ਚੋਰੀ ਨੂੰ ਲੁਕਾਉਣ ਲਈ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕੀਤੀ।


Mann & Associates Insurance Services, Inc.

Medicare Supplement Plans



Inderjeet Singh Mann

CA Lic# 0H82488

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn t qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem

COVERED CALIFORNIA

Certified Insurance Agent

Designed By Punjab Mail USA

Ph.: (916) 900-2000

# ਪੰਜਾਬੀ ਸੱਭਿਆਚਾਰ ਦਾ ਪ੍ਰਤੀਕ ਹਵੇਲੀ ਰੈਸਟੋਰੈਂਟ





## ਪੰਜਾਬੀ ਭੈਣ-ਭਰਾਵਾਂ ਦਾ ਉਚੇਚਾ ਹੰਭਲਾ




**ਸੈਨਹੋਜ਼ੇ, (ਪੰਜਾਬ ਮੇਲ)-** ਬੇ-ਏਰੀਆ ਸੈਨਹੋਜ਼ੇ ਦੇ ਐਵਰਗ੍ਰੀਨ ਖੇਤਰ 'ਚ ਰਾਜ ਗੋਰਾਇਆ ਅਤੇ ਹਰਮਨਜੋਤ ਗਿੱਲ, ਭੈਣ-ਭਰਾਵਾਂ ਨੇ ਆਪਣੇ ਮਾਪਿਆਂ ਦੇ ਆਸ਼ੀਰਵਾਦ ਨਾਲ 'ਹਵੇਲੀ ਕਬਾਬ ਐਂਡ ਗਰਿੱਲ' ਖੋਲ੍ਹ ਕੇ ਸਵਾਦਿਸ਼ਟ ਖਾਣਿਆਂ ਦੇ ਨਾਲ-ਨਾਲ ਪੰਜਾਬੀ ਸੱਭਿਆਚਾਰ ਦੇ ਦ੍ਰਿਸ਼ ਪੰਜਾਬੀਆਂ ਸਾਹਵੇਂ ਪੇਸ਼ ਕਰਕੇ ਇੱਕ ਨਵਾਂ ਅਗਾਜ਼ ਕੀਤਾ ਹੈ। ਹਵੇਲੀ ਕਬਾਬ ਐਂਡ ਗਰਿੱਲ 3227-ਸਾਊਥ ਵਾਇਟ ਰੋਡ, ਸੈਨਹੋਜ਼ੇ ਵਿਖੇ ਸਥਿਤ ਹੈ।

ਰਾਜ ਗੋਰਾਇਆ ਅਤੇ ਹਰਮਨਜੋਤ ਗਿੱਲ ਦੇ ਸੱਦੇ 'ਤੇ ਰੈਸਟੋਰੈਂਟ ਦੇ ਅਗਾਜ਼ ਸਮੇਂ ਦੋਸਤਾਂ, ਮਿੱਤਰਾਂ, ਸਨੇਹੀਆਂ, ਰਿਸ਼ਤੇਦਾਰਾਂ ਦੀ ਹਾਜ਼ਰੀ 'ਚ ਬੋਲਦਿਆਂ ਪ੍ਰਸਿੱਧ ਵਕਤਾ ਆਸ਼ਾ ਸ਼ਰਮਾ ਨੇ ਕਿਹਾ ਕਿ ਪੰਜਾਬੀ ਜਿਥੇ ਵੀ ਗਏ ਹਨ, ਉਨ੍ਹਾਂ ਆਪਣੀ ਮਿਹਨਤ, ਲਗਨ ਨਾਲ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ ਅਤੇ ਵਿਸ਼ਵੀ ਸੱਭਿਆਚਾਰ 'ਚ ਆਪਣੀ ਵਿਸੇਸ਼ ਪਛਾਣ ਬਣਾਈ ਹੈ। ਰੈਸਟੋਰੈਂਟ 'ਚ ਇੱਕ ਭਰਵੇਂ ਸਮਾਗਮ ਵਿਚ ਮੱਖਣ ਸਿੰਘ ਗੁਰਾਇਆ, ਸੁਰਿੰਦਰਜੀਤ ਗੁਰਾਇਆ, ਗੁਰਪ੍ਰੀਤ ਕੌਰ ਗੁਰਾਇਆ, ਇੰਦਰਜੀਤ ਕੌਰ ਗੁਰਾਇਆ, ਜਸਲੀਨ ਗੁਰਾਇਆ, ਗੁਰਨਾਮ ਗੁਰਾਇਆ, ਹਰਵਿੰਦਰ ਸਿੰਘ ਗਿੱਲ, ਟੇਕ ਗਿੱਲ, ਬਲਵਿੰਦਰ ਕੌਰ, ਬਚਿੱਤਰ ਸਿੰਘ ਗਿੱਲ, ਵਿਨੋਦ ਕੁਮਾਰ ਜਾਖੂ, ਵੀਨਾ ਰਾਣੀ, ਤੀਰਥ ਸਿੰਘ ਸੱਲ ਪਲਾਹੀ, ਰਜਿੰਦਰ ਸਿੰਘ ਸੱਲ ਪਲਾਹੀ, ਅਵਿਨਵ ਸਿੰਘ ਪਲਾਹੀ, ਸੁਕਰਿਤੀ ਸਿੰਘ, ਜਨਕ ਪਲਾਹੀ, ਹਰਮੋਹਨ ਸਿੰਘ ਅਤੇ ਹੋਰ ਰਿਸ਼ਤੇਦਾਰ ਅਤੇ ਸਬੰਧੀ ਹਾਜ਼ਰ ਸਨ। ਕੈਨੇਡਾ ਤੋਂ ਪਰਦੀਪ ਸਿੰਘ ਗਿੱਲ, ਹਰਪ੍ਰੀਤ ਕੌਰ, ਕਿਰਨਦੀਪ ਅਤੇ ਐੱਲ.ਏ. ਤੋਂ ਦੇਵਿੰਦਰ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਹਾਜ਼ਰੀਨ ਸਭਨਾਂ ਦਾ ਰਾਜ ਗੁਰਾਇਆ ਅਤੇ ਹਰਮਨਜੋਤ ਗਿੱਲ ਨੇ ਧੰਨਵਾਦ ਕੀਤਾ। ਸਮਾਗਮ ਦੌਰਾਨ ਪੰਜਾਬੀ ਗੀਤਾਂ ਅਤੇ ਡੀ.ਜੇ. ਦੀ ਛਹਿਬਰ ਲੱਗੀ ਅਤੇ ਪ੍ਰਾਹੁਣਿਆਂ ਨੂੰ ਸਵਾਦਿਸ਼ਟ ਖਾਣਾ ਪ੍ਰਬੰਧਕਾਂ ਵਲੋਂ ਪਰੋਸਿਆ ਗਿਆ।

# ਟੈਕਸਾਸ 'ਚ ਵਿਅਕਤੀ ਨੇ ਬੱਚੇ ਤੇ 2 ਔਰਤਾਂ ਸਮੇਤ 5 ਦੀ ਗੋਲੀਆਂ ਮਾਰ ਕੇ ਕੀਤੀ ਹੱਤਿਆ

## ਘਰ ਦੇ ਵਿਹੜੇ ਵਿਚ ਗੋਲੀਆਂ ਚਲਾਉਣ ਤੋਂ ਰੋਕਣ 'ਤੇ ਵਾਪਰੀ ਘਟਨਾ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਟੈਕਸਾਸ ਰਾਜ ਵਿਚ ਕਲੀਵਲੈਂਡ ਵਿਖੇ ਇਕ ਵਿਅਕਤੀ ਵੱਲੋਂ ਮਾਮੂਲੀ ਗੱਲ ਨੂੰ ਲੈ ਕੇ ਗੋਲੀਆਂ ਮਾਰ ਕੇ ਇਕ 8 ਸਾਲ ਦੇ ਬੱਚੇ ਤੇ 2 ਔਰਤਾਂ ਸਮੇਤ 5 ਵਿਅਕਤੀਆਂ ਦੀ ਹੱਤਿਆ ਕਰ ਦੇਣ ਦੀ ਰਿਪੋਰਟ ਹੈ। ਸੈਨ ਜਸਿੰਟੋ ਕਾਊਂਟੀ ਸ਼ੈਰਿਫ ਗਰੇਗ ਕੈਪਰਜ ਅਨੁਸਾਰ ਇਹ ਘਟਨਾ ਉਸ ਵੇਲੇ ਵਾਪਰੀ, ਜਦੋਂ ਇਕ ਵਿਅਕਤੀ ਜੋ ਆਪਣੇ ਵੇਹੜੇ ਵਿਚ ਰਾਈਫ਼ਲ ਨਾਲ ਗੋਲੀਆਂ ਚਲਾ ਰਿਹਾ ਸੀ, ਨੂੰ ਗਵਾਂਢੀਆਂ ਨੇ ਕਿਹਾ ਕਿ ਉਹ ਅਜਿਹਾ ਨਾ ਕਰੇ ਕਿਉਂਕਿ ਇਕ ਬੱਚਾ ਸੌਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ 'ਤੇ ਉਹ ਸ਼ੱਕੀ ਵਿਅਕਤੀ ਭੜਕ ਉਠਿਆ ਤੇ ਉਸ ਨੇ ਗਵਾਂਢੀਆਂ ਉਪਰ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਹ ਘਟਨਾ ਸਥਾਨਕ ਸਮੇਂ ਅਨੁਸਾਰ ਬੀਤੀ ਰਾਤ 11.30 ਵਜੇ ਦੇ ਆਸ-ਪਾਸ ਵਾਪਰੀ। ਮ੍ਰਿਤਕ ਇਕ ਹੀ ਪਰਿਵਾਰ ਦੇ ਮੈਂਬਰ ਦੱਸੇ ਜਾ ਰਹੇ ਹਨ। ਸ਼ੈਰਿਫ ਨੇ ਕਿਹਾ ਕਿ ਪੀੜਤ ਪਰਿਵਾਰ ਨੇ ਗਵਾਂਢੀ ਦੇ ਘਰ ਦੀ ਵਾੜ ਨੇੜੇ ਆ ਕੇ ਉਸ ਨੂੰ ਗੋਲੀਆਂ ਨਾ ਚਲਾਉਣ ਦੀ ਬੇਨਤੀ ਕੀਤੀ। ਇਸ 'ਤੇ ਸ਼ੱਕੀ ਵਿਅਕਤੀ ਜਿਸ ਨੇ ਸ਼ਰਾਬ ਪੀਤੀ ਹੋਈ ਸੀ, ਨੇ ਕਿਹਾ ਕਿ ਉਹ ਆਪਣੇ ਵੇਹੜੇ ਵਿਚ ਜੋ ਮਰਜ਼ੀ ਕਰੇ। ਕੈਪਰਜ ਅਨੁਸਾਰ ਦੋ ਔਰਤਾਂ ਆਪਣੇ ਬੈੱਡਰੂਮ ਵਿਚ ਆਪਣੇ ਛੋਟੇ ਬੱਚਿਆਂ ਨੂੰ ਬਚਾਉਂਦੀਆਂ ਹੋਈਆਂ ਮਾਰੀਆਂ ਗਈਆਂ। ਸ਼ੱਕੀ ਨੇ ਬਹੁਤ ਨੇੜੇ ਆ ਕੇ ਗਰਦਨ ਤੋਂ ਉਪਰ ਗੋਲੀਆਂ ਮਾਰੀਆਂ। ਸ਼ੱਕੀ ਜੋ ਫਰਾਰ ਹੈ, ਦੀ ਪੁਲਿਸ ਤੇਜ਼ੀ ਨਾਲ ਭਾਲ ਕਰ ਰਹੀ ਹੈ।

# ਵੈਸਟ ਕੋਸਟ ਰੈਸਲਿੰਗ ਅਕੈਡਮੀ ਦਾ ਫਰਿਜ਼ਨੋ ਵਿਖੇ ਹੋਇਆ ਅਗਾਜ਼




**ਫਰਿਜ਼ਨੋ, (ਮਾਛੀਕੇ/ ਧਾਲੀਆਂ/ ਪੰਜਾਬ ਮੇਲ)-** ਫਰਿਜ਼ਨੋ ਸ਼ਹਿਰ ਜਿਹੜਾ ਕਿ ਪੰਜਾਬੀਆਂ ਦੀ ਸੰਘਣੀ ਵਸੋਂ ਕਰਕੇ ਮਿੰਨੀ ਪੰਜਾਬ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਐਸਾ ਕੋਈ ਮੇਲਾ ਨਹੀਂ, ਜਿਹੜਾ ਫਰਿਜਨੋ ਵਿਖੇ ਨਾ ਕਰਵਾਇਆ ਜਾਂਦਾ ਹੋਵੇ। ਫਰਿਜਨੋ ਸ਼ਹਿਰ ਜਿੱਥੇ ਦੋ ਕਬੱਡੀ ਕਲੱਬਾਂ ਬਣੀਆਂ ਹੋਈਆਂ ਨੇ। ਇੱਥੇ ਫੀਲਡ ਹਾਕੀ "ਕੈਲੀਫੋਰਨੀਆ ਹਾਕਸ" ਵੀ ਬਣੀ ਹੋਈ ਹੈ। ਸਾਕਰ, ਵਾਲੀਬਾਲ ਅਤੇ ਕ੍ਰਿਕਟ ਆਦਿ ਦੀਆਂ ਕਲੱਬਾਂ ਵੀ ਸਮੇਂ-ਸਮੇਂ 'ਤੇ ਟੂਰਨਾਮੈਂਟ ਕਰਵਾਉਂਦੀਆਂ ਰਹਿੰਦੀਆਂ ਹਨ। ਇੱਕੋ ਕਲੱਬ ਦੀ ਕਮੀ ਸੀ, ਉਹ ਸੀ ਰੈਸਲਿੰਗ ਦੀ। ਉਸ ਕਮੀ ਨੂੰ ਫਰਿਜ਼ਨੋ ਦੇ ਸਿਰਕੱਢ ਗੱਭਰੂਆਂ, ਬਿੱਲਾ ਚਾਹਲ, ਛਿੰਦਾ ਚਾਹਲ ਅਤੇ ਲੱਖੀ ਕੂੰਨਰ ਨੇ "ਵੈਸਟ ਕੋਸਟ ਰੈਸਲਿੰਗ ਅਕੈਡਮੀ" ਬਣਾ ਕੇ ਪੂਰਾ ਕਰ ਦਿੱਤਾ। ਫਰਿਜ਼ਨੋ ਦੀ ਮਸ਼ਹੂਰ ਸਟਰੀਟ ਸ਼ਾਹ ਐਵੇਨਿਊ ਅਤੇ ਮਾਰਕਸ ਸਟ੍ਰੀਟ ਦੇ ਕਾਰਨਰ ਵਿਚ ਬਣੇ ਸ਼ਾਪਿੰਗ ਪਲਾਜ਼ੇ ਵਿਚ ਬੀਤੇ ਐਤਵਾਰ ਵੈਸਟ ਕੋਸਟ ਰੈਸਲਿੰਗ ਅਕੈਡਮੀ ਦੇ ਅਖਾੜੇ ਦਾ ਉਦਘਾਟਨ ਸੁਖਮਨੀ ਸਹਿਬ ਦੇ ਪਾਠ ਦੇ ਭੋਗ ਪਾ ਕੇ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿਚ ਪੰਜਾਬੀਆਂ ਨੇ ਪਹੁੰਚ ਕੇ ਪ੍ਰਬੰਧਕ ਵੀਰਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਬੱਚਿਆਂ ਨੂੰ ਸਪੋਰਟਸ ਵੱਲ ਲਾਉਣ ਦਾ ਇਹ ਚਾਹਲ ਭਰਾਵਾਂ ਅਤੇ ਲੱਖੀ ਕੂੰਨਰ ਦਾ ਇੱਕ ਸਾਰਥਕ ਯਤਨ ਹੈ ਅਤੇ ਸਮੂਹ ਫਰਿਜ਼ਨੋ ਨਿਵਾਸੀਆਂ ਨੂੰ ਹੁਣ ਆਪਣੇ ਬੱਚਿਆਂ ਨੂੰ ਰੈਸਲਿੰਗ ਅਕੈਡਮੀ ਵਿਚ ਦਾਖਲ ਕਰਵਾਕੇ ਆਪਣੇ ਬੱਚਿਆਂ ਨੂੰ ਪਹਿਲਵਾਨੀ ਦੇ ਦਾਅਪੇਚ ਸਿਖਾਉਣੇ ਚਾਹੀਦੇ ਨੇ। ਇਸ ਮੌਕੇ ਛਿੰਦੇ ਚਾਹਲ ਨੇ ਕਿਹਾ ਕਿ ਇਸ ਅਕੈਡਮੀ ਤੋਂ ਅਸੀ ਬੱਚਿਆਂ ਨੂੰ ਪਰਾਪਰ ਟ੍ਰੇਨਿੰਗ ਦੇ ਕੇ ਪਹਿਲਵਾਨ ਬਨਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡਾਂਗੇ। ਅਗਰ ਤੁਸੀਂ ਵੀ ਆਪਣੇ ਬੱਚਿਆਂ ਨੂੰ ਇਸ ਅਕੈਡਮੀ ਵਿਚ ਦਾਖਲ ਕਰਵਾਉਣਾ ਚਾਹੁੰਦੇ ਹੋ, ਤਾਂ 559-993-9000 'ਤੇ ਕਾਲ ਕਰਕੇ ਰਜਿਸਟਰ ਕਰਵਾ ਸਕਦੇ ਹੋ।




EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਕੈਨੇਡਾ ’ਚ ਗੱਡੀ ਚੋਰੀ ਦੇ ਮਾਮਲਿਆਂ ’ਚ ਵੀ ਪਿੱਛੇ ਨਹੀਂ ਪੰਜਾਬੀ !

- 119 ਵਾਹਨ ਚੋਰਾਂ ਦੀ ਸੂਚੀ ’ਚ 43 ਪੰਜਾਬੀ
- ਡਰੱਗ ਰੈਕੇਟ ਦੇ ਦੋਸ਼ੀਆਂ ’ਚ 40 ਫੀਸਦੀ ਪੰਜਾਬੀ ਮੂਲ ਦੇ



**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ’ਚ ਰਹਿ ਰਹੇ ਪੰਜਾਬੀ ਮੂਲ ਦੇ ਕੁੱਝ ਲੋਕ ਗੱਡੀਆਂ ਦੀ ਚੋਰੀ ਵਿਚ ਵੀ ਪਿੱਛੇ ਨਹੀਂ ਹਨ। ਇਹ ਖੁਲਾਸਾ ਕੈਨੇਡਾ ਦੀ ਟੋਰਾਂਟੋ ਪੁਲਿਸ ਨੇ ਕੀਤਾ ਹੈ। ਪੁਲਿਸ ਨੇ ਹਾਲ ਹੀ ਵਿਚ ਜੋ ਗੱਡੀ ਚੋਰੀ ਦੇ 119 ਦੋਸ਼ੀਆਂ ਦੀ ਸੂਚੀ ਜਾਰੀ ਕੀਤੀ ਹੈ, ਉਸ ਵਿਚ ਲਗਭਗ 43 ਲੋਕ ਪੰਜਾਬੀ ਮੂਲ ਦੇ ਹਨ ਅਤੇ ਸਾਰੇ 314 ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਪੁਲਿਸ ਨੇ ਇਨ੍ਹਾਂ ਅਪਰਾਧੀਆਂ ਨੂੰ ਜਲਦੀ ਗ੍ਰਿਫਤਾਰ ਕਰਨ ਦਾ ਵੀ ਦਾਅਵਾ ਕੀਤਾ ਹੈ।

ਪੁਲਿਸ ਦੀ ਜਾਣਕਾਰੀ ਮੁਤਾਬਕ 2019 ਤੋਂ ਬਾਅਦ ਗੱਡੀਆਂ ਦੇ ਚੋਰੀ ਦੇ ਮਾਮਲੇ ਦੁੱਗਣੇ ਹੋ ਗਏ ਹਨ। ਟੋਰਾਂਟੋ ਪੁਲਿਸ ਨੇ ਆਟੋ ਚੋਰੀ ਦੀ ਚੱਲ ਰਹੀ ‘ਪ੍ਰਾਜੈਕਟ ਸਟੈਲੀਅਨ’ ਜਾਂਚ ਦੌਰਾਨ ਅਨੁਮਾਨਿਤ 27 ਮਿਲੀਅਨ ਡਾਲਰ ਭਾਵ 2 ਅਰਬ ਰੁਪਏ ਤੋਂ ਜ਼ਿਆਦਾ ਮੁੱਲ ਦੇ 550 ਤੋਂ ਜ਼ਿਆਦਾ ਚੋਰੀ ਦੇ ਵਾਹਨ ਬਰਾਮਦ ਕੀਤੇ ਹਨ। ਚੋਰੀ ਦੇ ਦੋਸ਼ ਲਗਾਉਣ ਵਾਲਿਆਂ ਵਿਚ ਕਲੇਰਿੰਗਟਨ ਅਤੇ ਅਜਾਕਸ ਦੇ ਲੋਕ ਸ਼ਾਮਲ ਹਨ। ਅਪਰਾਧੀਆਂ ਦਾ ਨੈੱਟਵਰਕ ਇੰਨਾ ਖਤਰਨਾਕ ਹੈ ਕਿ ਇਹ ਲੋਕ ਚੋਰੀ ਕੀਤੇ ਵਾਹਨਾਂ ਨੂੰ ਸ਼ਿਪਮੈਂਟ ਰਾਹੀਂ ਦੂਸਰੇ ਦੇਸ਼ਾਂ ਦੇ ਕਾਰ ਬਾਜ਼ਾਰਾਂ ਵਿਚ ਵੇਚਣ ਲਈ ਲਿਜਾਂਦੇ ਸਨ। ਪੁਲਿਸ ਦਾ ਕਹਿਣਾ ਹੈ ਕਿ ਅਜੇ ਤੱਕ ਗ੍ਰਿਫਤਾਰ ਕੀਤੇ ਗਏ ਲੋਕਾਂ ਤੋਂ ਪੁੱਛਗਿੱਛ ਵਿਚ ਖੁਲਾਸਾ ਹੋਇਆ ਹੈ ਕਿ ਇਹ ਲੋਕ ਛੋਟੇ-ਛੋਟੇ ਗਰੁੱਪਸ ਵਿਚ ਕੰਮ ਕਰਦੇ ਸਨ ਪਰ ਵਿਆਪਕ ਤੌਰ ’ਤੇ ਵਿਦੇਸ਼ੀ ਕਾਰ ਬਾਜ਼ਾਰਾਂ ਨਾਲ ਜੁੜੇ ਹੋਏ ਸਨ।

ਤੁਹਾਨੂੰ ਦੱਸ ਦਈਏ ਕਿ ਜਿਨ੍ਹਾਂ ਪੰਜਾਬੀ ਲੋਕਾਂ ’ਤੇ ਵਾਹਨ ਚੋਰੀ ਦੇ ਦੋਸ਼ ਲੱਗੇ ਹਨ, ਉਹ ਨਾਮਵਰ ਲੋਕ ਹਨ। ਜ਼ਾਹਿਰ ਹੈ ਕਿ ਪੰਜਾਬ ਦੇ ਜਿਨ੍ਹਾਂ ਇਲਾਕਿਆਂ ਨਾਲ ਇਨ੍ਹਾਂ ਲੋਕਾਂ ਦਾ ਸਬੰਧ ਹੈ, ਉਥੋਂ ਦੇ ਲੋਕਾਂ ਦੇ ਦਿਲਾਂ ਵਿਚ ਉਨ੍ਹਾਂ ਲਈ ਬਹੁਤ ਹੀ ਸਨਮਾਨ ਹੋ ਸਕਦਾ ਹੈ। ਟੋਰਾਂਟੋ ਪੁਲਿਸ ਵਲੋਂ ਪੇਸ਼ ਕੀਤੀਆਂ ਇਨ੍ਹਾਂ ਲੋਕਾਂ ਦੀਆਂ ਤਸਵੀਰਾਂ ਕੁਝ ਹੋਰ ਹੀ ਹਕੀਕਤ ਬਿਆਨ ਕਰ ਰਹੀਆਂ ਹਨ।


27 ਬਿਲੀਅਨ ਡਾਲਰ ਤੋਂ ਜ਼ਿਆਦਾ ਮੁੱਲ ਦੇ ਬਰਾਮਦ 550 ਤੋਂ ਜ਼ਿਆਦਾ ਵਾਹਨ ਚੋਰੀ ਦੇ ਦੋਸ਼ੀਆਂ ’ਚ ਸੂਚੀ ’ਚ ਨਿਰਮਲ ਢਿੱਲੋਂ (47) ਕੈਲੇਡੋਨ, ਸੁਖਵਿੰਦਰ ਗਿੱਲ (40) ਵੁੱਡਬ੍ਰਿਜ, ਜਗਜੀਤ ਭਿੰਡਰ (40) ਬਰੈਂਪਟਨ, ਇਕਬਾਲ ਹੇਅਰ (50) ਟੋਰਾਂਟੋ, ਪ੍ਰਦੀਪ ਗਰੇਵਾਲ (38) ਬਰੈਂਪਟਨ, ਜਿਤੇਨ ਪਟੇਲ (31) ਟੋਰਾਂਟੋ, ਵਰਿੰਦਰ ਕੈਲੇ (32) ਪੱਕਾ ਪਤਾ ਨਹੀਂ, ਗੁਰਵੀਨ ਰਨੌਤੇ (ਔਰਤ) (26) ਬਰੈਂਪਟਨ, ਰਮਨਪ੍ਰੀਤ ਸਿੰਘ (29) ਮਿਸੀਸਾਗਾ, ਸੁਧਾ ਚੌਹਾਨ (45) ਬਰੈਂਪਟਨ, ਗਗਨਦੀਪ ਸਿੰਘ (23) ਪੱਕਾ ਪਤਾ ਨਹੀਂ, ਸੰਦੀਪ ਤਾਖਰ (36) ਬਰੈਂਪਟਨ, ਸਤਵਿੰਦਰ ਗਰੇਵਾਲ (29) ਪੱਕਾ ਪਤਾ ਨਹੀਂ, ਪ੍ਰਿੰਸਦੀਪ ਸਿੰਘ (25) ਬਰੈਂਪਟਨ, ਅੰਮ੍ਰਿਤ ਕੇ. ਐੱਲ.ਈ.ਆਰ. (28) ਕੈਂਬ੍ਰਿਜ, ਅਜੇ ਕੁਮਾਰ (23) ਪੱਕਾ ਪਤਾ ਨਹੀਂ, ਬਰਸ਼ੀਏ ਖੇਮਨਾਥ ਸਿੰਘ (58) ਟੋਰਾਂਟੋ, ਸਟੀਵਨ ਸਿੰਘ (21) ਬਰੈਂਪਟਨ, ਇੰਕਲਾਬ ਸਿੰਘ (26) ਪੱਕਾ ਪਤਾ ਨਹੀਂ, ਜਸਦੀਪ ਜਾਂਡਾ (25) ਮਿਸੀਸਾਗਾ, ਹਰਸ਼ਦੀਪ ਸਿੰਘ (28) ਬਰੈਂਪਟਨ, ਰਵੀ ਸਿੰਘ (27) ਬਰੈਂਪਟਨ, ਨਵਜੋਤ ਸਿੰਘ (27) ਬਰੈਂਪਟਨ, ਦਿਲਜੋਤ ਢਿੱਲੋਂ (24) ਨਿਆਗਰਾ ਫਾਲਸ, ਸੁਨੀਲ ਮਾਸੂਨ (42) ਪੱਕਾ ਪਤਾ ਨਹੀਂ, ਸੁਖਵਿੰਦਰ ਸਿੰਘ (42) ਟੋਰਾਂਟੋ, ਅਲਮਬੀਰ ਸਿੰਘ (23) ਟੋਰਾਂਟੋ, ਜਸਰਾਜ ਬੀ.ਆਰ. (18) ਪੱਕਾ ਪਤਾ ਨਹੀਂ, ਮਹਿਕਸ਼ ਸੋਹਲ (18) ਪੱਕਾ ਪਤਾ ਨਹੀਂ, ਹਰਪ੍ਰੀਤ ਸਿੰਘ (35) ਪੱਕਾ ਪਤਾ ਨਹੀਂ, ਮਨਪ੍ਰੀਤ ਗਿੱਲ (36) ਬਰੈਂਪਟਨ, ਮਨਦੀਪ ਐੱਸ. ਤੂਰ (44) ਮਿਸੀਸਾਗਾ, ਦਿਲਪ੍ਰੀਤ ਸਿੰਘ (23) ਪੱਕਾ ਪਤਾ ਨਹੀਂ, ਤ੍ਰਿਦੇਵ ਵਰਮਾ (33) ਬਰੈਂਪਟਨ, ਜੋਗਾ ਸਿੰਘ (31) ਪੱਕਾ ਪਤਾ ਨਹੀਂ, ਦਿਲਪ੍ਰੀਤ ਸੈਣੀ (32) ਬਰੈਂਪਟਨ, ਪ੍ਰਿੰਸਦੀਪ ਸਿੰਘ (25) ਬਰੈਂਪਟਨ, ਮਨਪ੍ਰੀਤ ਗਿੱਲ (37) ਬਰੈਂਪਟਨ ਅਤੇ ਗੌਰਵਦੀਪ ਸਿੰਘ (22) ਪੱਕਾ ਪਤਾ ਨਹੀਂ, ਸ਼ਾਮਲ ਹਨ।

## ਸਭ ਤੋਂ ਵੱਡੇ ਕੌਮਾਂਤਰੀ ਡਰੱਗ ਰੈਕੇਟ ’ਚ ਵੀ ਸ਼ਾਮਲ ਸਨ 9 ਪੰਜਾਬੀ

ਕੈਨੇਡਾ ਦੇ ਇਤਿਹਾਸ ਵਿਚ ਜੂਨ 2021 ਵਿਚ ਸਭ ਤੋਂ ਵੱਡੇ ਕੌਮਾਂਤਰੀ ਡਰੱਗ ਰੈਕਟ ਦਾ ਜਦੋਂ ਪਰਦਾਫਾਸ਼ ਹੋਇਆ ਸੀ ਤਾਂ ਇਸ ਵਿਚ ਵੀ ਪੰਜਾਬੀ ਮੂਲ ਦੇ ਭਾਰਤੀ ਪਿੱਛੇ ਨਹੀਂ ਸਨ। ਟੋਰਾਂਟੋ ਪੁਲਿਸ ਨੇ 1 ਹਜ਼ਾਰ ਕਿਲੋਗ੍ਰਾਮ ਤੋਂ ਜ਼ਿਆਦਾ ਡਰੱਗ ਅਤੇ ਨਸ਼ੀਲੇ ਪਦਾਰਥਾਂ ਸਮੇਤ 20 ਲੋਕਾਂ ਨੂੰ ਗ੍ਰਿਫਤਾਰ ਕੀਤਾ ਸੀ। ਫੜੀ ਗਈ ਡਰੱਗਸ ਅਤੇ ਨਸ਼ੀਲੇ ਪਦਾਰਥ ਦੀ ਇੰਟਰਨੈਸ਼ਨਲ ਮਾਰਕੀਟ ਵਿਚ ਕੀਮਤ 61 ਮਿਲੀਅਨ ਡਾਲਰ (3.68 ਅਰਬ ਰੁਪਏ) ਸੀ। ਗ੍ਰਿਫਤਾਰ ਕੀਤੇ ਗਏ ਲੋਕਾਂ ਵਿਚ 9 ਪੰਜਾਬੀ ਮੂਲ ਦੇ ਸਨ। ਇਸ ਰੈਕੇਟ ਦਾ ਪਰਦਾਫਾਸ ਕੈਨੇਡਾਈ ਪੁਲਿਸ ਨੇ ‘ਪ੍ਰਾਜੈਕਟ ਬ੍ਰਿਸਾ’ ਦੇ ਤਹਿਤ ਕੀਤਾ ਸੀ। ਟੋਰਾਂਟੋ ਪੁਲਿਸ ਅਧਿਕਾਰੀਆਂ ਮੁਤਾਬਕ ਦੋਸ਼ੀ ਨਸ਼ੇ ਦੀ ਖੇਪ ਨੂੰ ਮਾਡੀਫਾਈ ਟਰੈਕਟਰ ਟਰੇਲਰਾਂ ਰਾਹੀਂ ਮੈਕਸੀਕੋ, ਕੈਲੀਫੋਰਨੀਆ ਅਤੇ ਕੈਨੇਡਾ ਵਿਚਾਲੇ ਲਿਜਾਂਦੇ ਸਨ। 1000 ਕਿਲੋ ਤੋਂ ਜ਼ਿਆਦਾ ਨਸ਼ੀਲੇ ਪਦਾਰਥਾਂ ਵਿਚ 444 ਕਿਲੋਗ੍ਰਾਮ ਕੋਕੀਨ, 182 ਕਿਲੋਗ੍ਰਾਮ ਕ੍ਰਿਸਟਲ ਮੇਥ, 427 ਕਿਲੋਗ੍ਰਾਮ ਚਰਸ, 300 ਆਕਸੀਕੋਡੋਨ ਗੋਲੀਆਂ ਸ਼ਾਮਲ ਸਨ। ਇਸ ਤੋਂ ਇਲਾਵਾ ਪੁਲਿਸ ਨੇ ਕੈਨੇਡਾ ਦੀ ਕਰੰਸੀ ਵਿਚ 966,000 ਡਾਲਰ, 5 ਟਰੈਕਟਰ ਟਰੇਲਰ ਅਤੇ ਇਕ ਬੰਦੂਕ ਸਮੇਤ 21 ਵਾਹਨ ਵੀ ਜ਼ਬਤ ਕੀਤੇ ਸਨ। 2021 ’ਚ ਡਰੱਗ ਰੈਕੇਟ ਵਿਚ ਫਸੇ 9 ਪੰਜਾਬੀ ਮੂਲ ਦੇ ਲੋਕ ’ਚ ਕੈਲੇਡੋਨ ਤੋਂ 43 ਸਾਲਾ ਔਰਤ ਹਰਵਿੰਦਰ ਭੁੱਲਰ, ਬਰੈਂਪਟਨ ਤੋਂ 37 ਸਾਲਾ ਗੁਰਬਖਸ਼ ਸਿੰਘ, ਕੈਲੇਡੋਨ ਤੋਂ 25 ਸਾਲਾ ਅਮਰਬੀਰ ਸਿੰਘ ਸਰਕਾਰੀਆ, ਕੈਲੇਡੋਨ ਤੋਂ ਹੀ 46 ਸਾਲਾ ਹਰਬਲਜੀਤ ਸਿੰਘ ਤੂਰ, ਕਿਚਨਰ ਤੋਂ 37 ਸਾਲਾ ਸਰਜੰਤ ਸਿੰਘ ਧਾਲੀਵਾਲ, ਕਿਚਨਰ ਤੋਂ 37 ਸਾਲਾ ਗੁਰਵੀਰ ਧਾਲੀਵਾਲ, ਕਿਚਨਰ ਤੋਂ 26 ਸਾਲਾ ਗੁਰਮਨਪ੍ਰੀਤ ਗਰੇਵਾਲ, ਬਰੈਂਪਟਨ ਤੋਂ ਸੁਖਵੰਤ ਬਰਾੜ ਅਤੇ 33 ਸਾਲਾ ਪਰਮਿੰਦਰ ਗਿੱਲ ਸ਼ਾਮਲ ਸਨ। ਜ਼ਿਕਰਯੋਗ ਹੈ ਕਿ ਬੀਤੀ ਅਪ੍ਰੈਲ 2021 ’ਚ ਵੀ ਅਮਰੀਕਨ ਪੁਲਿਸ ਨੇ 20.3 ਲੱਖ ਡਾਲਰ ਦੇ ਇਕ ਇੰਟਰਨੈਸ਼ਨਲ ਡਰੱਗ ਰੈਕੇਟ ਦਾ ਭਾਂਡਾ ਭੰਨ੍ਹਿਆ ਸੀ। ਪੁਲਿਸ ਨੇ ਡਰੱਗ ਸਿੰਡੀਕੇਟ ਦੀ ਸਮੱਗਲਿੰਗ ਕਾਰਨ ਓਨਟਾਰੀਓ ਦੇ 25 ਲੋਕਾਂ ਖਿਲਾਫ ਮਾਮਲੇ ਦਰਜ ਕੀਤੇ ਸਨ।

# ਅਮਰੀਕੀ ਅਦਾਲਤ ਨੇ 4 ਲੋਕਾਂ ਦਾ ਕਤਲ ਕਰਨ ਦੇ ਦੋਸ਼ੀ ਨੂੰ ਸੁਣਾਈ 240 ਸਾਲ ਦੀ ਜੇਲ੍ਹ ਦੀ ਸਜ਼ਾ






**ਇੰਡੀਆਨਾਪੋਲਿਸ, (ਪੰਜਾਬ ਮੇਲ)-** ਅਮਰੀਕਾ ਦੇ ਇੰਡੀਆਨਾਪੋਲਿਸ ਵਿਚ 4 ਲੋਕਾਂ ਦਾ ਗੋਲੀ ਮਾਰ ਕੇ ਕਤਲ ਕਰਨ ਦੇ ਮਾਮਲੇ ਵਿਚ ਦੋਸ਼ੀ ਠਹਿਰਾਏ ਗਏ ਇਕ ਵਿਅਕਤੀ ਨੂੰ 240 ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਇਕ ਨਿਊਜ਼ ਰੀਲੀਜ਼ ਮੁਤਾਬਕ ਫਰਵਰੀ 2020 ਵਿਚ ਹੋਈ ਘਾਤਕ ਗੋਲੀਬਾਰੀ ਦੀ ਘਟਨਾ ਵਿਚ 4 ਨੌਜਵਾਨਾਂ- ਮਾਰਸੇਲ ਵਿਲਸ (20), ਬ੍ਰੈਕਸਟਨ ਫੋਰਡ (21), ਜਾਲਨ ਰੌਬਰਟਸ ਅਤੇ ਇਕ ਕੁੜੀ ਕਿਮਾਰੀ ਹੰਟ (21) ਦੀ ਮੌਤ ਹੋ ਗਈ ਸੀ। ਇਸ ਮਾਮਲੇ ਵਿਚ ਲੇਸਨ ਵਾਟਕਿੰਸ ਨੂੰ ਕਤਲ ਅਤੇ ਡਕੈਤੀ ਦੇ ਨਤੀਜੇ ਵਜੋਂ ਗੰਭੀਰ ਸੱਟਾਂ ਪਹੁੰਚਾਉਣ ਦੇ ਦੋਸ਼ ਵਿਚ ਮਾਰਚ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਸੀ।

ਮੈਰੀਅਨ ਕਾਊਂਟੀ ਦੇ ਵਕੀਲ ਰੇਆਨ ਮੀਅਰਸ ਨੇ ਨਿਊਜ਼ ਰੀਲੀਜ਼ ’ਚ ਕਿਹਾ, ‘2020 ਵਿਚ ਹੋਈ ਇਸ ਘਟਨਾ ਨੇ ਸਾਰਿਆਂ ਨੂੰ ਦਹਿਲਾ ਦਿੱਤਾ ਸੀ।’ ਪਿਛਲੇ ਮਹੀਨੇ ਵਾਟਕਿੰਸ ਨਾਲ ਦੋਸ਼ੀ ਠਹਿਰਾਏ ਗਏ ਕੈਮਰਨ ਬੈਂਕਸ ਅਤੇ ਡੇਸਮੰਡ ਬੈਂਕ ਨੂੰ 220-220 ਸਾਲ ਦੀ ਸਜ਼ਾ ਸੁਣਾਈ ਗਈ ਸੀ, ਜਦੋਂਕਿ ਇਕ ਚੌਥੇ ਦੋਸ਼ੀ ਰੋਡਰਿਗਜ਼ ਐਂਡਰਸਨ ਨੂੰ ਪਿਛਲੇ ਸਾਲ ਅਕਤੂਬਰ ਵਿਚ ਲੁੱਟ ਦੇ 4 ਮਾਮਲਿਆਂ ਵਿਚ ਦੋਸ਼ੀ ਠਹਿਰਾਇਆ ਗਿਆ ਸੀ। ਉਸ ਨੂੰ 5 ਸਾਲ ਦੀ ਮੁਅੱਤਲ ਸਜ਼ਾ ਨਾਲ ਕੁੱਲ 35 ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਸੀ।

# ਮਿਸੀਸਾਗਾ ’ਚ ਪੰਜਾਬੀ ਕੁੜੀ ਦਾ ਕਤਲ ਕਰਨ ਵਾਲੇ ਖਿਲਾਫ ਕੈਨੇਡਾ ਭਰ ’ਚ ਵਾਰੰਟ ਜਾਰੀ



**ਬਰੈਂਪਟਨ, (ਪੰਜਾਬ ਮੇਲ)-**ਮਿਸੀਸਾਗਾ ’ਚ ਗੈਸ ਸਟੇਸ਼ਨ ’ਤੇ ਇਕ ਮਹਿਲਾ ਨੂੰ ਪੂਰੀ ਪਲਾਨਿੰਗ ਤੋਂ ਬਾਅਦ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰਨ ਵਾਲੇ ਵਿਅਕਤੀ ਖਿਲਾਫ ਪੀਲ ਰੀਜਨਲ ਪੁਲਿਸ ਵੱਲੋਂ ਕੈਨੇਡਾ ਭਰ ’ਚ ਵਾਰੰਟ ਜਾਰੀ ਕੀਤੇ ਗਏ ਹਨ। ਪੁਲਿਸ ਨੇ ਦੱਸਿਆ ਕਿ 3 ਦਸੰਬਰ, 2022 ਦਿਨ ਸ਼ਨਿਚਰਵਾਰ ਨੂੰ ਰਾਤੀਂ 10:40 ਦੇ ਨੇੜੇ ਤੇੜੇ ਕ੍ਰੈਡਿਟਵਿਊ ਤੇ ਬ੍ਰਿਟੇਨੀਆ ਰੋਡਜ਼ ’ਤੇ ਸਥਿਤ ਪੈਟਰੋ ਕੈਨੇਡਾ ਗੈਸ ਸਟੇਸ਼ਨ ’ਤੇ ਕਿਸੇ ਅਣਪਛਾਤੇ ਵਿਅਕਤੀ ਨੇ ਬਰੈਂਪਟਨ ਦੀ 21 ਸਾਲਾ ਪਵਨਪ੍ਰੀਤ ਕੌਰ ਨੂੰ ਗੋਲੀਆਂ ਮਾਰ ਕੇ ਮਾਰ ਸੁੱਟਿਆ। ਜਾਂਚਕਾਰਾਂ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਪਵਨਪ੍ਰੀਤ ਕੌਰ ਉਸ ਸਮੇਂ ਗੈਸ ਸਟੇਸ਼ਨ ’ਤੇ ਕੰਮ ਕਰ ਰਹੀ ਸੀ ਤੇ ਪੁਲਿਸ ਨੇ ਦੱਸਿਆ ਕਿ ਉਸ ਨੂੰ ਸੋਚ ਸਮਝ ਕੇ ਪਲਾਨਿੰਗ ਨਾਲ ਮਾਰਿਆ ਗਿਆ ਹੈ।



# ਜਲੰਧਰ ਜ਼ਿਮਨੀ ਚੋਣ 'ਚ ਸਿਮਰਜੀਤ ਬੈਂਸ ਵੱਲੋਂ ਭਾਜਪਾ ਉਮੀਦਵਾਰ ਦੀ ਹਮਾਇਤ

**ਵਿਜੈ ਰੂਪਾਨੀ ਦੀ ਹਾਜ਼ਰੀ 'ਚ ਕੀਤਾ ਐਲਾਨ**

**ਜਲੰਧਰ, (ਪੰਜਾਬ ਮੇਲ)-** ਜਲੰਧਰ ਜ਼ਿਮਨੀ ਚੋਣ 'ਚ ਭਾਜਪਾ ਉਮੀਦਵਾਰ ਨੂੰ ਉਦੋਂ ਹੁਲਾਰਾ ਮਿਲਿਆ ਜਦੋਂ ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਤੇ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਭਾਜਪਾ ਨੂੰ ਹਮਾਇਤ ਦੇਣ ਦਾ ਐਲਾਨ ਕਰ ਦਿੱਤਾ। ਇੱਥੇ ਭਾਜਪਾ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਅਤੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੈ ਰੂਪਾਨੀ ਦੀ ਹਾਜ਼ਰੀ ਵਿਚ ਉਨ੍ਹਾਂ ਨੇ ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ।



ਸਿਮਰਜੀਤ ਸਿੰਘ ਬੈਂਸ ਜਲੰਧਰ ਜ਼ਿਮਨੀ ਚੋਣ ਲਈ ਭਾਜਪਾ ਦੀ ਹਮਾਇਤ ਦਾ ਐਲਾਨ ਕਰਦੇ ਹੋਏ।

ਸਿਮਰਜੀਤ ਸਿੰਘ ਬੈਂਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਸਿਫ਼ਤਾਂ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਪਹੁੰਚ ਪੰਜਾਬ ਤੇ ਸਿੱਖ ਪੱਖੀ ਹੈ। ਬੈਂਸ ਨੇ ਕਿਹਾ ਕਿ ਉਨ੍ਹਾਂ ਦੀ ਇੱਛਾ ਹੈ ਕਿ ਕੇਂਦਰ ਵਿਚ 2024 ਵਿਚ ਮੁੜ ਪ੍ਰਧਾਨ ਮੰਤਰੀ ਨਰਿਦਰ ਮੋਦੀ ਦੀ ਅਗਵਾਈ ਵਿਚ ਸਰਕਾਰ ਬਣੇ ਤੇ ਪੰਜਾਬ ਵਿਚ 2027 ਵਿਚ ਭਾਜਪਾ ਦੀ ਸਰਕਾਰ ਬਣੇ। ਉਨ੍ਹਾਂ ਕਿਹਾ ਕਿ ਦੁਨੀਆਂ ਭਰ ਵਿਚ ਦੇਸ਼ ਦਾ ਨਾਂ ਉੱਚਾ ਕਰਨ ਵਿਚ ਨਰਿੰਦਰ ਮੋਦੀ ਦੀ ਮੋਹਰੀ ਭੂਮਿਕਾ ਰਹੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰਾਂ ਸਮੇਂ ਭ੍ਰਿਸ਼ਟਾਚਾਰ ਦਾ ਬੋਲਬਾਲਾ ਰਿਹਾ ਹੈ। ਸਿਰਮਜੀਤ ਸਿੰਘ ਬੈਂਸ ਅਤੇ ਉਨ੍ਹਾਂ ਦੇ ਭਰਾ ਬਲਵਿੰਦਰ ਸਿੰਘ ਬੈਂਸ ਨੇ 2012 'ਚ ਪੰਜਾਬ ਵਿਧਾਨ ਸਭਾ ਦੀ ਚੋਣ ਆਜ਼ਾਦ ਉਮੀਦਵਾਰ ਵਜੋਂ ਲੜੀ ਅਤੇ ਦੋਵੇ ਭਰਾ ਵੱਡੇ ਫ਼ਰਕ ਨਾਲ ਜਿੱਤੇ ਸਨ। ਸਿਮਰਜੀਤ ਸਿੰਘ ਬੈਂਸ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਲੋਕ ਇਨਸਾਫ਼ ਪਾਰਟੀ ਬਣਾਈ ਤੇ 'ਆਪ' ਨਾਲ ਵੀ ਗੱਠਜੋੜ ਕੀਤਾ, ਪਰ ਉਹ ਸਿਰਫ਼ ਦੋ ਸੀਟਾਂ ਹੀ ਬਚਾ ਸਕੇ। ਇਸ ਵਾਰ 2022 ਦੀਆਂ ਚੋਣਾਂ ਇਕੱਲਿਆਂ ਲੜੀਆਂ, ਪਰ ਝਾੜੂ ਅੱਗੇ ਉਹ ਟਿਕ ਨਾ ਸਕੇ। ਇਸ ਮੌਕੇ ਭਾਜਪਾ ਆਗੂ ਵਿਜੈ ਰੂਪਾਨੀ, ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੇ ਕਿਹਾ ਕਿ ਸਿਮਰਜੀਤ ਸਿੰਘ ਬੈਂਸ ਦੇ ਸਮਰਥਨ ਨਾਲ ਭਾਜਪਾ ਮਜ਼ਬੂਤ ਹੋਈ ਹੈ।

# ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦਰਮਿਆਨ ਨਹੁੰ-ਮਾਸ ਦਾ ਰਿਸ਼ਤਾ ਮੁੜ ਬਣਨਾ ਸੌਖਾ ਨਹੀਂ

**ਗੱਠਜੋੜ ਦੀ ਸੰਭਾਵਨਾ ਨੂੰ ਬਰੇਕ ਲੱਗੀ; ਜਲੰਧਰ ਜ਼ਿਮਨੀ ਚੋਣ ਤੈਅ ਕਰੇਗੀ ਭਵਿੱਖ ਦਾ ਰਿਸ਼ਤਾ**

**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਰਮਿਆਨ ਹੁਣ ਨਹੁੰ-ਮਾਸ ਦਾ ਰਿਸ਼ਤਾ ਮੁੜ ਬਣਨਾ ਸੌਖਾ ਨਹੀਂ ਹੋਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਰਧਾਂਜਲੀ ਭੇਟ ਕਰਨ ਵਾਸਤੇ ਵਿਸ਼ੇਸ਼ ਤੌਰ 'ਤੇ ਪੁੱਜਣ ਨਾਲ ਗੱਠਜੋੜ ਮੁੜ ਹੋਣ ਦੇ ਕਿਆਸ ਸ਼ੁਰੂ ਹੋ ਗਏ ਸਨ, ਜਿਨ੍ਹਾਂ ਨੂੰ ਭਾਜਪਾ ਆਗੂਆਂ ਨੇ ਖਾਰਜ ਕਰ ਦਿੱਤਾ ਹੈ। ਜਲੰਧਰ ਜ਼ਿਮਨੀ ਚੋਣ ਦੌਰਾਨ ਭਵਿੱਖ 'ਚ ਅਕਾਲੀ-ਭਾਜਪਾ ਦਾ ਸੰਭਾਵੀ ਗੱਠਜੋੜ ਦੀ ਸੰਭਾਵਨਾ ਨੂੰ ਬਰੇਕ ਲੱਗ ਗਈ ਹੈ। ਸਿਆਸੀ ਮਾਹਿਰ ਆਖਦੇ ਹਨ ਕਿ ਭਵਿੱਖ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਰਮਿਆਨ ਗੱਠਜੋੜ ਹੋਣ ਦੇ ਆਸਾਰ ਕਾਫ਼ੀ ਮੱਧਮ ਜਾਪਦੇ ਹਨ। ਸਿਆਸੀ ਹਲਕੇ ਆਖਦੇ ਹਨ ਕਿ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਖ਼ਾਸ ਕਰ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦਾ ਪੂਰਾ ਸਤਿਕਾਰ ਕਰਦੇ ਸਨ ਪ੍ਰੰਤੂ ਹੁਣ ਜਦੋਂ ਵੱਡੇ ਬਾਦਲ ਇਸ ਦੁਨੀਆਂ ਵਿਚ ਨਹੀਂ ਰਹੇ ਤਾਂ ਉਨ੍ਹਾਂ ਦੀ ਗ਼ੈਰਮੌਜੂਦਗੀ ਵੀ ਗੱਠਜੋੜ ਦੀਆਂ ਸੰਭਾਵਨਾਵਾਂ ਨੂੰ ਪ੍ਰਭਾਵਿਤ ਕਰੇਗੀ।

ਭਾਜਪਾ ਵੱਡੇ ਬਾਦਲ ਦੇ ਚਲੇ ਜਾਣ ਮਗਰੋਂ ਇਸ ਗੱਲ 'ਤੇ ਨਜ਼ਰ ਰੱਖੇਗੀ ਕਿ ਪੰਜਾਬ ਦੇ ਲੋਕ ਹੁਣ ਅਕਾਲੀ ਦਲ ਨੂੰ ਕਿਸ ਤਰ੍ਹਾਂ ਦਾ ਹੁੰਗਾਰਾ ਦਿੰਦੇ ਹਨ। ਭਾਜਪਾ ਦੇ ਸੀਨੀਅਰ ਨੇਤਾ ਆਖਦੇ ਹਨ ਕਿ ਅਕਾਲੀ ਦਲ ਨੇ ਉਸ ਵੇਲੇ ਭਾਜਪਾ ਦਾ ਹੱਥ ਛੱਡਿਆ ਸੀ, ਜਦੋਂ ਪਾਰਟੀ ਔਖੇ ਦੌਰ ਵਿਚੋਂ ਦੀ ਲੰਘ ਰਹੀ ਸੀ। ਇਹ ਵੀ ਆਖਿਆ ਜਾ ਰਿਹਾ ਹੈ ਕਿ ਭਾਜਪਾ ਨਾਲੋਂ ਗੱਠਜੋੜ ਤੋੜਨ ਦੀ ਪਹਿਲ ਅਕਾਲੀ ਦਲ ਨੇ ਕੀਤੀ ਸੀ। ਸੂਤਰ ਆਖਦੇ ਹਨ ਕਿ ਜਦੋਂ ਕਦੇ ਗੱਠਜੋੜ ਦੀ ਮੁੜ ਗੱਲ ਚੱਲੇਗੀ, ਤਾਂ ਭਾਜਪਾ ਉਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦਾ ਸਿਆਸੀ ਵਜ਼ਨ ਵੀ ਤੋਲੇਗੀ। ਚੇਤੇ ਰਹੇ ਕਿ ਪਿਛਲੇ ਸਮੇਂ ਦੌਰਾਨ ਭਾਜਪਾ ਵਿਚ ਵੱਡੇ ਕਾਂਗਰਸੀ ਚਿਹਰੇ ਵੀ ਸ਼ਾਮਲ ਹੋਏ ਹਨ, ਜੋ ਅੰਦਰੋਂ ਕਦੇ ਨਹੀਂ ਚਾਹੁਣਗੇ ਕਿ ਅਕਾਲੀ ਦਲ ਤੇ ਭਾਜਪਾ ਦਾ ਗੱਠਜੋੜ ਹੋਵੇ। ਕਾਂਗਰਸ ਤੋਂ ਭਾਜਪਾਈ ਬਣੇ ਆਗੂਆਂ ਨੂੰ ਗੱਠਜੋੜ ਹੋਣ ਦੀ ਸੂਰਤ ਵਿਚ ਆਪਣੀ ਭਵਿੱਖ ਦੀ ਉਮੀਦਵਾਰੀ ਖ਼ਤਰੇ ਵਿਚ ਪੈਂਦੀ ਨਜ਼ਰ ਆਵੇਗੀ। ਭਾਜਪਾ ਪੰਜਾਬ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਆਖ ਚੁੱਕੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਨਾਲ ਕੋਈ ਗੱਠਜੋੜ ਨਹੀਂ ਹੋਵੇਗਾ ਤੇ ਭਾਜਪਾ ਆਪਣੇ ਬਲਬੂਤੇ ਚੋਣਾਂ ਲੜੇਗੀ। ਪਤਾ ਲੱਗਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਕਈ ਸੀਨੀਅਰ ਨੇਤਾ ਭਾਜਪਾ ਨਾਲ ਚੋਣ ਸਮਝੌਤਾ ਹੋਣ ਦੀ ਕਾਹਲ ਵਿਚ ਵੀ ਜਾਪਦੇ ਹਨ। ਸਿਆਸੀ ਹਲਕੇ ਆਖਦੇ ਹਨ ਕਿ ਕੌਮੀ ਪੱਧਰ 'ਤੇ ਭਾਜਪਾ ਚੜ੍ਹਤ ਵਿਚ ਹੈ, ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਨਿਵਾਣ 'ਚੋਂ ਉੱਭਰ ਨਹੀਂ ਰਿਹਾ ਹੈ। ਭਾਜਪਾ ਨੇ ਜਲੰਧਰ ਜ਼ਿਮਨੀ ਚੋਣ 'ਤੇ ਧਿਆਨ ਕੇਂਦਰਿਤ ਕੀਤਾ ਹੋਇਆ ਹੈ, ਜਿਸ ਦੇ ਨਤੀਜੇ ਸੰਭਾਵੀ ਗੱਠਜੋੜ ਦਾ ਭਵਿੱਖ ਤੈਅ ਕਰਨਗੇ। ਸੰਗਰੂਰ ਦੀ ਜ਼ਿਮਨੀ ਚੋਣ ਵਿਚ ਭਾਜਪਾ ਉਮੀਦਵਾਰ ਨੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨਾਲੋਂ ਵੱਧ ਵੋਟ ਹਾਸਲ ਕੀਤੀ ਸੀ। ਸਿਆਸੀ ਵਿਸ਼ਲੇਸ਼ਕ ਆਖਦੇ ਹਨ ਕਿ ਕਿਸੇ ਮੋੜ 'ਤੇ ਗੱਠਜੋੜ ਹੋਣ ਦਾ ਮਾਹੌਲ ਬਣਿਆ ਤਾਂ ਭਾਜਪਾ ਪੱਲੜਾ ਭਾਰੀ ਰੱਖੇਗੀ।

# ਸੁਪਰੀਮ ਕੋਰਟ ਵੱਲੋਂ ਬਾਦਲ ਪਿਓ-ਪੁੱਤ ਖ਼ਿਲਾਫ਼ ਧੋਖਾਧੜੀ ਮਾਮਲੇ 'ਚ ਅਪਰਾਧਿਕ ਕਾਰਵਾਈ ਰੱਦ

**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੇ ਸਵਰਗੀ ਪਿਤਾ ਪ੍ਰਕਾਸ਼ ਸਿੰਘ ਬਾਦਲ ਵਿਰੁੱਧ ਧੋਖਾਧੜੀ ਕੇਸ ਵਿਚ ਚੱਲ ਰਹੀ ਅਪਰਾਧਿਕ ਕਾਰਵਾਈ ਨੂੰ ਰੱਦ ਕਰ ਦਿੱਤਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਹੇਠਲੀ ਅਦਾਲਤ ਦੁਆਰਾ ਜਾਰੀ ਸੰਮਨ ਕਾਨੂੰਨ ਦੀ ਪ੍ਰਕਿਰਿਆ ਦੀ ਦੁਰਵਰਤੋਂ ਤੋਂ ਇਲਾਵਾ ਕੁਝ ਨਹੀਂ ਸੀ। ਪ੍ਰਕਾਸ਼ ਸਿੰਘ ਬਾਦਲ ਦੀ ਮੁਹਾਲੀ ਦੇ ਇੱਕ ਨਿੱਜੀ ਹਸਪਤਾਲ ਵਿਚ ਮੌਤ ਹੋ ਗਈ ਸੀ। ਉਹ 95 ਸਾਲ ਦੇ ਸਨ।



ਜਸਟਿਸ ਐੱਮ.ਆਰ ਸ਼ਾਹ ਅਤੇ ਜਸਟਿਸ ਸੀ.ਟੀ. ਰਵੀਕੁਮਾਰ ਦੇ ਬੈਂਚ ਨੇ ਪੰਜਾਬ ਦੇ ਹੁਸ਼ਿਆਰਪੁਰ ਵਿਖੇ ਹੇਠਲੀ ਅਦਾਲਤ ਵੱਲੋਂ ਜਾਰੀ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਬਰਕਰਾਰ ਰੱਖੇ ਸੰਮਨ ਨੂੰ ਰੱਦ ਕਰ ਦਿੱਤਾ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ 11 ਅਪ੍ਰੈਲ ਨੂੰ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਬਾਦਲ ਅਤੇ ਸੀਨੀਅਰ ਅਕਾਲੀ ਆਗੂ ਦਲਜੀਤ ਸਿੰਘ ਚੀਮਾ ਦੀਆਂ ਪਟੀਸ਼ਨਾਂ 'ਤੇ ਆਪਣਾ ਫ਼ੈਸਲਾ ਸੁਰੱਖਿਅਤ ਰੱਖ ਲਿਆ ਸੀ।

## ਸੁਪਰੀਮ ਕੋਰਟ ਵੱਲੋਂ ਨਫ਼ਰਤੀ ਤਕਰੀਰਾਂ ਕਰਨ ਵਾਲਿਆਂ ਖ਼ਿਲਾਫ਼ ਬਿਨਾਂ ਸ਼ਿਕਾਇਤ ਤੋਂ ਵੀ ਕੇਸ ਦਰਜ ਕਰਨ ਦੇ ਨਿਰਦੇਸ਼

**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਨੇ ਆਪਣੇ 2022 ਦੇ ਹੁਕਮਾਂ ਦਾ ਦਾਇਰਾ ਤਿੰਨ ਸੂਬਿਆਂ ਤੋਂ ਅੱਗੇ ਵਧਾਉਂਦੇ ਹੋਏ ਸਾਰੇ ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਨਫ਼ਰਤੀ ਤਕਰੀਰਾਂ ਕਰਨ ਵਾਲਿਆਂ ਖ਼ਿਲਾਫ਼ ਕੇਸ ਦਰਜ ਕਰਨ ਦੇ ਹੁਕਮ ਦਿੱਤੇ ਹਨ, ਭਾਵੇਂ ਕਿ ਇਸ ਸਬੰਧ ਵਿਚ ਕੋਈ ਸ਼ਿਕਾਇਤ ਨਾ ਵੀ ਆਵੇ।

ਜਸਟਿਸ ਕੇ.ਐੱਮ. ਜੋਜ਼ਫ ਅਤੇ ਜਸਟਿਸ ਬੀ.ਵੀ. ਨਾਗਰਤਨਾ ਨੇ ਨਫ਼ਰਤੀ ਤਕਰੀਰਾਂ ਨੂੰ ਇਕ ਗੰਭੀਰ ਅਪਰਾਧ ਕਰਾਰ ਦਿੰਦਿਆਂ ਕਿਹਾ ਕਿ ਅਜਿਹੀਆਂ ਤਕਰੀਰਾਂ ਦੇਸ਼ ਦੇ ਧਰਮ ਨਿਰਪੱਖ ਢਾਂਚੇ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।" ਬੈਂਚ ਨੇ ਕਿਹਾ ਕਿ 21 ਅਕਤੂਬਰ 2022 ਦੇ ਹੁਕਮ ਹਰੇਕ ਧਰਮ 'ਤੇ ਲਾਗੂ ਹੋਣਗੇ ਅਤੇ ਬੈਂਚ ਨੇ ਚਿਤਾਵਨੀ ਦਿੱਤੀ ਕਿ ਇਸ ਸਬੰਧੀ ਕੇਸ ਦਰਜ ਕਰਨ ਵਿਚ ਕੀਤੀ ਗਈ ਕਿਸੇ ਵੀ ਤਰ੍ਹਾਂ ਦੀ ਦੇਰੀ ਨੂੰ ਅਦਾਲਤ ਦੀ ਹੱਤਕ ਮੰਨਿਆ ਜਾਵੇਗਾ।




# ਟੋਰਾਂਟੋ ਖਾਲਸਾ ਰੰਗ ਵਿਚ ਰੰਗਿਆ





**ਟੋਰਾਂਟੋ, (ਸੁਰਜੀਤ ਸਿੰਘ ਫਲੋਰਾ/ਪੰਜਾਬ ਮੇਲ)-** ਓਨਟਾਰੀਓ ਸਿੱਖਸ ਐਂਡ ਗੁਰਦੁਆਰਾਜ਼ ਕੌਂਸਲ ਵਲੋਂ ਸਾਲਾਨਾ ਪਰੇਡ ਦਾ ਆਯੋਜਨ ਕਰਦੀ ਹੈ। ਹਰ ਸਾਲ ਹਜ਼ਾਰਾਂ ਪ੍ਰਤੀਭਾਗੀ ਅਤੇ ਦਰਸ਼ਕ ਇਸ ਪਰੇਡ ਵਿਚ ਸ਼ਾਮਲ ਹੁੰਦੇ ਹਨ, ਜੋ ਕਿ ਦੇਸ਼ ਵਿਚ ਤੀਜੀ ਸਭ ਤੋਂ ਵੱਡੀ ਪਰੇਡ ਹੈ, ਜਿਸ ਵਿਚ ਵੱਡੀ ਗਿਣਤੀ ਵਿਚ ਭਾਈਚਾਰਾ ਸ਼ਾਮਲ ਹੁੰਦਾ ਹੈ। ਇਸ ਅਮੀਰ ਸੱਭਿਆਚਾਰਕ ਸਮਾਗਮ ਵਿਚ ਹੋਰ ਨਸਲਾਂ ਅਤੇ ਸੱਭਿਆਚਾਰਾਂ ਦੇ ਭਾਗੀਦਾਰਾਂ ਦਾ ਵੀ ਸਵਾਗਤ ਕੀਤਾ ਜਾਂਦਾ ਹੈ।

ਹਜ਼ਾਰਾਂ ਸੰਗਤਾਂ ਵਲੋਂ ਸੀ.ਏ.ਈ. ਗਰਾਊਂਡ ਤੋਂ ਟੋਰਾਂਟੋ ਦੇ ਸਿਟੀ ਹਾਲ ਤੱਕ ਦੇ ਨਗਰ ਕੀਰਤਨ ਵਿਚ ਹਿੱਸਾ ਲਿਆ। ਇਸ ਸਮਾਗਮ ਵਿਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਬਰੈਂਪਟਨ ਦੇ ਐੱਮ.ਪੀ. ਰੂਬੀ ਸਹੋਤਾ, ਸੋਨੀਆ ਸਿੱਧੂ, ਮਨਿੰਦਰ ਸਿੱਧੂ ਸ਼ਫਕਤ ਅਲੀ, ਹਰਜੀਤ ਸੱਜਣ ਤੇ ਕੈਨੇਡਾ ਦੀਆਂ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਦੇ ਨਾਲ-ਨਾਲ ਐੱਮ.ਪੀ. ਇਕਵਿੰਦਰ ਐੱਸ. ਗਹੀਰ, ਐਡਮ ਵੈਨ, ਕੋਵਰਡੇਨ ਰੀਚੀ ਵਾਲਡੇਜ਼ ਉਮਰ ਅਲਘਬਰਾ ਲੀਹ ਟੇਲਰ ਰਾਏ ਅਤੇ ਓਨਟਾਰੀਓ ਦੇ ਖਜ਼ਾਨਾ ਮੰਤਰੀ ਪ੍ਰਭਮੀਤ ਸਿੰਘ ਸਰਕਾਰੀਆਂ ਵਲੋਂ ਸ਼ਿਰਕਤ ਕੀਤੀ।



ਪ੍ਰਧਾਨ ਮੰਤਰੀ ਟਰੂਡੋ ਨੇ ਕਿਹਾ ਕਿ ਵੈਨਕੂਵਰ ਤੋਂ ਐਡਮਿੰਟਨ ਅਤੇ ਟੋਰਾਂਟੋ ਤੱਕ, ਮੇਰੇ ਕੋਲ ਵਿਸਾਖੀ ਦੇ ਜਸ਼ਨਾਂ ਵਿਚ ਸ਼ਾਮਲ ਹੋਣ ਦੀਆਂ ਮਨਮੋਹਕ ਯਾਦਾਂ ਹਨ। ਅਸੀਂ ਇਸ ਸਾਲ ਦੀ ਖਾਲਸਾ ਡੇਅ ਪਰੇਡ ਲਈ ਟੋਰਾਂਟੋ ਵਿਚ ਵਾਪਸ ਆਏ ਸੀ - ਪੁਰਾਣੇ ਅਤੇ ਨਵੇਂ ਦੋਸਤਾਂ ਨਾਲ ਜਸ਼ਨ ਮਨਾਉਂਦੇ ਹੋਏ। ਇਹ ਇਸ ਤੱਥ ਦਾ ਜਸ਼ਨ ਮਨਾਉਣ ਦਾ ਬਹੁਤ ਵਧੀਆ ਸਮਾਂ ਹੈ ਕਿ ਕੈਨੇਡਾ ਇੱਕ ਅਜਿਹਾ ਦੇਸ਼ ਹੈ, ਜੋ ਮਲਟੀਕਲਚਰ ਦੇਸ਼ ਦੇ ਲੋਕਾਂ ਦੇ ਸਹਿਯੋਗ ਕਾਰਨ ਮਜ਼ਬੂਤ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਦੇਸ਼ ਸਾਰੇ ਧਰਮਾਂ ਅਤੇ ਸੱਭਿਆਚਾਰਾਂ ਦੇ ਸਕਾਰਾਤਮਕ ਪਹਿਲੂਆਂ ਨੂੰ ਗਲੇ ਲਗਾ ਕੇ ਉਤਸ਼ਾਹਿਤ ਕਰਦਾ ਹੈ। ਵਿਭਿੰਨਤਾ ਨੇ ਇੱਕ ਅਜਿਹੇ ਸਮਾਜ ਦੇ ਵਿਕਾਸ ਵਿਚ ਯੋਗਦਾਨ ਪਾਇਆ ਹੈ, ਜੋ ਵਿਭਿੰਨ ਅਤੇ ਸਦਭਾਵਨਾ ਵਾਲਾ ਹੈ।

ਪ੍ਰਦਰਸ਼ਨੀ ਸਥਾਨ ਤੋਂ ਨਾਥਨ ਫਿਲਿਪਸ ਸਕੁਆਇਰ ਤੱਕ ਹੋਈ ਪਰੇਡ ਵਿਚ ਹਜ਼ਾਰਾਂ ਤੋਂ ਵੱਧ ਲੋਕਾਂ ਨੇ ਹਿੱਸਾ ਲਿਆ। ਖ਼ਰਾਬ ਮੌਸਮ ਦੇ ਬਾਵਜੂਦ ਸਮਾਗਮ ਵਿਚ ਚੰਗਾ ਹੁੰਗਾਰਾ ਮਿਲਿਆ।

ਖਾਲਸਾ ਡੇਅ ਪਰੇਡ ਕੈਨੇਡੀਅਨ ਸਿੱਖ ਭਾਈਚਾਰੇ ਦੇ ਅੰਦਰ ਇਕਜੁੱਟਤਾ ਦਾ ਪ੍ਰਗਟਾਵਾ ਹੈ, ਜੋ ਹਰ ਕਿਸੇ ਨੂੰ ਬਾਹਰ ਆਉਣ ਅਤੇ ਉਨ੍ਹਾਂ ਨਾਲ ਦਿਨ ਸਾਂਝਾ ਕਰਨ ਲਈ ਸੱਦਾ ਦਿੰਦਾ ਹੈ। ਇਹ ਵਿਸ਼ਵ ਭਰ ਵਿਚ ਇਕਸੁਰਤਾ ਵਿਚ ਸਿੱਖ ਵਿਸ਼ਵਾਸ ਦੀ ਪੁਸ਼ਟੀ ਕਰਦਾ ਹੈ।

ਵਿਸਾਖੀ, ਜਿਸ ਨੂੰ ਖਾਲਸਾ ਸ਼ਾਂਤਮਈ ਵੀ ਜਾਣਿਆ ਜਾਂਦਾ ਹੈ, 1699 ਵਿਚ ਸਿੱਖ ਕੌਮ ਦੀ ਸਥਾਪਨਾ ਦੀ ਯਾਦ ਮਨਾਇਆ ਜਾਂਦਾ ਹੈ।

"ਇਹ ਸਾਡੇ ਲਈ ਬਹੁਤ ਮਹੱਤਪੂਰਨ ਦਿਨ ਹੁੰਦਾ ਹੈ ਅਤੇ ਇਹ ਦਿਨ ਦੀਆਂ ਸਿੱਖਿਆਵਾਂ ਦੇ ਕਾਰਨ ਬਹੁਤ ਖੁਸ਼ਕਿਸਮਤ ਉਚੇਚਾ ਅਭਿਆਸ ਕਰਦੇ ਹਾਂ। ਇਹ ਸਾਰੇ ਭਾਈਚਾਰਿਆਂ ਨਾਲ ਸਾਂਝ ਪੈਦਾ ਕਰਨ ਅਤੇ ਸਿੱਖ ਧਰਮ ਬਾਰੇ ਪ੍ਰਾਈ ਧਰਤੀ 'ਤੇ ਪ੍ਰਚਾਰ ਕਰਨ ਦਾ ਇਕ ਬਹੁਤ ਵਧਿਆ ਮੌਕਾ ਹੁੰਦਾ ਹੈ। ਗੁਰਬਿੰਦਰ ਸਿੰਘ ਤੇ ਸੰਦੀਪ ਕੌਰ ਨੇ ਕਿਹਾ ਕਿ ਸਿੱਖ ਪ੍ਰੰਪਰਾਵਾਂ ਨੂੰ ਵਿਵਹਾਰ ਅਤੇ ਸਿੱਖਣਾ ਲਈ ਵੀ ਲੋੜੀਂਦਾ ਹੈ ਇਹ ਖਾਸ ਦਿਨ।

# ਅਮਰੀਕਾ 'ਚ ਮਨੁੱਖੀ ਤਸਕਰੀ ਕਰਨ ਦੇ ਦੋਸ਼ 'ਚ ਸੁਣਾਈ ਗਈ 15 ਮਹੀਨਿਆਂ ਦੀ ਸਜ਼ਾ

**ਟੈਕਸਾਸ, (ਪੰਜਾਬ ਮੇਲ)-** ਮੈਕਸੀਕੋ ਤੋਂ 71 ਗੈਰ-ਨਾਗਰਿਕਾਂ ਨੂੰ ਅਮਰੀਕਾ 'ਚ ਸਮਗਲ ਕਰਨ ਦੇ ਦੋਸ਼ ਹੇਠ ਯੂ.ਐੱਸ. ਡਿਸਟ੍ਰਿਕਟ ਜੱਜ ਡਾਇਨਾ ਸਲਡਾਨਾ ਨੇ ਟੈਕਸਾਸ 48 ਸਾਲਾ ਡੈਨੀ ਫੁਏਨਟੇਸ ਨੂੰ 15 ਮਹੀਨਿਆਂ ਦੀ ਸਜ਼ਾ ਸੁਣਾਈ ਹੈ। ਸਜ਼ਾ ਤੋਂ ਬਾਅਦ ਉਹ ਤਿੰਨ ਸਾਲਾਂ ਦੀ ਨਿਗਰਾਨੀ ਦੀ ਰਿਹਾਈ ਵਿਚ ਰਹੇਗਾ। ਅਦਾਲਤੀ ਦਸਤਾਵੇਜ਼ਾਂ ਦੇ ਅਨੁਸਾਰ, 15 ਜੂਨ, 2022 ਨੂੰ ਡੈਨੀ 71 ਬੰਦਿਆਂ ਸਮੇਤ ਇਕ ਟਰੱਕ 'ਤੇ ਆ ਰਿਹਾ ਸੀ, ਜਦੋਂ ਸੁਰੱਖਿਆ ਦਸਤਿਆਂ ਨੇ ਉਸ ਨੂੰ ਰੋਕਿਆ, ਤਾਂ ਅੱਗੋਂ ਡੈਨੀ ਘਬਰਾ ਗਿਆ। ਉਸ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਉਹ ਸੂਰ ਦਾ ਮਾਸ ਢੋਅ ਰਿਹਾ ਹੈ। ਸ਼ੱਕ ਪੈਣ 'ਤੇ ਅਧਿਕਾਰੀਆਂ ਨੇ ਜਦੋਂ ਟਰੱਕ ਦੇ ਟ੍ਰੇਲਰ ਨੂੰ ਖੋਲ੍ਹ ਕੇ ਦੇਖਿਆ, ਤਾਂ ਉਸ ਵਿਚੋਂ 71 ਗੈਰ ਨਾਗਰਿਕ ਬਰਾਮਦ ਹੋਏ, ਜਿਨ੍ਹਾਂ ਵਿਚ 5 ਬੱਚੇ ਵੀ ਸ਼ਾਮਲ ਸਨ। ਬਰਾਮਦੀ ਵਕਤ ਟਰੱਕ ਦੇ ਅੰਦਰ ਕਾਫੀ ਗਰਮੀ ਸੀ, ਜਿਸ ਕਰਕੇ ਟਰੱਕ ਵਿਚ ਸਵਾਰ ਵਿਅਕਤੀਆਂ ਦੀ ਜਾਨ ਨੂੰ ਖਤਰਾ ਸੀ। ਇਸ ਰਸਤੇ ਰਾਹੀਂ ਪਹਿਲਾਂ ਵੀ ਕਾਫੀ ਸਮੱਗਲਰ ਫੜੇ ਜਾ ਚੁੱਕੇ ਸਨ ਅਤੇ ਬਹੁਤ ਸਾਰੇ ਲੋਕ ਇਸ ਤਰ੍ਹਾਂ ਦੀ ਆਵਾਜਾਈ ਦੌਰਾਨ ਆਪਣੀ ਜਾਨ ਤੋਂ ਵੀ ਹੱਥ ਧੋ ਬੈਠੇ ਹਨ।

ਜ਼ਿਕਰਯੋਗ ਹੈ ਕਿ ਅਮਰੀਕੀ ਸਰਕਾਰ ਮੈਕਸੀਕੋ ਰਸਤਿਓਂ ਅਮਰੀਕਾ 'ਚ ਹੁੰਦੀ ਘੁਸਪੈਠ ਰੋਕਣ ਲਈ ਕਾਫੀ ਜੱਦੋ-ਜਹਿਦ ਕਰ ਰਹੀ ਹੈ ਅਤੇ ਪਹਿਲਾਂ ਨਾਲੋਂ ਕਾਫੀ ਸਖਤੀ ਕੀਤੀ ਗਈ ਹੈ।

# ਕਿਲੋਨਾ ਵਿਖੇ ਗੁਰਦੁਆਰਾ ਓਕਆਗਨ ਸਿੱਖ ਟੈਂਪਲ ਵੱਲੋਂ ਵਿਸਾਖੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ



**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਬੀ.ਸੀ. ਦੇ ਸ਼ਹਿਰ ਕਿਲੋਨਾ ਵਿਖੇ ਗੁਰਦੁਆਰਾ ਓਕਆਗਨ ਸਿੱਖ ਟੈਂਪਲ ਵੱਲੋਂ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ 13ਵਾਂ ਨਗਰ ਕੀਰਤਨ ਸਜਾਇਆ ਗਿਆ। ਚਾਰ ਸਾਲਾਂ ਦੇ ਅਰਸੇ ਬਾਅਦ ਸਜੇ ਇਸ ਨਗਰ ਕੀਰਤਨ 'ਚ ਤਕਰੀਬਨ ਪੰਜ ਹਜ਼ਾਰ ਲੋਕ ਬੜੇ ਉਤਸ਼ਾਹ ਅਤੇ ਉਮਾਹ ਨਾਲ ਸ਼ਾਮਲ ਹੋਏ। ਨਗਰ ਕੀਤਰਨ ਦੀ ਅਗਵਾਈ ਪੰਜ ਪਿਆਰਿਆਂ ਨੇ ਕੀਤੀ। ਮੋਟਰ ਸਾਈਕਲ ਸਵਾਰਾਂ ਅਤੇ ਅੰਗਰੇਜ਼ੀ ਬੈਂਡ ਪਾਰਟੀ ਨਗਰ ਕੀਰਤਨ ਦੀ ਸ਼ੋਭਾ ਵਿਚ ਵਾਧਾ ਕਰ ਰਹੇ ਸਨ। ਸ਼ਰਧਾਲੂਆਂ ਵੱਲੋਂ ਆਪਣੇ ਟਰੈਕਟਰ ਸਜਾ ਕੇ ਨਗਰ ਕੀਰਤਨ ਵਿਚ ਲਿਆਂਦੇ ਗਏ। ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋਇਆ ਇਹ ਨਗਰ ਕੀਰਤਨ ਲਾਗਲੀਆਂ ਗਲੀਆਂ ਵਿਚੋਂ ਹੁੰਦਾ ਹੋਇਆ ਵਾਪਸ ਗੁਰਦੁਆਰਾ ਸਾਹਿਬ ਪਹੁੰਚ ਕੇ ਸਮਾਪਤ ਹੋਇਆ। ਰਸਤੇ ਵਿਚ ਸ਼ਰਧਾਲੂਆਂ ਨੇ ਥਾਂ-ਥਾਂ ਵੱਖ-ਵੱਖ ਪਕਵਾਨਾਂ ਦੇ ਸਟਾਲ ਲਾ ਕੇ ਸੰਗਤਾਂ ਦੀ ਆਓ ਭਗਤ ਕੀਤੀ। ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿਚ ਵੀ ਸ਼ਰਧਾਲੂਆਂ, ਕਾਰੋਬਾਰੀਆਂ, ਬੈਂਕਾਂ ਅਤੇ ਹੋਰ ਅਦਾਰਿਆਂ ਵੱਲੋਂ ਆਪੋ ਆਪਣੇ ਸਟਾਲ ਲਾਏ ਗਏ ਸਨ, ਜਿਨ੍ਹਾਂ ਉਪਰ ਸ਼ਾਮ ਤੱਕ ਖੂਬ ਰੌਣਕ ਲੱਗੀ ਰਹੀ।

ਇਸ ਨਗਰ ਕੀਰਤਨ ਉਪਰ ਪਹਿਲੀ ਵਾਰ ਗੁਲਾਟੀ ਪਬਲਿਸ਼ਰਜ਼ ਸਰੀ ਦੇ ਸਤੀਸ਼ ਗੁਲਾਟੀ ਵੱਲੋਂ ਵਿਸ਼ਾਲ ਪੁਸਤਕ ਪ੍ਰਦਰਸ਼ਨੀ ਲਾਈ ਗਈ। ਇਸ ਪ੍ਰਦਰਸ਼ਨੀ ਵਿਚ ਪੁਸਤਕ ਪ੍ਰੇਮੀਆਂ ਨੇ ਵਿਸ਼ੇਸ਼ ਦਿਲਚਸਪੀ ਦਿਖਾਈ, ਕਿਤਾਬਾਂ ਨੂੰ ਚੁੰਮਿਆਂ ਅਤੇ ਆਪਣਾ ਸਾਥੀ ਬਣਾਇਆ। ਪੁਸਤਕ ਪ੍ਰਦਰਸ਼ਨੀ ਲਈ ਸ਼ਾਇਰ ਪਾਲ ਢਿੱਲੋਂ, ਸ਼ਿੰਦਾ ਢਿੱਲੋਂ, ਡਾ. ਪਰਮਜੀਤ ਸਿੰਘ ਗਿੱਲ, ਗੁਰਦੁਆਰਾ ਸਾਹਿਬ ਦੇ ਪ੍ਰਧਾਨ ਪਰਮਜੀਤ ਸਿੰਘ ਪਤਾਰਾ ਅਤੇ ਸਮੁੱਚੀ ਕਮੇਟੀ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਪਰਮਜੀਤ ਸਿੰਘ ਪਤਾਰਾ ਨੇ ਨਗਰ ਕੀਰਤਨ ਵਿਚ ਸ਼ਾਮਲ ਹੋਈ ਸੰਗਤ ਅਤੇ ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ।



# ਸਿੱਕਿਮ ਸਥਿਤ ਗੁਰਦੁਆਰਾ ਡਾਂਗਮਾਰ ਸਾਹਿਬ ਦਾ ਮਸਲਾ ਹੱਲ

**■ ਸਿੱਕਿਮ ਹਾਈ ਕੋਰਟ ਵੱਲੋਂ ਸਿੱਖ ਭਾਈਚਾਰੇ ਦੇ ਹੱਕ 'ਚ ਫ਼ੈਸਲਾ**

**ਅੰਮ੍ਰਿਤਸਰ/ਨਵੀਂ ਦਿੱਲੀ,** (ਪੰਜਾਬ ਮੇਲ)- ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਦੱਸਿਆ ਕਿ ਸਿੱਕਿਮ ਸਥਿਤ ਗੁਰਦੁਆਰਾ ਗੁਰੂ ਡਾਂਗਮਾਰ ਸਾਹਿਬ ਦਾ ਮਾਮਲਾ ਹੱਲ ਹੋ ਗਿਆ ਹੈ ਅਤੇ ਹੁਣ ਇਸ ਗੁਰਦੁਆਰੇ ਵਿਚ ਮੁੜ ਤੋਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾ ਸਕੇਗਾ।

ਇਸ ਸਬੰਧੀ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਲਾਹਕਾਰ ਪ੍ਰੋ. ਸਰਚਾਂਦ ਸਿੰਘ ਨੇ ਦੱਸਿਆ ਕਿ ਸਿੱਕਿਮ ਦੀ ਹਾਈ ਕੋਰਟ ਨੇ 27 ਅਪ੍ਰੈਲ ਨੂੰ ਰਾਜ ਦੇ ਐਡੀਸ਼ਨਲ ਐਡਵੋਕੇਟ ਜਨਰਲ ਦੀ ਅਪੀਲ ਨੂੰ ਧਿਆਨ ਵਿਚ ਰੱਖਦਿਆਂ ਸਿੱਖ ਭਾਈਚਾਰੇ ਦੇ ਹੱਕ 'ਚ ਫ਼ੈਸਲਾ ਦਿੱਤਾ ਹੈ। ਇਸ ਨਾਲ ਹੁਣ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਇਤਿਹਾਸਕ ਗੁਰਦੁਆਰਾ ਗੁਰੂ ਡਾਂਗਮਾਰ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਮੁੜ ਕੀਤਾ ਜਾ ਸਕੇਗਾ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਬਾਕੀ ਕਾਰਵਾਈ ਨੂੰ ਪਟੀਸ਼ਨਕਰਤਾਵਾਂ ਅਤੇ ਉੱਤਰਦਾਤਾਵਾਂ ਵੱਲੋਂ ਆਪਸੀ ਤਾਲਮੇਲ ਨਾਲ ਪੂਰਾ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ 14 ਅਗਸਤ 2017 ਨੂੰ ਗੁਰਦੁਆਰਾ ਗੁਰੂ ਡਾਂਗਮਾਰ ਤੋਂ ਪਾਵਨ ਸਰੂਪ ਦਾ ਪ੍ਰਕਾਸ਼ ਜ਼ਬਰਦਸਤੀ ਹਟਾ ਦਿੱਤਾ ਗਿਆ ਸੀ ਅਤੇ ਇਹ ਮਸਲਾ ਲੰਬੇ ਸਮੇਂ ਤੋਂ ਲਟਕ ਰਿਹਾ ਸੀ। ਇਸ ਸੰਵੇਦਨਸ਼ੀਲ ਮੁੱਦੇ ਦੇ ਹੱਲ ਲਈ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਲਗਾਤਾਰ ਪੈਰਵੀ ਕੀਤੀ। ਉਸ ਵੇਲੇ ਗੁਰਦੁਆਰੇ 'ਚੋਂ ਕੁਝ ਸਾਮਾਨ ਹਟਾ ਕੇ ਸੜਕ 'ਤੇ ਰੱਖ ਦਿੱਤਾ ਗਿਆ ਸੀ। ਗੁਰੂ ਸਿੰਘ ਸਭਾ ਦੀ ਪਟੀਸ਼ਨ ਗੁਰਦੁਆਰਾ ਗੁਰੂ ਡਾਂਗਮਾਰ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਮਰਿਯਾਦਾ ਤੇ ਨਿਸ਼ਾਨ ਸਾਹਿਬ ਦੀ ਬਹਾਲੀ, ਗੁਰਦੁਆਰਾ ਕੰਪਲੈਕਸ ਵਿਚ ਸਾਰੇ ਅੰਦਰੂਨੀ ਫ਼ਰਨੀਚਰ ਤੇ ਹੋਰ ਪਵਿੱਤਰ ਵਸਤੂਆਂ ਨੂੰ 16.08.2017 ਤੋਂ ਪਹਿਲਾਂ ਵਾਲੀ ਸਥਿਤੀ 'ਚ ਵਾਪਸ ਲਿਆਉਣ ਨਾਲ ਸਬੰਧਿਤ ਸੀ ਅਤੇ ਰਾਜ ਸਰਕਾਰ ਤੇ ਸਥਾਨਕ ਅਥਾਰਟੀਆਂ ਨੂੰ ਗੁਰਦੁਆਰੇ ਦੇ ਢਾਂਚੇ ਨੂੰ ਤੋੜਨ ਲਈ ਕੋਈ ਵੀ ਕਾਰਵਾਈ ਕਰਨ ਤੋਂ ਗੁਰੇਜ਼ ਕਰਨ ਲਈ ਨਿਰਦੇਸ਼ ਦੇਣ ਲਈ ਅਪੀਲ ਕੀਤੀ ਸੀ। ਇਸ 'ਤੇ ਹਾਈ ਕੋਰਟ ਨੇ 13.09.2017 ਦੇ ਆਪਣੇ ਹੁਕਮਾਂ ਰਾਹੀਂ ਸਥਿਤੀ ਜਿਉਂ ਦੀ ਤਿਉਂ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ ਸਨ। ਚੇਅਰਮੈਨ ਲਾਲਪੁਰਾ ਨੇ ਦੱਸਿਆ ਕਿ ਕਮਿਸ਼ਨ ਦੀਆਂ ਕੋਸ਼ਿਸ਼ਾਂ ਸਦਕਾ ਇਹ ਮਾਮਲਾ ਹੁਣ ਹੱਲ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਕਮਿਸ਼ਨ ਵੱਲੋਂ ਅਰੁਣਾਚਲ ਪ੍ਰਦੇਸ਼ ਦੇ ਗੁਰਦੁਆਰੇ ਨੂੰ ਬੋਧੀ ਧਰਮ ਅਸਥਾਨ ਵਿਚ ਤਬਦੀਲ ਕੀਤੇ ਜਾਣ ਦਾ ਮਾਮਲਾ ਵੀ ਸਬੰਧਤ ਸੂਬੇ ਕੋਲ ਰੱਖਿਆ।

## ਪੁਰਸਕਾਰ ਫਾਊਂਡੇਸ਼ਨ ਵੱਲੋਂ ਦਲਾਈਲਾਮਾ ਨੂੰ 64 ਸਾਲ ਮਗਰੋਂ ਰੈਮਨ ਮੈਗਸੇਸੇ ਪੁਰਸਕਾਰ



**ਧਰਮਸ਼ਾਲਾ,** (ਪੰਜਾਬ ਮੇਲ)- ਤਿੱਬਤ ਦੇ ਧਾਰਮਿਕ ਆਗੂ ਦਲਾਈਲਾਮਾ ਨੂੰ ਉਨ੍ਹਾਂ ਦੀ ਰਿਹਾਇਸ਼ 'ਤੇ ਪੁਰਸਕਾਰ ਫਾਊਂਡੇਸ਼ਨ ਵੱਲੋਂ 64 ਸਾਲ ਮਗਰੋਂ ਨਿੱਜੀ ਤੌਰ 'ਤੇ ਸੰਨ 1959 ਦਾ ਰੈਮਨ ਮੈਗਸੇਸੇ ਪੁਰਸਕਾਰ ਦਿੱਤਾ ਗਿਆ। ਦਲਾਈਲਾਮਾ ਦੇ ਦਫ਼ਤਰ ਨੇ ਇਹ ਜਾਣਕਾਰੀ ਦਿੱਤੀ। ਰੈਮਨ ਮੈਗਸੇਸੇ ਪੁਰਸਕਾਰ ਫਾਊਂਡੇਸ਼ਨ ਦੇ ਪ੍ਰਧਾਨ ਸੁਸਾਨਾ ਬੀ. ਅਫਾਨ ਅਤੇ ਫਾਊਂਡੇਸ਼ਨ ਦੇ ਟਰੱਸਟੀ ਐਮਿਲੀ ਏ. ਅਬਰੇਰਾ ਨੇ 64 ਸਾਲ ਮਗਰੋਂ 1959 ਦਾ ਰੈਮਨ ਮੈਗਸੇਸੇ ਪੁਰਸਕਾਰ ਨਿੱਜੀ ਤੌਰ 'ਤੇ ਦੇਣ ਲਈ ਨੋਬੇਲ ਪੁਰਸਕਾਰ ਜੇਤੂ ਦਲਾਈਲਾਮਾ ਨਾਲ ਮੁਲਾਕਾਤ ਕੀਤੀ।

# ਕੈਨੇਡਾ 'ਚ ਫੈਡਰਲ ਵਰਕਰਾਂ ਦੀ ਹੜ੍ਹਤਾਲ ਖ਼ਤਮ, ਯੂਨੀਅਨ ਨੇ ਸਰਕਾਰ ਦਾ ਪ੍ਰਸਤਾਵ ਮੰਨਿਆ



**ਓਟਾਵਾ,** (ਪੰਜਾਬ ਮੇਲ)- ਕੈਨੇਡਾ 'ਚ ਫੈਡਰਲ ਕਰਮਚਾਰੀਆਂ ਨੇ ਅਪਣੀ ਹੜਤਾਲ ਖ਼ਤਮ ਕਰ ਦਿੱਤੀ ਹੈ। ਇਮੀਗ੍ਰੇਸ਼ਨ ਤੇ ਟੈਕਸ ਵਿਭਾਗ ਦੇ ਕਰਮਚਾਰੀਆਂ ਦੀ ਪਿਛਲੇ ਹਫ਼ਤੇ ਤੋਂ ਹੜਤਾਲ ਚੱਲ ਰਹੀ ਸੀ, ਜੋ ਕਿ ਖ਼ਤਮ ਹੋ ਗਈ ਹੈ। ਫੈਡਰਲ ਸਰਕਾਰ ਦੇ ਨਵੇਂ ਪ੍ਰਸਤਾਵ ਨੂੰ ਯੂਨੀਅਨ ਨੇ ਮੰਨ ਲਿਆ ਹੈ। ਯੂਨੀਅਨ ਮੁਤਾਬਕ ਚਾਰ ਸਾਲਾਂ 'ਚ ਤਨਖ਼ਾਹ 'ਚ 12.6 ਫ਼ੀਸਦੀ ਦਾ ਵਾਧਾ ਹੋਵੇਗਾ। ਹੁਣ ਹੜਤਾਲ 'ਤੇ ਗਏ ਕਰਮਚਾਰੀਆਂ ਦੀ ਵਾਪਸ ਕੰਮਾਂ 'ਤੇ ਆਉਣ ਦੀ ਉਮੀਦ ਹੈ। ਜ਼ਿਕਰਯੋਗ ਹੈ ਕਿ ਕੈਨੇਡਾ ਵਿਚ 155,000 ਤੋਂ ਵੱਧ ਜਨਤਕ ਖੇਤਰ ਦੇ ਕਰਮਚਾਰੀਆਂ ਨੇ ਫੈਡਰਲ ਸਰਕਾਰ ਨਾਲ ਤਨਖ਼ਾਹ ਸਮਝੌਤੇ 'ਤੇ ਪਹੁੰਚਣ ਵਿਚ ਅਸਫ਼ਲ ਰਹਿਣ ਤੋਂ ਬਾਅਦ ਬੁੱਧਵਾਰ ਨੂੰ ਹੜਤਾਲ ਸ਼ੁਰੂ ਕੀਤੀ ਸੀ।

# ਬੇਅਦਬੀ ਘਟਨਾ ਦੇ ਦੋਸ਼ੀ ਦੀ ਹਸਪਤਾਲ 'ਚ ਮੌਤ

**■ ਮਾਨਸਾ ਜੇਲ੍ਹ 'ਚ ਸੀ ਬੰਦ**
**■ ਬੇਚੈਨੀ ਮਹਿਸੂਸ ਹੋਣ ਦੀ ਸ਼ਿਕਾਇਤ 'ਤੇ ਕਰਾਇਆ ਸੀ ਹਸਪਤਾਲ ਦਾਖਲ**

**ਚੰਡੀਗੜ੍ਹ,** (ਪੰਜਾਬ ਮੇਲ)-ਪੰਜਾਬ ਦੇ ਮੋਰਿੰਡਾ ਵਿਚ ਹਾਲ ਹੀ ਹੋਈ ਬੇਅਦਬੀ ਦੀ ਘਟਨਾ ਦੇ ਮੁਲਜ਼ਮ ਦੀ ਸੋਮਵਾਰ ਨੂੰ ਮਾਨਸਾ ਦੇ ਸਿਵਲ ਹਸਪਤਾਲ 'ਚ ਮੌਤ ਹੋ ਗਈ। ਪੁਲਿਸ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਪੁਲਿਸ ਨੇ ਦੱਸਿਆ ਕਿ ਮੁਲਜ਼ਮ ਨੂੰ ਮਾਨਸਾ ਜ਼ਿਲ੍ਹੇ ਦੀ ਇਕ ਜੇਲ੍ਹ ਵਿਚ ਰੱਖਿਆ ਗਿਆ ਸੀ, ਜਿੱਥੇ ਉਸ ਨੇ 'ਬੇਚੈਨੀ' ਮਹਿਸੂਸ ਹੋਣ ਦੀ ਸ਼ਿਕਾਇਤ ਕੀਤੀ ਸੀ। ਜ਼ਿਕਰਯੋਗ ਹੈ ਕਿ ਜਸਵੀਰ ਸਿੰਘ ਨਾਂ ਦੇ ਮੁਲਜ਼ਮ ਨੂੰ ਸੂਬੇ ਦੇ ਰੂਪਨਗਰ ਜ਼ਿਲ੍ਹੇ ਦੇ ਮੋਰਿੰਡਾ 'ਚ ਸਥਿਤ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ 'ਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਅਤੇ ਦੋ ਗ੍ਰੰਥੀ ਸਿੰਘਾਂ 'ਤੇ ਹਮਲਾ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ।

ਉਸ ਦੀ ਪੁਲਿਸ ਹਿਰਾਸਤ ਦੀ ਮਿਆਦ ਖ਼ਤਮ ਹੋਣ 'ਤੇ ਉਸ ਨੂੰ ਨਿਆਇਕ ਹਿਰਾਸਤ 'ਚ ਭੇਜ ਦਿੱਤਾ ਗਿਆ ਸੀ ਅਤੇ ਉਹ 29 ਅਪ੍ਰੈਲ ਤੋਂ ਮਾਨਸਾ ਜੇਲ੍ਹ ਵਿਚ ਸੀ। ਮਾਨਸਾ ਦੇ ਸੀਨੀਅਰ ਕਪਤਾਨ ਪੁਲਿਸ ਨਾਨਕ ਸਿੰਘ ਨੇ ਦੱਸਿਆ ਕਿ ਮੁਲਜ਼ਮ ਦੀ ਸਿਵਲ ਹਸਪਤਾਲ 'ਚ ਮੌਤ ਹੋ ਗਈ। ਪੁਲਿਸ ਨੇ ਕਿਹਾ ਕਿ ਉਸ ਵੱਲੋਂ "ਬੇਚੈਨੀ" ਮਹਿਸੂਸ ਹੋਣ ਦੀ ਸ਼ਿਕਾਇਤ ਕਰਨ ਤੋਂ ਬਾਅਦ ਦੁਪਹਿਰ ਨੂੰ ਹਸਪਤਾਲ ਲਿਆਂਦਾ ਗਿਆ ਸੀ। ਉਨ੍ਹਾਂ ਦੱਸਿਆ ਕਿ ਰਾਤ ਤਕਰੀਬਨ 9 ਵਜੇ ਮੁਲਜ਼ਮ ਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਪੋਸਟਮਾਰਟਮ ਤੋਂ ਬਾਅਦ ਮੌਤ ਦਾ ਕਾਰਨ ਸਪੱਸ਼ਟ ਹੋਵੇਗਾ।

# ਕੇਂਦਰ ਵੱਲੋਂ 'ਜਲ ਸੈੱਸ' ਗ਼ੈਰਕਾਨੂੰਨੀ ਕਰਾਰ

**■ ਊਰਜਾ ਮੰਤਰਾਲੇ ਨੇ ਪ੍ਰਭਾਵਿਤ ਸੂਬਿਆਂ ਨੂੰ ਅਦਾਲਤਾਂ ਦਾ ਰੁਖ ਕਰਨ ਲਈ ਕਿਹਾ**


**ਚੰਡੀਗੜ੍ਹ,** (ਪੰਜਾਬ ਮੇਲ)-ਕੇਂਦਰ ਸਰਕਾਰ ਨੇ ਬਿਜਲੀ ਪੈਦਾਵਾਰ 'ਤੇ ਲਗਾਏ 'ਜਲ ਸੈੱਸ' ਨੂੰ ਗ਼ੈਰਕਾਨੂੰਨੀ ਐਲਾਨ ਦਿੱਤਾ ਹੈ, ਜਿਸ ਨਾਲ ਪੰਜਾਬ ਅਤੇ ਹਰਿਆਣਾ ਨੂੰ ਫ਼ੌਰੀ ਰਾਹਤ ਮਿਲੀ ਹੈ। ਹਿਮਾਚਲ ਪ੍ਰਦੇਸ਼ ਦੀ ਕਾਂਗਰਸ ਸਰਕਾਰ ਲਈ ਇਹ ਫ਼ੈਸਲਾ ਨਵੀਂ ਟੈਕਸ ਵਸੂਲੀ ਦੇ ਰਾਹ ਬੰਦ ਕਰਨ ਵਾਲਾ ਹੈ। ਕੇਂਦਰੀ ਊਰਜਾ ਮੰਤਰਾਲੇ ਨੇ ਬਿਜਲੀ ਦੀ ਹਰ ਤਰ੍ਹਾਂ ਦੀ ਪੈਦਾਵਾਰ 'ਤੇ ਅਜਿਹੇ ਜਲ ਸੈੱਸ ਜਾਂ ਏਅਰ ਸੈੱਸ ਦੇ ਮੁੱਦੇ 'ਤੇ ਸਖ਼ਤ ਸਟੈਂਡ ਲੈਂਦਿਆਂ ਸੂਬਿਆਂ ਨੂੰ ਚੌਕਸ ਕਰ ਦਿੱਤਾ ਹੈ ਕਿ ਅਜਿਹੇ ਟੈਕਸ ਦੀ ਅਦਾਇਗੀ ਨਾ ਕੀਤੀ ਜਾਵੇ ਅਤੇ ਇਸ ਖ਼ਿਲਾਫ਼ ਕਾਨੂੰਨੀ ਲੜਾਈ ਲੜੀ ਜਾਵੇ। ਕੋਈ ਵੀ ਸੂਬਾ ਹੁਣ ਥਰਮਲ, ਹਾਈਡਰੋ, ਵਿੰਡ, ਸੋਲਰ ਅਤੇ ਨਿਊਕਲੀਅਰ ਐਨਰਜੀ ਦੀ ਪੈਦਾਵਾਰ 'ਤੇ ਟੈਕਸ ਨਹੀਂ ਲਗਾ ਸਕੇਗਾ।






# ਅਮਰੀਕਾ ’ਚ ਆਏ ਮਿੱਟੀ ਘਟੇ ਵਾਲੇ ਤੂਫਾਨ ਦੌਰਾਨ ਵਾਪਰੇ ਸੜਕ ਹਾਦਸੇ ’ਚ ਕਈ ਵਾਹਨ ਆਪਸ ’ਚ ਟਕਰਾਏ

■ 6 ਮੌਤਾਂ ਤੇ 30 ਤੋਂ ਵਧ ਜ਼ਖਮੀ



ਅਮਰੀਕਾ ਵਿਚ ਆਏ ਮਿੱਟੀ ਘਟੇ ਵਾਲੇ ਤੂਫਾਨ ਦਾ ਇਕ ਦ੍ਰਿਸ਼।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਦੇ ਕੇਂਦਰੀ ਇਲੀਨੌਇਸ ਰਾਜ ਵਿਚ ਮਿੱਟੀ ਘਟੇ ਵਾਲੇ ਤੂਫ਼ਾਨ ਦੌਰਾਨ ਪ੍ਰਮੁੱਖ ਹਾਈਵੇਅ ’ਤੇ ਵਾਪਰੇ ਹਾਦਸੇ ਵਿਚ ਕਈ ਵਾਹਣ ਆਪਸ ਵਿਚ ਟਕਰਾਅ ਗਏ, ਜਿਸ ਦੇ ਸਿੱਟੇ ਵਜੋਂ 6 ਵਿਅਕਤੀਆਂ ਦੀ ਮੌਤ ਹੋਣ ਤੇ ਕਈ ਹੋਰਨਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਇਲੀਨੌਇਸ ਸਟੇਟ ਪੁਲਿਸ ਦੇ ਮੇਜਰ ਰਿਆਨ ਸਟਾਰਿਕ ਨੇ ਕਿਹਾ ਹੈ ਕਿ 30 ਤੋਂ ਵਧ ਜ਼ਖਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ, ਜਿਨ੍ਹਾਂ ਵਿਚੋਂ ਕਈ ਗੰਭੀਰ ਹਨ ਤੇ ਕਈਆਂ ਦੇ ਜ਼ਖਮ ਜਾਨ ਲੇਵਾ ਨਹੀਂ ਹਨ। ਉਨ੍ਹਾਂ ਕਿਹਾ ਕਿ ਜ਼ਖਮੀਆਂ ਵਿਚ 2 ਸਾਲ ਤੋਂ ਲੈ ਕੇ 80 ਸਾਲ ਦੇ ਲੋਕ ਸ਼ਾਮਲ ਹਨ।

# ਸਮਰਾਟ ਚਾਰਲਸ ਤੇ ਮਹਾਰਾਣੀ ਕੈਮਿਲਾ ਦੇ ਤਾਜਪੋਸ਼ੀ ਸਮਾਗਮ ਦਾ ਹਿੱਸਾ ਨਹੀਂ ਹੋਵੇਗਾ ‘ਕੋਹਿਨੂਰ’

**ਲੰਡਨ, (ਪੰਜਾਬ ਮੇਲ)**-ਦੁਨੀਆਂ ਦਾ ਪ੍ਰਸਿੱਧ ਕੋਹਿਨੂਰ ਹੀਰਾ ਸਮਰਾਟ ਚਾਰਲਸ ਤੇ ਮਹਾਰਾਣੀ ਕੈਮਿਲਾ ਦੇ ਤਾਜਪੋਸ਼ੀ ਸਮਾਗਮ ਦਾ ਹਿੱਸਾ ਨਹੀਂ ਹੋਵੇਗਾ। ਇਹ ਫੈਸਲਾ ਭਾਰਤ ਦੇ ਦਾਅਵਿਆਂ ਕਰਕੇ ਲਿਆ ਗਿਆ ਹੈ। ਸਿੱਖ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ ਅੰਗਰੇਜ ਕੋਹਿਨੂਰ ਹੀਰਾ ਆਪਣੇ ਮੁਲਕ ਲੈ ਗਏ ਸੀ। ਇਸ ਮਗਰੋਂ ਇਹ ਹੀਰਾ ਬ੍ਰਿਟੇਨ ਦੇ ਰਵਾਇਤੀ ਤਾਜ ਵਿਚ ਜੜਿਆ ਹੋਇਆ ਹੈ।

ਹਾਸਲ ਜਾਣਕਾਰੀ ਮੁਤਾਬਕ ਬਕਿੰਘਮ ਪੈਲੇਸ ਨੇ ਭਾਰਤ ਦੇ ਦਾਅਵੇ ਵਾਲੇ ਤੇ ਬਸਤੀਵਾਦੀ ਯੁੱਗ ਦੇ ਕੋਹਿਨੂਰ ਹੀਰੇ ਨਾਲ ਜੁੜੇ ਵਿਵਾਦ ਦੇ ਮੱਦੇਨਜ਼ਰ ਚੌਕਸੀ ਵਰਤਦਿਆਂ ਇਸ ਨੂੰ 6 ਮਈ ਨੂੰ ਹੋਣ ਵਾਲੇ ਸਮਰਾਟ ਚਾਰਲਸ ਤਿੰਨ ਤੇ ਮਹਾਰਾਣੀ ਕੈਮਿਲਾ ਦੇ ਤਾਜਪੋਸ਼ੀ ਸਮਾਗਮ ਦਾ ਹਿੱਸਾ ਨਾ ਬਣਾਉਣ ਦਾ ਫੈਸਲਾ ਕੀਤਾ ਹੈ। ਬਰਤਾਨਵੀ ਰਾਜ ਪਰਿਵਾਰ ਨਾਲ ਜੁੜੇ ਮਾਮਲਿਆਂ ਦੇ ਮਾਹਿਰ ਨੇ ਇਹ ਜਾਣਕਾਰੀ ਦਿੱਤੀ ਹੈ।

ਰਵਾਇਤੀ ਤਾਜ ਵਿਚ ਕੋਹਿਨੂਰ ਹੀਰਾ ਜੜਿਆ ਹੋਣ ਕਰਕੇ ਇਸ ਦੀ ਵਰਤੋਂ ਨਾ ਕੀਤੇ ਜਾਣ ਦੇ ਕੈਮਿਲਾ ਦੇ ਫੈਸਲੇ ’ਤੇ ਉਨ੍ਹਾਂ ਗੌਰ ਕੀਤਾ। 6 ਮਈ ਨੂੰ ਹੋਣ ਵਾਲੇ ਤਾਜਪੋਸ਼ੀ ਸਮਾਗਮ ਲਈ ਬਕਿੰਘਮ ਪੈਲੇਸ ਵੱਲੋਂ ਕੱਢੇ ਗਏ ਸ਼ਾਹੀ ਗਹਿਣਿਆਂ ਤੋਂ ਇਹ ਪੁਸ਼ਟੀ ਹੁੰਦੀ ਹੈ ਕਿ ਮਹਾਰਾਣੀ ਕੈਮਿਲਾ ਨੇ ਮਹਾਰਾਣੀ ਮੈਰੀ ਦੇ ਤਾਜ ਨੂੰ ਚੁਣਿਆ ਹੈ।

ਚੇਤੇ ਰਹੇ ਕਿ ਭਾਰਤ, ਕੋਹਿਨੂਰ ’ਤੇ ਆਪਣਾ ਦਾਅਵਾ ਜਤਾਉਂਦਾ ਰਿਹਾ ਹੈ। ਐੱਚ.ਆਰ.ਪੀ. ਨੇ ਨਵੀਂ ਤਜਵੀਜ਼ਤ ਪ੍ਰਦਰਸ਼ਨੀ ਦਾ ਜ਼ਿਕਰ ਕਰਦੇ ਹੋਏ ਕਿਹਾ, “ਮਹਾਰਾਣੀ ਐਲਿਜ਼ਬੈੱਥ ਦੇ ਤਾਜ ਵਿਚ ਜੜੇ ਕੋਹਿਨੂਰ ਦੇ ਇਤਿਹਾਸ ਨੂੰ ਜਿੱਤ ਦੇ ਪ੍ਰਤੀਕ ਵਜੋਂ ਬਿਆਨ ਕੀਤਾ ਜਾਵੇਗਾ। ਇਸ ਵਿਚ ਉਹ ਇਤਿਹਾਸ ਵੀ ਸ਼ਾਮਲ ਹੈ, ਜਦੋਂ ਇਹ ਹੀਰਾ ਮੁਗਲ ਸਾਮਰਾਜ, ਇਰਾਨ ਦੇ ਸ਼ਾਹਾਂ, ਅਫ਼ਗਾਨਿਸਤਾਨ ਦੇ ਅਮੀਰਾਂ ਤੇ ਸਿੱਖ ਰਾਜਿਆਂ ਕੋਲ ਹੁੰਦਾ ਸੀ।”

ਫਾਰਸੀ ਭਾਸ਼ਾ ਵਿਚ ਕੋਹਿਨੂਰ ਦਾ ਮਤਲਬ ਪ੍ਰਕਾਸ਼ ਦਾ ਪਰਬਤ ਹੁੰਦਾ ਹੈ। ਇਹ ਹੀਰਾ ਕਿਸੇ ਵੇਲੇ ਮਹਾਰਾਜਾ ਰਣਜੀਤ ਸਿੰਘ ਦੇ ਖਜ਼ਾਨੇ ਵਿਚ ਸ਼ਾਮਲ ਸੀ, ਪਰ ਮਹਾਰਾਣੀ ਵਿਕਟੋਰੀਆ ਨੂੰ ਭਾਰਤ ਦੀ ਮਹਾਰਾਣੀ ਬਣਾਏ ਜਾਣ ਦੇ ਕੁਝ ਸਾਲ ਪਹਿਲਾਂ ਇਹ ਉਨ੍ਹਾਂ ਦੇ ਕਬਜ਼ੇ ਵਿਚ ਚਲਾ ਗਿਆ। ਐੱਚ.ਆਰ.ਪੀ. ਮੁਤਾਬਕ ਇਹ ਹੀਰਾ ਦੱਖਣੀ ਭਾਰਤ ਵਿਚ ਗੋਲਕੁੰਡਾ ਦੀਆਂ ਖਾਣਾਂ ’ਚੋਂ ਨਿਕਲਿਆ ਤੇ ਇਸ ਦਾ ਵਜ਼ਨ 105.6 ਕੈਰੇਟ ਹੈ।


# ਯੂ.ਕੇ. ਦੀ ਸਿੱਖ ਸੰਸਥਾ ‘ਦਿ ਸਿੱਖ ਗਰੁੱਪ’ ਵੱਲੋਂ 100 ਪ੍ਰਭਾਵਸ਼ਾਲੀ ਸਿੱਖਾਂ ਦੀ ਸੂਚੀ ਜਾਰੀ

■ ਜਥੇਦਾਰ ਕੁਲਵੰਤ ਸਿੰਘ ਦਾ ਨਾਮ ਪਹਿਲੇ ਤੇ ਜਥੇਦਾਰ ਹਰਪ੍ਰੀਤ ਸਿੰਘ ਦਾ ਨਾਂ ਦੂਜੇ ਸਥਾਨ ’ਤੇ ਦਰਜ

**ਅੰਮ੍ਰਿਤਸਰ, (ਪੰਜਾਬ ਮੇਲ)**- ਯੂ.ਕੇ. ਦੀ ਸਿੱਖ ਸੰਸਥਾ ‘ਦਿ ਸਿੱਖ ਗਰੁੱਪ’ ਵੱਲੋਂ ਜਾਰੀ ‘ਦਿ ਸਿੱਖਸ 100’ ਸੂਚੀ ਦੇ ਤਾਜ਼ਾ 11ਵੇਂ ਅਡੀਸ਼ਨ ਵਿਚ ਸੰਸਾਰ ਦੇ 100 ਪ੍ਰਭਾਵਸ਼ਾਲੀ ਸਿੱਖਾਂ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦਾ ਨਾਂ ਵੀ ਦਰਜ ਕੀਤਾ ਗਿਆ ਹੈ। ਸੰਸਥਾ ਵੱਲੋਂ ਸਾਲ 2022 ਦੀ ਜਾਰੀ ਕੀਤੀ ਸੂਚੀ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ 2022 ਵਿਚ ਵਿਸ਼ਵ ਪੱਧਰ ’ਤੇ ਪ੍ਰਭਾਵਸ਼ਾਲੀ 100 ਸਿੱਖਾਂ ’ਚੋਂ ਤੀਜੇ ਸਥਾਨ ’ਤੇ ਹਨ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਚੌਥੇ ਸਥਾਨ ’ਤੇ ਹਨ।

ਇਸ ਸੂਚੀ ’ਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਗਿਆਨੀ ਕੁਲਵੰਤ ਸਿੰਘ ਪਹਿਲੇ ਸਥਾਨ ’ਤੇ ਹਨ। ਉਨ੍ਹਾਂ ਤੋਂ ਬਾਅਦ ਦੂਜੇ ਨੰਬਰ ’ਤੇ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਨਾਂ ਦਰਜ ਹੈ। ਲੰਡਨ ਤੋਂ ‘ਦਿ ਸਿੱਖ ਗਰੁੱਪ’ ਦੇ ਸੰਸਥਾਪਕ ਨਵਦੀਪ ਸਿੰਘ ਨੇ ਕਿਹਾ ਕਿ ਮੌਜੂਦਾ ਸੂਚੀ ਵਿਚ 2.6 ਕਰੋੜ ਸਿੱਖਾਂ ’ਚੋਂ ਵਿਸ਼ਵ ਦੇ 100 ਪ੍ਰਭਾਵਸ਼ਾਲੀ ਸਿੱਖ ਸ਼ਖ਼ਸੀਅਤਾਂ ਨੂੰ ਚੁਣਿਆ ਗਿਆ ਹੈ। ਇਸ ਸੂਚੀ ਵਿਚ ਥਾਂ ਪਾਉਣ ਵਾਲੇ ਹੋਰਾਂ ਸਿੱਖਾਂ ਵਿਚ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਕੇਂਦਰੀ ਮੰਤਰੀ ਹਰਦੀਪ ਪੁਰੀ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਕੈਨੇਡਾ ਦੇ ਰੱਖਿਆ ਮੰਤਰੀ ਅਤੇ ਸੰਸਦ ਮੈਂਬਰ ਹਰਜੀਤ ਸਿੰਘ ਸੱਜਣ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਖਾਲਸਾ ਏਡ ਦੇ ਆਗੂ ਰਵੀ ਸਿੰਘ, ਪੰਜਾਬੀ ਗਾਇਕ ਦਿਲਜੀਤ ਦੁਸਾਂਝ ਆਦਿ ਦੇ ਨਾਂ ਸ਼ਾਮਲ ਹਨ।

# ਬਰਤਾਨੀਆ ਦੇ ਮਹਾਰਾਜਾ ਚਾਰਲਸ ਦੀ ਤਾਜਪੋਸ਼ੀ ਮੌਕੇ ਹਿੰਦੂ, ਮੁਸਲਿਮ ਤੇ ਸਿੱਖਾਂ ਨੂੰ ਦਰਸਾਉਂਦੀ ਡਾਕ ਟਿਕਟ ਜਾਰੀ




**ਲੰਡਨ, (ਪੰਜਾਬ ਮੇਲ)**- ਬਰਤਾਨੀਆ ਦੇ ਮਹਾਰਾਜਾ ਚਾਰਲਸ (ਤੀਜੇ) ਦੀ 6 ਮਈ ਨੂੰ ਹੋਣ ਵਾਲੀ ਤਾਜਪੋਸ਼ੀ ਦੇ ਮੱਦੇਨਜ਼ਰ ਸ਼ਾਹੀ ਡਾਕ ਵਿਭਾਗ (ਰੌਇਲ ਮੇਲ) ਵੱਲੋਂ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਅਤੇ ਉਨ੍ਹਾਂ ਦੀਆਂ ਪੂਜਣਯੋਗ ਥਾਵਾਂ ਨੂੰ ਦਰਸਾਉਂਦੀ ਡਾਕ ਟਿਕਟ ਜਾਰੀ ਕੀਤੀ ਗਈ ਹੈ। ਇਕ ਖ਼ਬਰ ਰਿਲੀਜ਼ ਵਿਚ ਕਿਹਾ ਗਿਆ ਹੈ ਕਿ ਇਹ ‘ਭਿੰਨਤਾ ਤੇ ਭਾਈਚਾਰੇ’ ਨੂੰ ਦਰਸਾਉਂਦੀ ਹੈ। ਉਨ੍ਹਾਂ ਨਾਲ ਹੀ ਲਿਖਿਆ ਕਿ ਇਹ ਵਰਤਮਾਨ ਬਰਤਾਨਵੀ ਸਮਾਜ ਦੀ ਸੱਭਿਆਚਾਰਕ ਭਿੰਨਤਾ ਦਾ ਪ੍ਰਤੀਕ ਵੀ ਹੈ, ਤੇ ਵੱਖ-ਵੱਖ ਧਰਮਾਂ ਨੂੰ ਮੰਨਣ ਵਾਲੇ ਇੱਥੋਂ ਦੇ ਭਾਈਚਾਰੇ ਨੂੰ ਵੀ ਦਰਸਾਉਂਦੀ ਹੈ। ਟਿਕਟ ’ਤੇ ਯਹੂਦੀ, ਇਸਲਾਮਿਕ, ਈਸਾਈ, ਸਿੱਖ, ਹਿੰਦੂ ਤੇ ਬੁੱਧ ਧਰਮਾਂ ਨਾਲ ਸਬੰਧਤ ਲੋਕ ਖੜ੍ਹੇ ਨਜ਼ਰ ਆ ਰਹੇ ਹਨ, ਇਹ ਸਾਰੇ ਧਰਮਾਂ ਦਾ ਪ੍ਰਤੀਕ ਹੈ, ਨਾ ਕਿ ਕਿਸੇ ਇਕ ਧਰਮ ਦਾ। ਟਿਕਟ ਦੇ ਪਿਛੋਕੜ ’ਚ ਬਰਤਾਨੀਆ ਦੇ ਦਿਹਾਤੀ ਤੇ ਸ਼ਹਿਰੀ ਪੱਖ ਨਜ਼ਰ ਆ ਰਹੇ ਹਨ ਤੇ ਨਾਲ ਹੀ ਵੱਖ-ਵੱਖ ਧਰਮਾਂ ਦੇ ਧਾਰਮਿਕ ਸਥਾਨ ਦਿਖ ਰਹੇ ਹਨ, ਜੋ ਕਿ ਪੂਰੇ ਯੂ.ਕੇ. ਵਿਚ ਹਨ। ਇਕ ਛੋਟੀ ਸ਼ੀਟ ਵਿਚ ਇਸ ਟਿਕਟ ਨੂੰ ਦਰਸਾਇਆ ਗਿਆ ਹੈ ਤੇ ਨਾਲ ਹੀ ਤਾਜਪੋਸ਼ੀ ਸਮਾਗਮ ਬਾਰੇ ਦੱਸਿਆ ਗਿਆ ਹੈ। ਇਸ ਵਿਚ ਰਾਸ਼ਟਰਮੰਡਲ ਦੇ ਆਲਮੀ ਸਬੰਧਾਂ, ਟਿਕਾਊ ਵਿਕਾਸ ਤੇ ਜੈਵ ਭਿੰਨਤਾ ਦਾ ਵੀ ਜ਼ਿਕਰ ਹੈ। ਇਤਿਹਾਸ ਵਿਚ ਇਹ ਤੀਜੀ ਵਾਰ ਹੈ, ਜਦ ‘ਰੌਇਲ ਮੇਲ’ ਨੇ ਤਾਜਪੋਸ਼ੀ ਸਮਾਗਮ ਮੌਕੇ ਟਿਕਟਾਂ ਜਾਰੀ ਕੀਤੀਆਂ ਹਨ।




# ਦੱਖਣੀ ਕੈਰੋਲੀਨਾ ’ਚ ਵਿਆਹ ਦੇ 5 ਘੰਟੇ ਬਾਅਦ ਸੜਕ ਹਾਦਸੇ ’ਚ ਲਾੜੀ ਦੀ ਮੌਤ

**ਲਾੜੇ ਸਮੇਤ 3 ਹੋਰ ਗੰਭੀਰ ਜ਼ਖਮੀ**



ਸਮੰਤਾ ਮਿਲਰ ਤੇ ਐਰਿਕ ਹੂਚਿਨਸਨ ਦੀ ਵਿਆਹ ਵੇਲੇ ਦੀ ਤਸਵੀਰ ਤੇ ਸੱਜੇ ਮਹਿਲਾ ਡਰਾਈਵਰ ਜੈਮੀ ਲੀ ਕੋਮੋਰੋਸਕੀ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਦੇ ਦੱਖਣੀ ਕੈਰੋਲੀਨਾ ਰਾਜ ਵਿਚ ਫੋਲੀ ਬੀਚ ਵਿਖੇ ਵਿਆਹ ਦੇ 5 ਘੰਟੇ ਬਾਅਦ ਹੋਏ ਇਕ ਭਿਆਨਕ ਸੜਕ ਹਾਦਸੇ ’ਚ 34 ਸਾਲਾ ਲਾੜੀ ਦੀ ਮੌਤ ਹੋਣ, ਜਦਕਿ ਉਸ ਦੇ ਪਤੀ ਸਮੇਤ ਦੋ ਹੋਰਨਾਂ ਦੇ ਗੰਭੀਰ ਰੂਪ ਵਿਚ ਜ਼ਖਮੀ ਹੋ ਜਾਣ ਦੀ ਖਬਰ ਹੈ। ਰਾਤ ਵੇਲੇ ਵਾਪਰੇ ਹਾਦਸੇ ਵਿਚ ਵਿਆਹ ਦੀ ਪਾਰਟੀ ਤੋਂ ਬਾਅਦ ਲਾੜੀ ਸਮੰਤਾ ਮਿਲਰ ਆਪਣੇ ਪਤੀ ਐਰਿਕ ਹੂਚਿਨਸਨ ਸਮੇਤ ਦੋ ਹੋਰਨਾਂ ਨਾਲ ਗੋਲਫ਼ ਕਾਰਟ ਕਿਸਮ ਦੇ ਵਾਹਣ ਵਿਚ ਜਾ ਰਹੀ ਸੀ, ਜਦੋਂ ਇਕ ਤੇਜ਼ ਰਫਤਾਰ ਕਾਰ ਨੇ ਉਨ੍ਹਾਂ ਵਿਚ ਜ਼ੋਰਦਾਰ ਟੱਕਰ ਮਾਰ ਦਿੱਤੀ, ਜਿਸ ਦੇ ਸਿੱਟੇ ਵਜੋਂ ਉਨ੍ਹਾਂ ਦੀ ਠੇਲਾ ਗੱਡੀ ਕਈ ਪਲਟੀਆਂ ਖਾ ਗਈ। ਫੋਲੀ ਬੀਚ ਦੇ ਚੀਫ ਗਿਲਰੀਥ ਪਬਲਿਕ ਸੇਫਟੀ ਡਾਇਰੈਕਟਰ ਅਨੁਸਾਰ 3 ਜ਼ਖਮੀਆਂ ਵਿਚੋਂ ਦੋ ਦੀ ਹਾਲਤ ਗੰਭੀਰ ਹੈ, ਜਿਨ੍ਹਾਂ ਵਿਚ ਮਿਲਰ ਦਾ ਪਤੀ ਵੀ ਸ਼ਾਮਲ ਹੈ। ਗਿਲਰੀਥ ਨੇ ਕਿਹਾ ਹੈ ਕਿ ਠੇਲਾ ਗੱਡੀ ਜੋ ਪੂਰੀ ਤਰ੍ਹਾਂ ਸਜਾਈ ਹੋਈ ਸੀ, ਬੁਰੀ ਤਰ੍ਹਾਂ ਨੁਕਸਾਨੀ ਗਈ। ਮੌਕੇ ’ਤੇ ਪੁੱਜੇ ਸਿਹਤ ਕਾਮਿਆਂ ਨੇ ਮਿਲਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਪਰੰਤੂ ਉਹ ਦਮ ਤੋੜ ਗਈ। ਸ਼ੱਕੀ ਮਹਿਲਾ ਡਰਾਈਵਰ 25 ਸਾਲਾ ਜੈਮੀ ਲੀ ਕੋਮੋਰੋਸਕੀ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ। ਗਿਲਰੀਥ ਅਨੁਸਾਰ ਹਾਦਸੇ ਸਮੇਂ ਉਹ 25 ਮੀਲ ਰਫ਼ਤਾਰ ਵਾਲੇ ਜੋਨ ਵਿਚ 65 ਮੀਲ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਕਾਰ ਚਲਾ ਰਹੀ ਸੀ। ਪੁਲਿਸ ਦਾ ਕਹਿਣਾ ਹੈ ਕਿ ਹਾਦਸੇ ਵੇਲੇ ਕਥਿਤ ਤੌਰ ’ਤੇ ਜੈਮੀ ਨਸ਼ੇ ਵਿਚ ਸੀ।

ਸਫਾ 1 ਦਾ ਬਾਕੀ

## ਰਾਜਨੀਤਿਕ ਪਾਰਟੀਆਂ ਲਈ ਵਕਾਰ ਦਾ ਸਵਾਲ ਬਣੀ...

ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਦੀ ਅਚਾਨਕ ਹੋਈ ਮੌਤ ਕਾਰਨ ਪਾਰਟੀ ਪ੍ਰਧਾਨ ਸੁਖਵਿੰਦਰ ਸਿੰਘ ਬਾਦਲ ਜਲੰਧਰ ਹਲਕੇ ਤੋਂ ਗੈਰ ਹਾਜ਼ਰ ਹੀ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਭਾਜਪਾ ’ਚ ਸ਼ਾਮਲ ਹੋਏ ਸਾਬਕਾ ਵਿਧਾਇਕ ਇੰਦਰ ਇਕਬਾਲ ਸਿੰਘ ਅਟਵਾਲ ਵੀ ਇਥੋਂ ਆਪਣੀ ਕਿਸਮਤ ਅਜ਼ਮਾ ਰਹੇ ਹਨ। ਕੇਂਦਰੀ ਸੂਚਨਾ ਮੰਤਰੀ ਅਨੁਰਾਗ ਠਾਕੁਰ ਅੱਜਕੱਲ੍ਹ ਜਲੰਧਰ ਦੌਰੇ ’ਤੇ ਹਨ ਅਤੇ ਇਥੇ ਉਹ ਵੱਖ-ਵੱਖ ਆਗੂਆਂ ਨੂੰ ਮਿਲ ਕੇ ਭਾਜਪਾ ਦੇ ਹੱਕ ਵਿਚ ਪ੍ਰਚਾਰ ਕਰਨ ਦੀ ਅਪੀਲ ਕਰ ਰਹੇ ਹਨ।

ਕਾਂਗਰਸ ਦੇ ਉਮੀਦਵਾਰ ਮਰਹੂਮ ਵਿਧਾਇਕ ਸੰਤੋਖ ਸਿੰਘ ਚੌਧਰੀ ਦੀ ਪਤਨੀ ਸ਼੍ਰੀਮਤੀ ਕਮਲਜੀਤ ਚੌਧਰੀ ਦਾ ਜਲੰਧਰ ਤੋਂ ਆਪਣਾ ਕਾਫੀ ਅਸਰ-ਰਸੂਖ ਹੈ। ਉਨ੍ਹਾਂ ਦੇ ਪਤੀ ਮੌਜੂਦਾ ਮੈਂਬਰ ਪਾਰਲੀਮੈਂਟ ਸਨ, ਜਿਸ ਦਾ ਉਨ੍ਹਾਂ ਨੂੰ ਫਾਇਦਾ ਮਿਲ ਸਕਦਾ ਹੈ। ਸੀਨੀਅਰ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ, ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸੂਬਾ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਹੋਰ ਵੀ ਬਹੁਤ ਸਾਰੇ ਆਗੂ ਆਪਣੀ ਪਾਰਟੀ ਦੇ ਉਮੀਦਵਾਰ ਦੀ ਹਮਾਇਤ ’ਚ ਪੂਰੀ ਵਾਹ ਲਾ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਗੁਰਜੰਟ ਸਿੰਘ ਕੱਟੂ ਵੀ ਚੋਣ ਮੈਦਾਨ ਵਿਚ ਨਿਤਰੇ ਹੋਏ ਹਨ।

ਹਾਲਾਂਕਿ ਸਾਲ 2024 ਵਿਚ ਭਾਰਤ ਦੀਆਂ ਪਾਰਲੀਮੈਂਟ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ, ਜਿਸ ਨੂੰ ਕੁੱਝ ਸਮਾਂ ਹੀ ਬਾਕੀ ਹੈ। ਪਰ ਜਲੰਧਰ ਜ਼ਿਮਨੀ ਚੋਣ ਨੂੰ ਪੰਜਾਬ ਦੀਆਂ ਅਗਲੀਆਂ ਚੋਣਾਂ ਤੋਂ ਪਹਿਲਾਂ ਸੈਮੀਫਾਈਨਲ ਵਜੋਂ ਦੇਖਿਆ ਜਾ ਰਿਹਾ ਹੈ।

ਸਫਾ 1 ਦਾ ਬਾਕੀ

## ਬੇਅੰਤ ਸਿੰਘ ਕਤਲ ਮਾਮਲਾ : ਕੋਰਟ ਵੱਲੋਂ ਬਲਵੰਤ ਰਾਜੋਆਣਾ...

ਸੁਪਰੀਮ ਕੋਰਟ ਨੇ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ’ਚ ਬਦਲਣ ਤੋਂ ਇਨਕਾਰ ਕਰ ਦਿੱਤਾ ਹੈ ਪਰ ਕੇਂਦਰ ਨੂੰ ਭਵਿੱਖ ’ਚ ਉੱਚਿਤ ਸਮੇਂ ’ਤੇ ਉਸ ਦੀ ਦਇਆ ਪਟੀਸ਼ਨ ’ਤੇ ਵਿਚਾਰ ਕਰਨ ਨੂੰ ਕਿਹਾ ਹੈ।

ਸੁਪਰੀਮ ਕੋਰਟ ਨੇ ਤਰਕ ਦਿੱਤਾ ਹੈ ਕਿ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਘਟਾਉਣ ਦੀ ਮੰਗ ਕਰਨ ਵਾਲੀ ਪਟੀਸ਼ਨ ’ਤੇ ਸਮਰੱਥ ਅਥਾਰਿਟੀ ਫ਼ੈਸਲਾ ਕਰੇਗੀ। ਜਸਟਿਸ ਗਵਈ ਦੀ ਅਗਵਾਈ ਵਾਲੇ ਬੈਂਚ ਨੇ ਫ਼ੈਸਲਾ ਪੜ੍ਹਦਿਆਂ ਕਿਹਾ ਕਿ ਅਸੀਂ ਸਮਰੱਥ ਅਧਿਕਾਰੀਆਂ ਨੂੰ ਬਲਵੰਤ ਸਿੰਘ ਰਾਜੋਆਣਾ ਦੀ ਰਹਿਮ ਦੀ ਅਪੀਲ ’ਤੇ ਜਦੋਂ ਵੀ ਜ਼ਰੂਰੀ ਸਮਝੇ, ਫ਼ੈਸਲਾ ਲੈਣ ਲਈ ਆਖਦੇ ਹਾਂ। ਸੁਪਰੀਮ ਕੋਰਟ ਨੇ ਦੋਸ਼ੀ ਰਾਜੋਆਣਾ, ਕੇਂਦਰ ਅਤੇ ਹੋਰ ਸਬੰਧਤ ਧਿਰਾਂ ਦੀ ਸੁਣਵਾਈ ਤੋਂ ਬਾਅਦ ਇਸ ਸਾਲ 2 ਮਾਰਚ ਨੂੰ ਆਪਣਾ ਫ਼ੈਸਲਾ ਸੁਰੱਖਿਅਤ ਰੱਖ ਲਿਆ ਸੀ।

ਦੱਸ ਦੇਈਏ ਕਿ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਜਾ ਚੁੱਕਾ ਬਲਵੰਤ ਸਿੰਘ ਰਾਜੋਆਣਾ ਪਿਛਲੇ 27 ਸਾਲਾਂ ਤੋਂ ਜੇਲ੍ਹ ਵਿਚ ਬੰਦ ਹੈ, ਜੋ ਕਿ ਮੌਲਿਕ ਅਧਿਕਾਰ ਦਾ ਵੀ ਉਲੰਘਣ ਹੈ। ਸੁਪਰੀਮ ਕੋਰਟ ਨੇ ਰਾਜੋਆਣਾ ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ। ਕੋਰਟ ਵਲੋਂ ਸੁਣਾਈ ਗਈ ਸਜ਼ਾ ਮੁਆਫ਼ ਕਰਨ ਦੀ ਮੰਗ ਕਰਦਿਆਂ ਰਾਜੋਆਣਾ ਵਲੋਂ ਪਟੀਸ਼ਨ ਦਾਇਰ ਹੋਈ ਸੀ। ਰਾਜੋਆਣਾ ਨੇ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਲਈ ਸੁਪਰੀਮ ਕੋਰਟ ’ਚ ਗੁਹਾਰ ਲਾਈ ਗਈ ਸੀ। ਜਿਸ ਨੂੰ ਕੋਰਟ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਹਾਲਾਂਕਿ ਰਾਜੋਆਣਾ ਦੀ ਦਇਆ ਪਟੀਸ਼ਨ 2012 ਤੋਂ ਹੀ ਸਰਕਾਰ ਕੋਲ ਪੈਂਡਿੰਗ ਹੈ। ਕੇਂਦਰ ਸਰਕਾਰ ਉਸ ਦੀ ਪਟੀਸ਼ਨ ’ਤੇ ਲੰਬੇ ਸਮੇਂ ਤੱਕ ਫ਼ੈਸਲਾ ਨਹੀਂ ਲੈ ਸਕੀ ਹੈ।

ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਚ ਸਿਵਲ ਸਕੱਤਰੇਤ ਦੇ ਬਾਹਰ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦਾ ਕਤਲ ਕਰ ਦਿੱਤਾ ਗਿਆ ਸੀ। 31 ਅਗਸਤ 1995 ਨੂੰ ਬੇਅੰਤ ਸਿੰਘ ਦੀ ਕਾਰ ਨੂੰ ਹਮਲਾਵਰਾਂ ਨੇ ਉਡਾ ਦਿੱਤਾ ਸੀ। ਇਸ ਘਟਨਾ ’ਚ ਬੇਅੰਤ ਸਿੰਘ ਤੋਂ ਇਲਾਵਾ 16 ਹੋਰ ਲੋਕਾਂ ਦੀ ਜਾਨ ਚਲੀ ਗਈ ਸੀ। ਬਲਵੰਤ ਸਿੰਘ ਰਾਜੋਆਣਾ ਨੂੰ ਚੰਡੀਗੜ੍ਹ ਦੀ ਵਿਸ਼ੇਸ਼ ਅਦਾਲਤ ਨੇ 2007 ’ਚ ਬੇਅੰਤ ਸਿੰਘ ਦੇ ਕਤਲ ਦੀ ਸਾਜ਼ਿਸ਼ ਰਚਣ ਦਾ ਦੋਸ਼ੀ ਮੰਨਦਿਆਂ ਮੌਤ ਦੀ ਸਜ਼ਾ ਸੁਣਾਈ ਸੀ। ਹਾਈ ਕੋਰਟ ਨੇ ਵੀ ਇਸ ਸਜ਼ਾ ਨੂੰ ਬਰਕਰਾਰ ਰੱਖਿਆ ਸੀ।

ਸਫਾ 1 ਦਾ ਬਾਕੀ

## ਕੈਨੇਡਾ ਦੇ 25 ਮੋਸਟ ਵਾਂਟੇਡ ਦੋਸ਼ੀਆਂ ਦੀ ਸੂਚੀ ’ਚ ਗੋਲਡੀ...

ਮੈਂਬਰ ਗੈਂਗਸਟਰ ਗੋਲਡੀ ਬਰਾੜ ਮੂਸੇਵਾਲਾ ਦੀ ਹੱਤਿਆ ਦਾ ਮੁੱਖ ਸਾਜਿਸ਼ਘਾੜਾ ਹੈ। ਟੋਰਾਂਟੋ ਦੇ ਯੰਗ-ਡੂੰਡਾਸ ਸਕਵਾਇਰ ’ਤੇ ਸਾਰੇ 25 ਭਗੌੜਿਆਂ ਦੇ ਵੱਡੇ-ਵੱਡੇ ਕੱਟਆਊਟ ਲਾਏ ਗਏ ਹਨ। ਹਾਲਾਂਕਿ ਸੂਚੀ ’ਚ 15ਵੇਂ ਨੰਬਰ ’ਤੇ ਆਉਣ ਵਾਲੇ ਗੋਲਡੀ ਬਰਾੜ ’ਤੇ ਕਿਸੇ ਇਨਾਮ ਦਾ ਐਲਾਨ ਨਹੀਂ ਕੀਤਾ ਗਿਆ ਹੈ। ਵਰਨਣਯੋਗ ਹੈ ਕਿ ਗੋਲਡੀ ਬਰਾੜ (29) 2017 ’ਚ ਸਟੂਡੈਂਟ ਵੀਜ਼ੇ ’ਤੇ ਕੈਨੇਡਾ ਪੁੱਜਾ ਸੀ। ਉਸ ਨੇ ਉੱਘੇ ਗਾਇਕ ਸ਼ੁੱਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦੀ ਹੱਤਿਆ ਦੀ ਜ਼ਿੰਮੇਵਾਰੀ ਲਈ ਸੀ। ਜਿਸ ਦੀ 29 ਮਈ, 2022 ’ਚ ਪੰਜਾਬ ਦੇ ਮਾਨਸਾ ਜ਼ਿਲ੍ਹੇ ’ਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ, ਉਦੋਂ ਤੋਂ ਹੀ ਗੋਲਡੀ ਬਰਾੜ ਫ਼ਰਾਰ ਹੈ। ਨਵੀਂ ਦਿੱਲੀ ’ਚ ਕੈਨੇਡਾ ਦੇ ਹਾਈ ਕਮਿਸ਼ਨ ਨੇ ਇਕ ਬਿਆਨ ’ਚ ਕਿਹਾ ਕਿ ਗੋਲਡੀ ਬਰਾੜ ’ਤੇ ਭਾਰਤ ’ਚ ਲੱਗਣ ਵਾਲੇ ਦੋਸ਼ਾਂ ਦੇ ਮਾਮਲੇ ’ਚ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੀ ਜਾਂਚ ਦੇ ਘੇਰੇ ਵਿਚ ਹੈ। ਬਿਆਨ ਅਨੁਸਾਰ ਭਾਰਤ ’ਚ ਕੀਤੇ ਗਏ ਅਪਰਾਧ ਬਹੁਤ ਹੀ ਗੰਭੀਰ ਹਨ ਅਤੇ ਕੈਨੇਡਾ ਪੁਲਿਸ ਇਨ੍ਹਾਂ ਅਪਰਾਧਾਂ ਦਾ ਨੋਟਿਸ ਲਵੇਗੀ। ਬਿਆਨ ਅਨੁਸਾਰ ਸਮਝਿਆ ਜਾਂਦਾ ਹੈ ਕਿ ਬਰਾੜ ਕੈਨੇਡਾ ’ਚ ਹੈ ਅਤੇ ਉਹ ਰਾਸ਼ਟਰੀ ਸੁਰੱਖਿਆ ਲਈ ਬਹੁਤ ਖ਼ਤਰਨਾਕ ਹੈ। ਉਸ ਖ਼ਿਲਾਫ਼ ਇਸ ਸਮੇਂ ਜਾਂਚ ਚਲ ਰਹੀ ਹੈ ਪਰ ਕੈਨੇਡਾ ’ਚ ਉਸ ’ਤੇ ਕੋਈ ਅਪਰਾਧਿਕ ਕੇਸ ਦਰਜ ਨਹੀਂ ਹੈ। ਇੰਟਰਪੋਲ ਅਨੁਸਾਰ ਗੋਲਡੀ ਬਰਾੜ ’ਤੇ ਭਾਰਤ ’ਚ ਹੱਤਿਆ, ਅਪਰਾਧਿਕ ਸਾਜਿਸ਼ ਅਤੇ ਨਾਜਾਇਜ਼ ਹਥਿਆਰਾਂ ਦੀ ਸਪਲਾਈ ਦੇ ਦੋਸ਼ ਹਨ। ਪੰਜਾਬ ਦੇ ਮੁਕਤਸਰ ਸ਼ਹਿਰ ’ਚ ਰਹਿਣ ਵਾਲੇ ਬਰਾੜ ਖ਼ਿਲਾਫ਼ ਇਕ ਰੈੱਡ ਕਾਰਨਰ ਨੋਟਿਸ ਵੀ ਜਾਰੀ ਕੀਤਾ ਜਾ ਚੁੱਕਾ ਹੈ। ਪੰਜਾਬ ਪੁਲਿਸ ਨੇ ਸਿੱਧੂ ਮੂਸੇਵਾਲਾ ਦੀ ਹੱਤਿਆ ਲਈ ਗੋਲਡੀ ਬਰਾੜ ਅਤੇ ਲਾਰੈਂਸ ਬਿਸ਼ਨੋਈ ਨੂੰ ਜ਼ਿੰਮੇਵਾਰ ਠਹਿਰਾਇਆ ਹੈ।


Global Allianz

LAW FIRM LLP

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ ’ਤੇ ਸੱਟ ਲਗਣਾ

ਕਾਨੂੰਨੀ ਸਲਾਹਾਂ



Atul Kapoor
C.E.O

Asylum & Deportation Defense



Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188



KAMBOJ AYURVEDIC & HERBS

ਆਯੂਰਵੈਦਿਕ ਜੜ੍ਹੀ-ਬੂਟੀਆਂ



- ਵਾਈ-ਬਾਦੀ ਦੇ ਰੋਗ ਜਿਵੇਂ ਲਕਵਾ, ਅਧਰੰਗ, ਜੋੜਾਂ ਦਾ ਦਰਦ, ਗਠੀਆ
- ਗੁਪਤ ਰੋਗ ਜਿਵੇਂ ਧਾਂਤ ਪੈਣਾ, ਨਾਮਰਦੀ, ਸੁਪਨਦੋਸ਼, ਲਿਕਿਓਰੀਆ, ਮਾਂਹਵਾਰੀ ਦੀਆਂ ਖਰਾਬੀਆਂ
- ਖ਼ੂਨ ਦੀ ਕਮੀ, ਲਿਵਰ ਦੀ ਕੋਈ ਵੀ ਖਰਾਬੀ, ਲਿਵਰ ਵਧਣਾ ਜਾਂ ਸੁੰਗੜਨਾ, ਤੇਜ਼ਾਬ ਬਣਨਾ, ਖਾਣਾ ਨਾ ਪਚਣਾ, ਭੁੱਖ ਨਾ ਲੱਗਣਾ, ਸੰਗਰਹਿਣੀ ਆਦਿ ਦੇ ਪੁਰਾਣੇ ਰੋਗ
- ਦਿਮਾਗੀ ਖਰਾਬੀ, ਦੌਰੇ ਪੈਣਾ, ਮਿਰਗੀ, ਯਾਦਾਸ਼ਤ ਕਮਜ਼ੋਰ, ਹੱਥਾਂ-ਪੈਰਾਂ ’ਚੋਂ ਸੇਕ ਨਿਕਲਣਾ ਆਦਿ
- ਛਾਤੀ ਦੇ ਰੋਗ ਜਿਵੇਂ ਨਿਮੋਨੀਆ, ਕਾਲੀ ਖੰਗ, ਦਮਾ ਆਦਿ
- ਚਮੜੀ ਦੇ ਰੋਗ, ਖਾਜ, ਮੁਹਾਂਸੇ, ਛਾਈਆਂ ਆਦਿ

Open 10AM–6PM

ਕੈਂਸਰ ਦਾ ਇਲਾਜ



Kharati Kamboj
Ayurvedic Prescription

524 S. Clovis Ave, Fresno, CA 93727
559-341-9252

# ਵਿਦੇਸ਼ੀ ਨਾਗਰਿਕ ਨੂੰ ਅਮਰੀਕਾ 'ਚ ਗੈਰਕਾਨੂੰਨੀ ਢੰਗ ਨਾਲ ਦਾਖਲ ਹੋਣ 'ਤੇ 10 ਸਾਲ ਦੀ ਸਜ਼ਾ

ਵਾਸ਼ਿੰਗਟਨ, (ਪੰਜਾਬ ਮੇਲ)- ਇੱਕ ਇਨਫੋਰਸਮੈਂਟ ਐਂਡ ਰਿਮੂਵਲ ਓਪਰੇਸ਼ਨ (ਈ.ਆਰ.ਓ.) ਵਾਸ਼ਿੰਗਟਨ, ਡੀ.ਸੀ. ਦੀ ਕਾਰਵਾਈ ਦੇ ਨਤੀਜੇ ਵਜੋਂ ਇੱਕ ਸਾਲਵਾਡੋਰਨ ਨਾਗਰਿਕ ਨੂੰ ਪਹਿਲਾਂ ਤੋਂ ਹਟਾਏ ਜਾਣ ਤੋਂ ਬਾਅਦ ਗੈਰਕਾਨੂੰਨੀ ਢੰਗ ਨਾਲ ਸੰਯੁਕਤ ਰਾਜ ਵਿਚ ਮੁੜ ਦਾਖਲ ਹੋਣ ਲਈ ਦੋਸ਼ੀ ਠਹਿਰਾਇਆ ਗਿਆ। ਅਲ ਸਲਵਾਡੋਰ ਦੇ ਵਿਕਟਰ ਮੈਨੂਅਲ ਰੋਮੇਰੋ-ਡਿਆਜ਼ (40) ਨੇ 14 ਅਪ੍ਰੈਲ ਨੂੰ ਰਿਚਮੰਡ ਵਿਚ ਵਰਜੀਨੀਆ ਦੇ ਪੂਰਬੀ ਜ਼ਿਲ੍ਹੇ ਲਈ ਯੂ.ਐੱਸ. ਜ਼ਿਲ੍ਹਾ ਅਦਾਲਤ ਵਿਚ ਆਪਣੀ ਸਜ਼ਾ ਪ੍ਰਾਪਤ ਕੀਤੀ।

ਰੋਮੇਰੋ-ਡਿਆਜ਼ ਦੇ ਇਮੀਗ੍ਰੇਸ਼ਨ ਇਤਿਹਾਸ ਦੀ ਸਮੀਖਿਆ ਤੋਂ ਪਤਾ ਲੱਗਾ ਹੈ ਕਿ 12 ਦਸੰਬਰ, 2011 ਨੂੰ ਸੰਯੁਕਤ ਰਾਜ ਤੋਂ ਹਟਾ ਦਿੱਤਾ ਗਿਆ ਸੀ, ਇੱਕ ਸੰਗੀਨ ਅਪਰਾਧ ਲਈ ਦੋਸ਼ੀ ਠਹਿਰਾਇਆ ਗਿਆ ਸੀ।

ਈ.ਆਰ.ਓ .ਵਾਸ਼ਿੰਗਟਨ, ਡੀ.ਸੀ. ਦੇ ਡਿਪਟੀ ਫੀਲਡ ਆਫਿਸ ਡਾਇਰੈਕਟਰ ਪੈਟਰਿਕ ਡਿਵਰ ਨੇ ਕਿਹਾ, "ਵਿਕਟਰ ਮੈਨੂਅਲ ਰੋਮੇਰੋ-ਡਿਆਜ਼ ਨੂੰ ਪਹਿਲਾਂ ਇੱਕ ਘੋਰ ਅਪਰਾਧ ਲਈ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਸੰਯੁਕਤ ਰਾਜ ਤੋਂ ਹਟਾ ਦਿੱਤਾ ਗਿਆ ਸੀ"। "ਫਿਰ ਉਹ ਗੈਰ-ਕਾਨੂੰਨੀ ਤੌਰ 'ਤੇ ਬਿਨਾਂ ਅਧਿਕਾਰ ਦੇ ਦੇਸ਼ ਵਿਚ ਦਾਖਲ ਹੋਇਆ। ਸਾਡੇ ਨਿਵਾਸੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, ਈ.ਆਰ.ਓ. ਵਾਸ਼ਿੰਗਟਨ ਦੋਸ਼ੀ ਠਹਿਰਾਏ ਗਏ ਅਪਰਾਧੀਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਸੰਯੁਕਤ ਰਾਜ ਅਮਰੀਕਾ ਵਿਚ ਮੁੜ ਦਾਖਲ ਹੋਣ ਅਤੇ ਸਾਡੇ ਭਾਈਚਾਰਿਆਂ ਵਿਚ ਰਹਿਣ ਦੀ ਇਜਾਜ਼ਤ ਨਹੀਂ ਦੇ ਸਕਦਾ ਹੈ। ਈ.ਆਰ.ਓ. ਉਨ੍ਹਾਂ ਭਾਈਚਾਰਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਾਡੀ ਸ਼ਕਤੀ ਦੇ ਅੰਦਰ ਸਭ ਕੁਝ ਕਰਨਾ ਜਾਰੀ ਰੱਖੇਗਾ, ਜਿਨ੍ਹਾਂ ਦੀ ਸੁਰੱਖਿਆ ਲਈ ਅਸੀਂ ਸਹੁੰ ਖਾਧੀ ਹੈ।"

ਅਕਤੂਬਰ 2022 ਵਿਚ, ਈ.ਆਰ.ਓ. ਵਾਸ਼ਿੰਗਟਨ, ਡੀ.ਸੀ. ਦੇ ਭਗੌੜੇ ਓਪਰੇਸ਼ਨਾਂ ਦੇ ਦੇਸ਼ ਨਿਕਾਲੇ ਅਧਿਕਾਰੀਆਂ ਨੇ ਉੱਤਰੀ ਚੈਸਟਰਫੀਲਡ, ਵਰਜੀਨੀਆ ਵਿਚ ਰੋਮੇਰੋ-ਡਿਆਜ਼ ਨੂੰ ਗ੍ਰਿਫਤਾਰ ਕੀਤਾ। ਰੋਮੇਰੋ-ਡਿਆਜ਼ ਸੰਯੁਕਤ ਰਾਜ ਅਮਰੀਕਾ ਵਿਚ ਮੁੜ ਦਾਖਲੇ ਲਈ ਅਰਜ਼ੀ ਦੇਣ ਦੀ ਇਜਾਜ਼ਤ ਲਏ ਬਿਨਾਂ ਵਰਜੀਨੀਆ ਵਿਚ ਰਹਿ ਰਿਹਾ ਸੀ।

ਰੋਮੇਰੋ-ਡਿਆਜ਼ ਨੂੰ ਵੱਧ ਤੋਂ ਵੱਧ 10 ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ। ਉਸਦੀ ਸਜ਼ਾ 5 ਸਤੰਬਰ, 2023 ਨੂੰ ਤੈਅ ਕੀਤੀ ਗਈ ਹੈ।

ਇਹ ਕਾਰਵਾਈ ਈ.ਆਰ.ਓ. ਵਾਸ਼ਿੰਗਟਨ, ਡੀ.ਸੀ. ਦੁਆਰਾ ਨਿਆਂ ਵਿਭਾਗ ਦੇ ਅੰਤਰਰਾਸ਼ਟਰੀ ਮਾਮਲਿਆਂ ਅਤੇ ਸੰਗਠਿਤ ਅਪਰਾਧ ਅਤੇ ਗੈਂਗ ਸੈਕਸ਼ਨ ਦੀ ਮਹੱਤਵਪੂਰਨ ਸਹਾਇਤਾ ਨਾਲ ਕੀਤੀ ਗਈ ਸੀ। ਅਲ ਸਲਵਾਡੋਰ ਦੇ ਡਾਇਰੇਕਸੀਓਨ ਜਨਰਲ ਡੀ ਮਾਈਗਰੇਸੀਓਨ ਵਾਈ ਐਕਸਟੈਂਜਰੀਆ ਨੇ ਵੀ ਮਹੱਤਵਪੂਰਨ ਸਹਾਇਤਾ ਪ੍ਰਦਾਨ ਕੀਤੀ। ਜਨਤਾ 866-347-2423 ਡਾਇਲ ਕਰਕੇ ਜਾਂ ਔਨਲਾਈਨ ਟਿਪ ਫਾਰਮ ਨੂੰ ਭਰ ਕੇ ਅਪਰਾਧ ਅਤੇ/ਜਾਂ ਸ਼ੱਕੀ ਗਤੀਵਿਧੀ ਦੀ ਰਿਪੋਰਟ ਕਰ ਸਕਦੇ ਹਨ।

ਯੂ.ਐੱਸ. ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਦੇ ਤਿੰਨ ਸੰਚਾਲਨ ਡਾਇਰੈਕਟੋਰੇਟਾਂ ਵਿਚੋਂ ਇੱਕ ਹੋਣ ਦੇ ਨਾਤੇ, ਈ.ਆਰ.ਓ. ਘਰੇਲੂ ਇਮੀਗ੍ਰੇਸ਼ਨ ਲਾਗੂ ਕਰਨ ਦੇ ਇੰਚਾਰਜ ਫੈਡਰਲ ਕਾਨੂੰਨ ਲਾਗੂ ਕਰਨ ਵਾਲੀ ਅਥਾਰਟੀ ਹੈ। ਈ.ਆਰ.ਓ. ਦਾ ਮਿਸ਼ਨ ਅਮਰੀਕੀ ਭਾਈਚਾਰਿਆਂ ਦੀ ਸੁਰੱਖਿਆ ਅਤੇ ਯੂ.ਐੱਸ. ਇਮੀਗ੍ਰੇਸ਼ਨ ਕਾਨੂੰਨਾਂ ਦੀ ਅਖੰਡਤਾ ਨੂੰ ਕਮਜ਼ੋਰ ਕਰਨ ਵਾਲੇ ਲੋਕਾਂ ਦੀ ਗ੍ਰਿਫਤਾਰੀ ਅਤੇ ਹਟਾਉਣ ਦੁਆਰਾ ਦੇਸ਼ ਦੀ ਰੱਖਿਆ ਕਰਨਾ ਹੈ। ਇਸਦੇ ਅੰਦਰੂਨੀ ਲਾਗੂ ਕਰਨ ਵਾਲੇ ਕੰਮ ਦੇ ਮੁੱਖ ਖੇਤਰ ਹਨ:- ਏਜੰਸੀ ਦੇ ਨਜ਼ਰਬੰਦ ਅਤੇ ਗੈਰ-ਨਜ਼ਰਬੰਦ ਆਬਾਦੀ ਦਾ ਪ੍ਰਬੰਧਨ ਅਤੇ ਗੈਰ-ਨਾਗਰਿਕਾਂ ਦੀ ਵਾਪਸੀ, ਜਿਨ੍ਹਾਂ ਨੂੰ ਹਟਾਉਣ ਦੇ ਅੰਤਮ ਆਦੇਸ਼ ਪ੍ਰਾਪਤ ਹੋਏ ਹਨ। ਈ.ਆਰ.ਓ. ਦੇ ਕਰਮਚਾਰੀਆਂ ਵਿਚ 7,700 ਤੋਂ ਵੱਧ ਕਾਨੂੰਨ ਲਾਗੂ ਕਰਨ ਵਾਲੇ ਅਤੇ ਗੈਰ-ਕਾਨੂੰਨ ਲਾਗੂ ਕਰਨ ਵਾਲੇ ਸਹਾਇਤਾ ਕਰਮਚਾਰੀ 25 ਘਰੇਲੂ ਫੀਲਡ ਦਫਤਰਾਂ ਅਤੇ ਦੇਸ਼ ਭਰ ਵਿਚ 208 ਸਥਾਨਾਂ, 30 ਵਿਦੇਸ਼ੀ ਪੋਸਟਿੰਗਾਂ ਅਤੇ ਸਰਹੱਦ ਦੇ ਨਾਲ ਕਈ ਅਸਥਾਈ ਡਿਊਟੀ ਯਾਤਰਾ ਅਸਾਈਨਮੈਂਟਾਂ ਵਿਚ ਸ਼ਾਮਲ ਹਨ।

## ਚੀਨੀ ਰਾਸ਼ਟਰਪਤੀ ਵੱਲੋਂ ਰੂਸ-ਯੂਕਰੇਨ ਜੰਗ ਖ਼ਤਮ ਕਰਨ ਲਈ ਵਿਚੋਲਗੀ ਦੀ ਪੇਸ਼ਕਸ਼


ਪੇਈਚਿੰਗ, (ਪੰਜਾਬ ਮੇਲ)-ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਆਪਣੇ ਯੂਕਰੇਨੀ ਹਮਰੁਤਬਾ ਵੋਲੋਦੀਮੀਰ



ਜ਼ੈਲੇਂਸਕੀ ਨੂੰ ਫੋਨ ਕਰਕੇ ਰੂਸ ਨਾਲ ਚੱਲ ਰਹੀ ਜੰਗ ਖ਼ਤਮ ਕਰਨ ਲਈ ਵਿਚੋਲਗੀ ਦੀ ਪੇਸ਼ਕਸ਼ ਕੀਤੀ ਹੈ। ਜਿਨਪਿੰਗ ਵੱਲੋਂ ਜ਼ੈਲੇਂਸਕੀ ਨੂੰ ਕੀਤੀ ਇਹ ਪਲੇਠੀ ਫੋਨ ਕਾਲ ਸੀ। ਚੀਨੀ ਸਦਰ ਨੇ ਕਿਹਾ ਕਿ ਕੀਵ ਨੂੰ ਭੱਜ ਕੇ 'ਇਸ ਮੌਕੇ ਦਾ ਲਾਹਾ' ਲੈਣਾ ਚਾਹੀਦਾ ਹੈ। ਜਿਨਪਿੰਗ ਨੇ ਚਿਤਾਵਨੀ ਦਿੱਤੀ ਕਿ ਪ੍ਰਮਾਣੂ ਜੰਗ 'ਚ ਕੋਈ ਵੀ ਜੇਤੂ ਨਹੀਂ ਹੁੰਦਾ। ਸ਼ੀ ਨੇ ਇਹ ਪੇਸ਼ਕਸ਼ ਅਜਿਹੇ ਮੌਕੇ ਕੀਤੀ ਹੈ, ਜਦੋਂ ਚੀਨੀ ਸਦਰ ਨੇ ਪਿਛਲੇ ਮਹੀਨੇ ਮਾਸਕੋ ਦਾ ਦੌਰਾ ਕੀਤਾ ਸੀ।

## ਟਰੰਪ ਵਿਰੁੱਧ ਲਾਏ ਦੋਸ਼ਾਂ ਦੇ ਮਾਮਲੇ 'ਚ ਮੈਂ ਨਿਆਂ ਲੈਣ ਆਈ ਹਾਂ : ਜੀਨ ਕੈਰੋਲ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)** - ਇਕ ਅਮਰੀਕੀ ਸਿਵਲ ਕੋਰਟ ਵਿਚ ਪੱਤਰਕਾਰ ਤੇ ਲੇਖਿਕ ਈ ਜੀਨ ਕੈਰੋਲ ਨੇ ਆਪਣੀ ਪਟੀਸ਼ਨ 'ਤੇ ਜਿਰਹਾ ਦੇ ਪਹਿਲੇ ਦਿਨ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਵਿਰੁੱਧ ਲਾਏ ਜਬਰ-ਜਨਾਹ ਦੇ ਦੋਸ਼ਾਂ ਦਾ ਵੇਰਵਾ ਦਿੰਦਿਆਂ ਕਿਹਾ ਕਿ ਮੈਂ ਇਥੇ ਨਿਆਂ ਲੈਣ ਲਈ ਆਈ ਹਾਂ। ਸਾਬਕਾ ਰਾਸ਼ਟਰਪਤੀ ਵਿਰੁੱਧ ਦਾਇਰ ਮਾਣਹਾਨੀ ਪਟੀਸ਼ਨ 'ਤੇ ਸ਼ੁਰੂ ਹੋਈ ਬਹਿਸ ਦੌਰਾਨ ਕੈਰੋਲ ਨੇ ਕਿਹਾ ਕਿ 1996 'ਚ ਮੇਰੇ ਨਾਲ ਟਰੰਪ ਵੱਲੋਂ ਜਬਰ-ਜਨਾਹ ਕੀਤਾ ਗਿਆ ਸੀ ਪਰ



ਈ ਜੀਨ ਕੈਰੋਲ

ਉਸ ਸਮੇਂ ਮੈਂ ਡਰ ਗਈ ਸੀ, ਜਿਸ ਕਾਰਨ ਚੁੱਪ ਰਹੀ। ਸਾਬਕਾ ਰਾਸ਼ਟਰਪਤੀ ਜੋ ਸੁਣਵਾਈ ਵਿਚ ਸ਼ਾਮਲ ਨਹੀਂ ਹੋਏ, ਨੇ ਆਪਣੀ ਟਰੁੱਥ ਸੋਸ਼ਲ ਵੈਬਸਾਈਟ ਉਪਰ ਕਿਹਾ ਹੈ ਕਿ ਇਹ ਮਾਮਲਾ ਝੂਠਾ ਤੇ ਮਨਘੜਤ ਹੈ ਤੇ ਰਾਜਨੀਤੀ ਤੋਂ ਪ੍ਰੇਰਿਤ ਹੈ। ਇਸ ਵਿਚ ਕੋਈ ਸੱਚਾਈ ਨਹੀਂ ਹੈ। ਕੈਰੋਲ ਨੇ ਮੰਨਿਆ ਕਿ ਉਹ ਡਰੈਸਿੰਗ ਰੂਮ ਵਿਚ ਆਪਣੀ ਮਰਜ਼ੀ ਨਾਲ ਟਰੰਪ ਨਾਲ ਗਈ ਸੀ ਪਰੰਤੂ ਅਚਾਨਕ ਉਨ੍ਹਾਂ ਵਿਚਾਲੇ ਗੱਲ ਵਿਗੜ ਗਈ ਤੇ ਸਾਬਕਾ ਰਾਸ਼ਟਰਪਤੀ ਨੇ ਉਸ ਨਾਲ ਧੱਕਾ ਕੀਤਾ।

## ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਸਾਬਕਾ ਮੋਟਲ ਮੈਨੇਜਰ ਦੀ ਰਹਿਮ ਦੀ ਅਪੀਲ ਰੱਦ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਆਪਣੇ ਮਾਲਕ ਦੀ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ 60 ਸਾਲਾ ਸਾਬਕਾ ਮੋਟਲ ਮੈਨੇਜਰ ਰਿਚਰਡ ਗਲੋਸਿਪ ਵੱਲੋਂ ਦਾਇਰ ਰਹਿਮ ਦੀ ਅਪੀਲ ਓਕਲਾਹੋਮਾ ਦੇ 'ਪਾਰਡਨ ਐਂਡ ਪੈਰੋਲ ਬੋਰਡ' ਨੇ ਰੱਦ ਕਰ ਦਿੱਤੀ ਹੈ। ਬੋਰਡ ਦੇ 5 ਮੈਂਬਰਾਂ ਵਿਚੋਂ 2 ਨੇ ਰਹਿਮ ਦੀ ਅਪੀਲ ਦੇ ਹੱਕ ਵਿਚ ਤੇ 2 ਨੇ ਅਪੀਲ ਵਿਰੁੱਧ ਵੋਟ ਪਾਈ, ਜਦਕਿ ਇਕ ਮੈਂਬਰ ਨੇ ਵੋਟ ਵਿਚ ਹਿੱਸਾ ਨਹੀਂ ਲਿਆ। ਓਕਲਾਹੋਮਾ ਅਟਾਰਨੀ ਜਨਰਲ



ਰਿਚਰਡ ਗਲੋਸਿਪ


ਗੈਂਟਨਰ ਡਰੂਮੌਂਡ ਜਿਨ੍ਹਾਂ ਵੱਲੋਂ ਰਹਿਮ ਦੀ ਅਪੀਲ ਦਾ ਸਮਰਥਨ ਕੀਤਾ ਗਿਆ, ਵੀ ਬੋਰਡ ਦੀ ਮੀਟਿੰਗ ਵਿਚ ਹਾਜ਼ਰ ਸੀ। 3 ਘੰਟੇ ਚਲੀ ਸੁਣਵਾਈ ਦੌਰਾਨ ਬੋਰਡ ਨੇ ਡਰੂਮੌਂਡ, ਆਜ਼ਾਦ ਜਾਂਚਕਾਰਾਂ, ਗਲੋਸਿਪ ਦੇ ਵਕੀਲਾਂ ਤੇ ਖੁਦ ਗਲੋਸਿਪ ਦੇ ਪੱਖ ਨੂੰ ਸੁਣਿਆ। ਸੁਣਵਾਈ ਦੌਰਾਨ ਗਲੋਸਿਪ ਨੇ ਕਿਹਾ ਕਿ ਮੈ ਕਾਤਲ ਨਹੀਂ ਹਾਂ, ਮੈਂ ਮੌਤ ਦੀ ਸਜ਼ਾ ਦਾ ਹੱਕਦਾਰ ਨਹੀਂ ਹਾਂ। ਬਾਅਦ ਵਿਚ ਗਲੋਪਿਸ ਦੇ ਵਕੀਲਾਂ ਨੇ ਮੌਤ ਦੀ ਸਜ਼ਾ 'ਤੇ ਰੋਕ ਲਾਉਣ ਲਈ ਸੁਪਰੀਮ ਕੋਰਟ ਵਿਚ ਦਰਾਖਾਸਤ ਦਾਇਰ ਕੀਤੀ। ਗਲੋਪਿਸ ਨੂੰ 18 ਮਈ ਨੂੰ ਜ਼ਹਿਰ ਦਾ ਟੀਕਾ ਲਾਇਆ ਜਾਣਾ ਹੈ। ਇਸ ਤੋਂ ਪਹਿਲਾਂ 8 ਵਾਰ ਕਾਨੂੰਨੀ ਚਾਰਾਜੋਈ ਤੇ ਹੋਰ ਕਾਰਨਾਂ ਕਾਰਨ ਮੌਤ ਦੀ ਸਜ਼ਾ ਉਪਰ ਅਮਲ ਨਹੀਂ ਹੋ ਸਕਿਆ।

ਰੋਜ਼ਾਨਾ ਖਬਰਾਂ ਪੜ੍ਹਨ ਲਈ ਕਲਿੱਕ ਕਰੋ :
www.punjabmailusa.com




# ਰਾਸ਼ਟਰੀ ਪੰਚਾਇਤੀ ਰਾਜ ਦਿਵਸ

-ਡਾ. ਸਤਿਆਵਾਨ 'ਸੌਰਭ'
ਹਰਿਆਣਾ
ਕਵੀ, ਸੁਤੰਤਰ ਪੱਤਰਕਾਰ ਅਤੇ
ਕਾਲਮਨਵੀਸ, ਆਲ ਇੰਡੀਆ ਰੇਡੀਓ
ਅਤੇ ਟੀਵੀ ਪੈਨਲਿਸਟ, ਹਰਿਆਣਾ
ਮੋਬਾਈਲ : 94665-26148, 01255281381



(Punjab Mail USA)



ਅੱਜਕੱਲ੍ਹ ਅਜਿਹੀਆਂ ਖਬਰਾਂ ਸੁਣਨ ਅਤੇ ਪੜ੍ਹਨ ਨੂੰ ਮਿਲ ਰਹੀਆਂ ਹਨ ਕਿ ਦੇਸ਼ ਦੇ ਕਿਸੇ ਪਿੰਡ ਦੇ ਸਰਪੰਚ ਨੇ ਕਰਜ਼ੇ ਕਾਰਨ ਖੁਦਕੁਸ਼ੀ ਕਰ ਲਈ ਹੈ। ਅਜਿਹਾ ਕਿਉਂ ਹੋ ਰਿਹਾ ਹੈ ? ਭਾਰਤ ਦੀ ਪੰਚਾਇਤੀ ਰਾਜ ਪ੍ਰਣਾਲੀ ਵਿਚ, ਪਿੰਡ ਜਾਂ ਛੋਟੇ ਕਸਬੇ ਪੱਧਰ 'ਤੇ ਇੱਕ ਗ੍ਰਾਮ ਪੰਚਾਇਤ ਜਾਂ ਗ੍ਰਾਮ ਸਭਾ ਹੁੰਦੀ ਹੈ, ਜੋ ਭਾਰਤ ਦੇ ਸਥਾਨਕ ਸਵੈ-ਸ਼ਾਸਨ ਦਾ ਇੱਕ ਪ੍ਰਮੁੱਖ ਹਿੱਸਾ ਹੈ। ਸਰਪੰਚ ਗ੍ਰਾਮ ਸਭਾ ਦਾ ਚੁਣਿਆ ਹੋਇਆ ਸਰਵਉੱਚ ਨੁਮਾਇੰਦਾ ਹੈ। ਪ੍ਰਾਚੀਨ ਕਾਲ ਤੋਂ ਹੀ ਭਾਰਤ ਦੇ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਜੀਵਨ ਵਿਚ ਪੰਚਾਇਤ ਦਾ ਅਹਿਮ ਸਥਾਨ ਰਿਹਾ ਹੈ। ਜਨਤਕ ਜੀਵਨ ਦੇ ਹਰ ਪਹਿਲੂ ਨੂੰ ਇਸ ਦੁਆਰਾ ਨਿਯੰਤਰਿਤ ਕੀਤਾ ਗਿਆ ਸੀ। ਇਸ ਸਮੇਂ ਈ-ਪੰਚਾਇਤ ਦੇ ਵਿਰੋਧ 'ਚ ਹਰਿਆਣਾ ਰਾਜ ਭਰ ਦੀਆਂ ਗ੍ਰਾਮ ਪੰਚਾਇਤਾਂ 'ਚ ਗ੍ਰਾਮ ਸਕੱਤਰ ਧਰਨੇ ਲਗਾ ਰਹੇ ਹਨ ਅਤੇ ਬੀ.ਡੀ.ਪੀ.ਓ. ਦਫਤਰਾਂ ਨੂੰ ਤਾਲੇ ਲਗਾਏ ਜਾ ਰਹੇ ਹਨ, ਸਰਕਾਰ ਗ੍ਰਾਮ ਪੰਚਾਇਤਾਂ 'ਚ ਈ-ਸਿਸਟਮ ਸ਼ੁਰੂ ਕਰਨ ਜਾ ਰਹੀ ਹੈ। ਹਰਿਆਣਾ ਦੇ ਸਰਪੰਚਾਂ ਦਾ ਕਹਿਣਾ ਹੈ ਕਿ ਗ੍ਰਾਮ ਪੰਚਾਇਤ ਵਿਚ ਅਜਿਹੀ ਵਿਵਸਥਾ ਨਹੀਂ ਚੱਲੇਗੀ। ਅਜਿਹੀ ਸਥਿਤੀ ਵਿਚ ਪਿੰਡਾਂ ਦੇ ਵਿਕਾਸ ਕਾਰਜ ਪ੍ਰਭਾਵਿਤ ਹੋਣਗੇ। ਜੇਕਰ ਵਿਕਾਸ ਕਾਰਜ ਨਾ ਕਰਵਾਏ ਗਏ, ਤਾਂ ਪਿੰਡ ਵਾਸੀ ਵੀ ਸੜਕਾਂ 'ਤੇ ਆਉਣਗੇ।

ਭਾਰਤੀ ਸੰਵਿਧਾਨ ਵਿਚ 73ਵੀਂ ਸੰਵਿਧਾਨਕ ਸੋਧ ਰਾਹੀਂ ਪੰਚਾਇਤੀ ਰਾਜ ਪ੍ਰਣਾਲੀ ਰਾਹੀਂ ਪੇਂਡੂ ਖੇਤਰਾਂ ਦੇ ਵਿਕਾਸ ਲਈ ਸਥਾਨਕ ਲੋਕਾਂ ਦੀ ਭਾਗੀਦਾਰੀ ਦਾ ਉਪਬੰਧ ਕੀਤਾ ਗਿਆ ਹੈ। 73ਵੇਂ ਅਤੇ 74ਵੇਂ ਸੰਵਿਧਾਨਕ ਸੋਧ ਐਕਟਾਂ ਤੋਂ ਬਾਅਦ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਬਾਅਦ, ਰਾਜ ਸਰਕਾਰਾਂ, ਸਥਾਨਕ ਨੌਕਰਸ਼ਾਹਾਂ ਰਾਹੀਂ, ਪੰਚਾਇਤਾਂ ਉੱਤੇ ਕਾਫ਼ੀ ਅਖਤਿਆਰੀ ਸ਼ਕਤੀ ਅਤੇ ਪ੍ਰਭਾਵ ਦੀ ਵਰਤੋਂ ਕਰਨਾ ਜਾਰੀ ਰੱਖਦੀਆਂ ਹਨ। ਭਾਰਤ ਵਿਚ, ਸਥਾਨਕ ਚੁਣੇ ਹੋਏ ਅਧਿਕਾਰੀਆਂ (ਜਿਵੇਂ ਕਿ ਤੇਲੰਗਾਨਾ ਵਿਚ ਸਰਪੰਚ) ਦੀਆਂ ਸ਼ਕਤੀਆਂ ਰਾਜ ਸਰਕਾਰਾਂ ਅਤੇ ਸਥਾਨਕ ਨੌਕਰਸ਼ਾਹਾਂ ਦੁਆਰਾ ਬਹੁਤ ਸਾਰੇ ਤਰੀਕਿਆਂ ਨਾਲ ਬੁਰੀ ਤਰ੍ਹਾਂ ਸੀਮਤ ਹਨ, ਜੋ ਸਥਾਨਕ ਤੌਰ 'ਤੇ ਚੁਣੇ ਗਏ ਅਧਿਕਾਰੀਆਂ ਨੂੰ ਸ਼ਕਤੀਕਰਨ ਲਈ ਸੰਵਿਧਾਨਕ ਸੋਧਾਂ ਦੀ ਭਾਵਨਾ ਨੂੰ ਕਮਜ਼ੋਰ ਕਰਦੀਆਂ ਹਨ।

ਗ੍ਰਾਮ ਪੰਚਾਇਤਾਂ ਆਰਥਿਕ ਤੌਰ 'ਤੇ ਰੋਜ਼ਾਨਾ ਦੇ ਕੰਮਾਂ ਲਈ ਰਾਜ ਅਤੇ ਕੇਂਦਰ ਦੀਆਂ ਗ੍ਰਾਂਟਾਂ (ਅਖਤਿਆਰੀ ਅਤੇ ਗੈਰ-ਅਖਤਿਆਰੀ ਗ੍ਰਾਂਟਾਂ) 'ਤੇ ਨਿਰਭਰ ਹਨ। ਮੋਟੇ ਤੌਰ 'ਤੇ, ਪੰਚਾਇਤਾਂ ਕੋਲ ਫੰਡਿੰਗ ਦੇ ਤਿੰਨ ਮੁੱਖ ਸਰੋਤ ਹੁੰਦੇ ਹਨ - ਉਨ੍ਹਾਂ ਦੇ ਆਪਣੇ ਮਾਲੀਏ ਦੇ ਸਰੋਤ (ਸਥਾਨਕ ਟੈਕਸ, ਸਾਂਝੇ ਸੰਪਤੀ ਸਰੋਤਾਂ ਤੋਂ ਮਾਲੀਆ, ਆਦਿ), ਕੇਂਦਰ ਅਤੇ ਰਾਜ ਸਰਕਾਰਾਂ ਤੋਂ ਸਹਾਇਤਾ ਪ੍ਰਾਪਤ ਸਹਾਇਤਾ, ਅਤੇ ਅਖਤਿਆਰੀ ਜਾਂ ਯੋਜਨਾ-ਆਧਾਰਿਤ ਫੰਡ। ਇਸਦੇ ਆਪਣੇ ਮਾਲੀਏ ਦੇ ਸਰੋਤ (ਟੈਕਸ ਅਤੇ ਗੈਰ-ਟੈਕਸ ਦੋਵੇਂ) ਕੁੱਲ ਪੰਚਾਇਤ ਫੰਡਾਂ ਦਾ ਇੱਕ ਛੋਟਾ ਜਿਹਾ ਹਿੱਸਾ ਬਣਾਉਂਦੇ ਹਨ। ਪੰਚਾਇਤਾਂ ਲਈ ਅਖਤਿਆਰੀ ਗ੍ਰਾਂਟਾਂ ਤੱਕ ਪਹੁੰਚ ਸਿਆਸੀ ਅਤੇ ਨੌਕਰਸ਼ਾਹੀ ਸਬੰਧਾਂ 'ਤੇ ਨਿਰਭਰ ਕਰਦੀ ਹੈ।

ਪੰਚਾਇਤੀ ਖਾਤਿਆਂ ਵਿਚ ਮਨਜ਼ੂਰ ਫੰਡ ਟਰਾਂਸਫਰ ਕਰਨ ਵਿਚ ਬੇਲੋੜੀ ਦੇਰੀ ਸਥਾਨਕ ਵਿਕਾਸ ਨੂੰ ਰੋਕਦੀ ਹੈ। ਉਨ੍ਹਾਂ ਨੂੰ ਅਲਾਟ ਕੀਤੇ ਫੰਡਾਂ ਦੀ ਵਰਤੋਂ ਕਿਵੇਂ ਕਰਨੀ ਹੈ, ਇਸ 'ਤੇ ਵੀ ਸਖ਼ਤ ਪਾਬੰਦੀਆਂ ਹਨ। ਰਾਜ ਸਰਕਾਰਾਂ ਅਕਸਰ ਪੰਚਾਇਤ ਫੰਡਾਂ ਰਾਹੀਂ ਵੱਖ-ਵੱਖ ਖਰਚਿਆਂ 'ਤੇ ਖਰਚ ਸੀਮਾਵਾਂ ਲਗਾ ਦਿੰਦੀਆਂ ਹਨ। ਹਾਲ ਹੀ ਦੀ ਤਰ੍ਹਾਂ ਹਰਿਆਣਾ ਸਰਕਾਰ ਗ੍ਰਾਮ ਪੰਚਾਇਤਾਂ ਵਿਚ ਈ-ਸਿਸਟਮ ਸ਼ੁਰੂ ਕਰਨ ਜਾ ਰਹੀ ਹੈ। ਇਸ ਤਰ੍ਹਾਂ ਦਾ ਸਿਸਟਮ ਗ੍ਰਾਮ ਪੰਚਾਇਤ ਵਿਚ ਕੰਮ ਨਹੀਂ ਕਰੇਗਾ। ਅਜਿਹੀ ਸਥਿਤੀ ਵਿਚ ਪਿੰਡਾਂ ਦੇ ਵਿਕਾਸ ਕਾਰਜ ਪ੍ਰਭਾਵਿਤ ਹੋਣਗੇ। ਜੇਕਰ ਵਿਕਾਸ ਕਾਰਜ ਨਾ ਕਰਵਾਏ ਗਏ ਤਾਂ ਪਿੰਡ ਵਾਸੀ ਵੀ ਸੜਕਾਂ 'ਤੇ ਆਉਣਗੇ। ਪੰਚਾਇਤ ਫੰਡ ਖਰਚ ਕਰਨ ਲਈ ਦੋਹਰੇ ਅਧਿਕਾਰ ਪ੍ਰਦਾਨ ਕਰਦੀ ਹੈ। ਸਰਪੰਚਾਂ ਦੇ ਨਾਲ ਵੀ ਅਦਾਇਗੀਆਂ ਲਈ ਅਫਸਰਸ਼ਾਹੀ ਦੀ ਸਹਿਮਤੀ ਦੀ ਲੋੜ ਹੁੰਦੀ ਹੈ। ਪੰਚਾਇਤ ਫੰਡ ਵਿਚੋਂ ਭੁਗਤਾਨ ਲਈ ਜਾਰੀ ਕੀਤੇ ਗਏ ਚੈੱਕ 'ਤੇ ਸਰਪੰਚ ਅਤੇ ਪੰਚਾਇਤ ਸਕੱਤਰ ਨੂੰ ਸਹਿ-ਹਸਤਾਖਰ ਕਰਨੇ ਚਾਹੀਦੇ ਹਨ।

ਰਾਜ ਸਰਕਾਰਾਂ ਸਥਾਨਕ ਸਰਕਾਰਾਂ ਨੂੰ ਸਥਾਨਕ ਨੌਕਰਸ਼ਾਹੀ ਰਾਹੀਂ ਬੰਨ੍ਹਦੀਆਂ ਹਨ। ਉਦਾਹਰਨ ਲਈ, ਪਬਲਿਕ ਵਰਕਸ ਪ੍ਰੋਜੈਕਟਾਂ ਦੀ ਮਨਜ਼ੂਰੀ ਲਈ ਅਕਸਰ ਪੇਂਡੂ ਵਿਕਾਸ ਵਿਭਾਗ ਦੇ ਸਥਾਨਕ ਅਧਿਕਾਰੀਆਂ ਤੋਂ ਤਕਨੀਕੀ ਪ੍ਰਵਾਨਗੀ ਅਤੇ ਪ੍ਰਸ਼ਾਸਕੀ ਪ੍ਰਵਾਨਗੀ ਦੀ ਲੋੜ ਹੁੰਦੀ ਹੈ, ਸਰਪੰਚਾਂ ਲਈ ਇੱਕ ਮੁਸ਼ਕਲ ਪ੍ਰਕਿਰਿਆ ਹੈ, ਜਿਸ ਲਈ ਸਰਕਾਰੀ ਦਫ਼ਤਰਾਂ ਵਿਚ ਵਾਰ-ਵਾਰ ਜਾਣਾ ਪੈਂਦਾ ਹੈ। ਸਰਪੰਚਾਂ ਦੀ ਸਥਾਨਕ ਸਟਾਫ਼ ਉੱਤੇ ਪ੍ਰਬੰਧਕੀ ਨਿਯੰਤਰਣ ਵਰਤਣ ਦੀ ਸਮਰੱਥਾ ਸੀਮਤ ਹੈ। ਬਹੁਤ ਸਾਰੇ ਰਾਜਾਂ ਵਿਚ, ਪੰਚਾਇਤ ਨੂੰ ਰਿਪੋਰਟ ਕਰਨ ਵਾਲੇ ਸਥਾਨਕ ਕਾਰਜਕਰਤਾ, ਜਿਵੇਂ ਕਿ ਪਿੰਡ ਦੇ ਚੌਕੀਦਾਰ ਜਾਂ ਸਫਾਈ ਕਰਮਚਾਰੀ, ਨੂੰ ਜ਼ਿਲ੍ਹਾ ਜਾਂ ਬਲਾਕ ਪੱਧਰ 'ਤੇ ਭਰਤੀ ਕੀਤਾ ਜਾਂਦਾ ਹੈ। ਅਕਸਰ ਸਰਪੰਚ ਕੋਲ ਇਨ੍ਹਾਂ ਸਥਾਨਕ ਪੱਧਰ ਦੇ ਮੁਲਾਜ਼ਮਾਂ ਨੂੰ ਬਰਖਾਸਤ ਕਰਨ ਦੀ ਤਾਕਤ ਵੀ ਨਹੀਂ ਹੁੰਦੀ।

ਦੂਜੇ ਪੱਧਰਾਂ 'ਤੇ ਚੁਣੇ ਹੋਏ ਅਧਿਕਾਰੀਆਂ ਦੇ ਉਲਟ, ਸਰਪੰਚਾਂ ਨੂੰ ਅਹੁਦੇ 'ਤੇ ਰਹਿੰਦੇ ਹੋਏ ਬਰਖਾਸਤ ਕੀਤਾ ਜਾ ਸਕਦਾ ਹੈ। ਕਈ ਰਾਜਾਂ ਵਿਚ ਗ੍ਰਾਮ ਪੰਚਾਇਤ ਐਕਟਾਂ ਨੇ ਜ਼ਿਲ੍ਹਾ ਪੱਧਰੀ ਨੌਕਰਸ਼ਾਹਾਂ, ਜ਼ਿਆਦਾਤਰ ਜ਼ਿਲ੍ਹਾ ਕੁਲੈਕਟਰਾਂ ਨੂੰ ਅਧਿਕਾਰਤ ਦੁਰਵਿਹਾਰ ਲਈ ਸਰਪੰਚਾਂ ਵਿਰੁੱਧ ਕਾਰਵਾਈ ਕਰਨ ਦਾ ਅਧਿਕਾਰ ਦਿੱਤਾ ਹੈ। ਦੇਸ਼ ਭਰ ਵਿਚ, ਨੌਕਰਸ਼ਾਹਾਂ ਵੱਲੋਂ ਸਰਪੰਚਾਂ ਨੂੰ ਅਹੁਦੇ ਤੋਂ ਬਰਖਾਸਤ ਕਰਨ ਦੇ ਫੈਸਲੇ ਲੈਣ ਦੀਆਂ ਬਾਕਾਇਦਾ ਉਦਾਹਰਣਾਂ ਹਨ। ਹਾਲ ਹੀ ਦੇ ਸਾਲਾਂ ਵਿਚ ਹੋਰ ਸਰਪੰਚਾਂ ਨੂੰ ਅਹੁਦੇ ਤੋਂ ਬਰਖਾਸਤ ਕੀਤਾ ਗਿਆ ਹੈ।

**Do you know how to plan & secure your finances?**

*Book your free consultations for*

- Tax free Retirement Planning
- College Education Planning
- Proper Protection
- Health & Disability (Long Term Care Planning)
- Annuities
- Will & Trust (Discounted for a limited time with conditions applied)
- Building Legacy

**Harsimran Bajwa**

Lic# 4267166

**Call/Text: (916) 479-4783**

Email: bajwahgi@gmail.com



*Let's do the needful to secure our life and our family's future!*



# ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀ ਖੇਤੀ ਸਮਾਨਤਾ ਨੂੰ ਵੰਡ ਨਹੀਂ ਸਕੀ ਸਰਹੱਦ

ਸਾਂਝੀ ਕਲਮ
ਰਾਮ ਸਿੰਘ ਕਲਿਆਣ
(ਸਾਂਝ ਪੰਜਾਬ ਟੀ.ਵੀ.) ਚੜ੍ਹਦਾ ਪੰਜਾਬ
ਨਾਸਿਰ ਢਿੱਲੋਂ, (ਪੰਜਾਬੀ ਲਹਿਰ ਚੈਨਲ) ਲਹਿੰਦਾ ਪੰਜਾਬ
(Punjab Mail USA)





1947 ਵਿਚ ਗੋਰਿਆਂ ਨੇ ਆਜ਼ਾਦੀ ਦੇ ਨਾਮ 'ਤੇ ਭਾਰਤ ਦੇਸ਼ ਦੀ ਵੰਡ ਕਰਕੇ ਦੁਨੀਆਂ ਦੇ ਨਕਸ਼ੇ 'ਤੇ ਪਾਕਿਸਤਾਨ ਦੇਸ਼ ਲੈ ਆਂਦਾ।

ਕੁਝ ਸਮੇਂ ਬਾਅਦ ਗੋਰੇ ਬੋਰੀ ਬਿਸਤਰਾ ਚੁੱਕ ਕੇ ਚਲੇ ਗਏ ਪਰ ਗੁਰੂ, ਪੀਰਾਂ, ਫਕੀਰਾਂ ਦੀ ਸਾਂਝੀ ਧਰਤੀ, ਪੰਜਾਬ ਦੇ ਅੰਗਰੇਜ਼ ਵਕੀਲ ਰਿੰਡ ਕਲਿੱਫ ਦੀ ਜਲਦਬਾਜ਼ੀ ਵਿਚ ਕਾਗਜ਼ਾਂ ਉੱਤੇ ਖਿੱਚੀ ਲਕੀਰ ਨੇ ਦੋ ਟੋਟੇ ਕਰ ਦਿੱਤੇ। ਇੱਕ ਚੜ੍ਹਦਾ ਪੰਜਾਬ ਤੇ ਦੂਜਾ ਲਹਿੰਦਾ ਪੰਜਾਬ।

ਪਰ ਅੱਜ 76 ਵਰ੍ਹਿਆਂ ਬਾਅਦ ਵੀ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀ ਬੋਲੀ, ਰਹਿਣ-ਸਹਿਣ ਅਤੇ ਮੁੱਖ ਕਿੱਤਾ ਖੇਤੀਬਾੜੀ ਹੀ ਹੈ। ਦੋਵੇਂ ਸੂਬੇ ਆਪਣੇ-ਆਪਣੇ ਦੇਸ਼ਾਂ ਦਾ ਢਿੱਡ ਭਰਨ ਲਈ ਦਿਨ-ਰਾਤ ਮਿਹਨਤ ਕਰਦੇ ਹਨ।

ਭਾਰਤ ਅਤੇ ਪਾਕਿਸਤਾਨ ਦੇ ਵਸਨੀਕਾਂ ਦਾ ਮੁੱਖ ਭੋਜਨ ਕਣਕ ਦੀ ਰੋਟੀ ਹੈ। ਦੋਵੇ ਪੰਜਾਬ ਆਪਣੇ ਦੇਸ਼ ਵਿਚ ਕਣਕ ਦੇ ਵੱਡੇ ਉਤਪਾਦਕ ਹਨ। ਪੰਜਾਬ ਵਿਚ ਕਣਕ ਦੀ ਵਾਢੀ ਦਾ ਸੀਜ਼ਨ ਵਿਸਾਖੀ ਦੇ ਆਸ-ਪਾਸ ਆਮ ਤੌਰ 'ਤੇ ਅਪ੍ਰੈਲ ਵਿਚ ਸ਼ੁਰੂ ਹੁੰਦਾ ਹੈ ਅਤੇ ਮਈ ਦੇ ਸ਼ੁਰੂ ਤੱਕ ਚੱਲਦਾ ਹੈ। ਇਸ ਸਮੇਂ ਦੌਰਾਨ ਪੰਜਾਬ ਦੇ ਕਿਸਾਨ ਕਣਕ ਦੀ ਫਸਲ ਦਾ ਉਤਪਾਦਨ ਵਧਾਉਣ ਲਈ ਅਣਥੱਕ ਮਿਹਨਤ ਕਰਦੇ ਹਨ।

ਕਣਕ ਦੀ ਫ਼ਸਲ ਆਮ ਤੌਰ 'ਤੇ ਨਵੰਬਰ ਅਤੇ ਦਸੰਬਰ ਵਿਚ ਬੀਜੀ ਜਾਂਦੀ ਹੈ ਅਤੇ ਇਸ ਨੂੰ ਪੱਕਣ ਵਿਚ ਪੰਜ-ਛੇ ਮਹੀਨੇ ਲੱਗ ਜਾਂਦੇ ਹਨ। ਇਸ ਸਮੇਂ ਦੌਰਾਨ ਪੰਜਾਬ ਦੇ ਕਿਸਾਨ ਸਿਹਤਮੰਦ ਫਸਲ ਨੂੰ ਯਕੀਨੀ ਬਣਾਉਣ ਲਈ ਜ਼ਮੀਨ ਦੀ ਤਿਆਰੀ, ਬੀਜ ਦੀ ਚੋਣ, ਖਾਦ ਅਤੇ ਕੀਟ ਕੰਟਰੋਲ ਵਿਚ ਰੁੱਝੇ ਰਹਿੰਦੇ ਹਨ। ਚੜ੍ਹਦੇ ਪੰਜਾਬ ਦੇ ਕਿਸਾਨ ਕਣਕ ਫਸਲ ਨੂੰ ਸਿੰਚਾਈ ਕਰਨ ਲਈ ਨਹਿਰੀ ਪਾਣੀ ਦੇ ਨਾਲ-ਨਾਲ ਬਿਜਲੀ ਮੋਟਰ ਟਿਊਬਵੈੱਲ ਦੀ ਵਰਤੋਂ ਕਰਦੇ ਹਨ ਪਰ ਲਹਿੰਦੇ ਪੰਜਾਬ ਦੇ ਕਿਸਾਨ ਨਹਿਰੀ ਪਾਣੀ 'ਤੇ ਜ਼ਿਆਦਾ ਨਿਰਭਰ ਕਰਦੇ ਹਨ।

ਇੱਕ ਵਾਰ ਜਦੋਂ ਕਣਕ ਦੀ ਫ਼ਸਲ ਵਾਢੀ ਲਈ ਤਿਆਰ ਹੋ ਜਾਂਦੀ ਹੈ, ਤਾਂ ਪੰਜਾਬ ਵਿਚ ਕਿਸਾਨ ਕਣਕ ਦੇ ਨਾੜ ਨੂੰ ਕੱਟਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੰਦੇ ਹਨ। ਇਹ ਆਮ ਤੌਰ 'ਤੇ ਇੱਕ ਦਾਤਰੀ ਜਾਂ ਚੀਥ ਦੀ ਵਰਤੋਂ ਕਰਕੇ ਹੱਥੀਂ ਕੀਤਾ ਜਾਂਦਾ ਹੈ। ਫਿਰ ਕਣਕ ਦੀ ਵਢਾਈ ਕਰਨ ਉਪਰੰਤ ਕੁਝ ਦਿਨਾਂ ਲਈ ਧੁੱਪ ਵਿਚ ਸੁਕਾਉਣ ਲਈ ਛੱਡ ਦਿੱਤਾ ਜਾਂਦਾ ਹੈ। ਇੱਕ ਵਾਰ ਜਦੋਂ ਕਣਕ ਸੁੱਕ ਜਾਂਦੀ ਹੈ, ਅਗਲਾ ਕਦਮ ਥਰੈਸਿੰਗ (ਹੜੰਬਾ) ਹੁੰਦਾ ਹੈ, ਜਿੱਥੇ ਕਣਕ ਦੇ ਦਾਣੇ, ਤੂੜੀ ਤੋਂ ਵੱਖ ਹੁੰਦੇ ਹਨ। ਭਾਰਤ ਅਤੇ ਪਾਕਿਸਤਾਨ ਦੇ ਥ੍ਰੈਸ਼ਰ ਬਣਤਰ ਬਹੁਤ ਅਲੱਗ-ਅਲੱਗ ਹਨ।

ਰਵਾਇਤੀ ਤੌਰ 'ਤੇ, ਕਣਕ ਦੇ ਡੰਡੇ ਨੂੰ ਡੰਡੇ ਨਾਲ ਕੁੱਟ ਕੇ ਜਾਂ ਥਰੈਸ਼ਿੰਗ ਬੋਰਡ ਦੀ ਵਰਤੋਂ ਕਰਕੇ ਹੱਥੀਂ ਪਿੜਾਈ ਕੀਤੀ ਜਾਂਦੀ ਸੀ। ਹਾਲਾਂਕਿ, ਹਾਲ ਹੀ ਦੇ ਸਾਲਾਂ ਵਿਚ, ਪੰਜਾਬ ਵਿਚ ਕਿਸਾਨਾਂ ਨੇ ਪਿੜਾਈ ਲਈ ਮਸ਼ੀਨਾਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ। ਇਹ ਮਸ਼ੀਨਾਂ ਕੁਸ਼ਲ ਹਨ ਅਤੇ ਥੋੜ੍ਹੇ ਸਮੇਂ ਵਿਚ ਵੱਡੀ ਮਾਤਰਾ ਵਿਚ ਕਣਕ ਦੀ ਕਟਾਈ ਕਰ ਸਕਦੀਆਂ ਹਨ।



ਇੱਕ ਵਾਰ ਕਣਕ ਦੀ ਪਿੜਾਈ ਹੋਣ ਤੋਂ ਬਾਅਦ, ਇਸਨੂੰ ਭਵਿੱਖ ਵਿਚ ਵਰਤੋਂ ਲਈ ਬੋਰੀਆਂ ਵਿਚ ਜਾਂ ਸਿਲੋਜ਼ ਵਿਚ ਸਟੋਰ ਕੀਤਾ ਜਾਂਦਾ ਹੈ। ਕਣਕ ਪੰਜਾਬ ਦੀ ਇੱਕ ਮਹੱਤਵਪੂਰਨ ਫ਼ਸਲ ਹੈ ਅਤੇ ਇਸਦੀ ਵਰਤੋਂ ਕਈ ਤਰ੍ਹਾਂ ਦੇ ਉਦੇਸ਼ਾਂ ਲਈ ਕੀਤੀ ਜਾਂਦੀ ਹੈ। ਇਸਦੀ ਵਰਤੋਂ ਰੋਟੀ, ਬਰੈਡ ਅਤੇ ਹੋਰ ਬੇਕਡ ਸਮਾਨ ਬਣਾਉਣ ਲਈ ਕੀਤੀ ਜਾਂਦੀ ਹੈ। ਇਸਦੀ ਵਰਤੋਂ ਪਸ਼ੂਆਂ ਦੀ ਖੁਰਾਕ ਬਣਾਉਣ ਲਈ ਵੀ ਕੀਤੀ ਜਾਂਦੀ ਹੈ ਅਤੇ ਪੰਜਾਬ ਦੇ ਕਿਸਾਨਾਂ ਲਈ ਆਮਦਨ ਦਾ ਇੱਕ ਮਹੱਤਵਪੂਰਨ ਸਰੋਤ ਹੈ।

ਪੰਜਾਬ ਵਿਚ ਕਣਕ ਦੀ ਵਾਢੀ ਇੱਕ ਭਾਈਚਾਰਕ ਮਾਮਲਾ ਹੈ। ਗੁਆਂਢੀ ਅਤੇ ਪਰਿਵਾਰ ਦੇ ਮੈਂਬਰ ਅਕਸਰ ਵਾਢੀ ਵਿਚ ਮਦਦ ਕਰਨ ਲਈ ਇਕੱਠੇ ਹੁੰਦੇ ਹਨ। ਇਹ ਜਸ਼ਨ ਅਤੇ ਖੁਸ਼ੀ ਦਾ ਸਮਾਂ ਹੈ ਕਿਉਂਕਿ ਕਿਸਾਨ ਆਪਣੀ ਫਸਲ ਦੀ ਸਫਲ ਵਾਢੀ ਦਾ ਜਸ਼ਨ ਮਨਾਉਂਦੇ ਹਨ।

ਮੌਜੂਦਾ ਸਮੇਂ ਹਾਰਵੈਸਟਰ ਮਸ਼ੀਨਾਂ ਅਤੇ ਸਟਰਾਅ ਰੀਪਰ ਨੇ ਕਣਕ ਦੀ ਵਢਾਈ ਤੇ ਤੂੜੀ ਬਣਾਉਣ ਦਾ ਕੰਮ ਬਹੁਤ ਸੁਖਾਲਾ ਕਰ ਦਿੱਤਾ ਹੈ।

ਸਿੱਟੇ ਵਜੋਂ, ਪੰਜਾਬ ਵਿਚ ਕਣਕ ਦੀ ਵਾਢੀ ਖੇਤੀਬਾੜੀ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਇਹ ਸਖ਼ਤ ਮਿਹਨਤ, ਭਾਈਚਾਰੇ ਅਤੇ ਜਸ਼ਨ ਦਾ ਸਮਾਂ ਹੈ। ਪੰਜਾਬ ਦੇ ਕਿਸਾਨ ਆਪਣੀ ਕਣਕ ਦੀ ਫਸਲ 'ਤੇ ਬਹੁਤ ਮਾਣ ਕਰਦੇ ਹਨ ਅਤੇ ਇਸਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਅਣਥੱਕ ਮਿਹਨਤ ਕਰਦੇ ਹਨ। ਪੰਜਾਬ ਵਿਚ ਕਣਕ ਦੀ ਕਟਾਈ ਵੱਖ-ਵੱਖ ਉਦੇਸ਼ਾਂ ਲਈ ਕੀਤੀ ਜਾਂਦੀ ਹੈ ਅਤੇ ਇਸ ਖੇਤਰ ਦੇ ਕਿਸਾਨਾਂ ਲਈ ਆਮਦਨ ਦਾ ਇੱਕ ਮਹੱਤਵਪੂਰਨ ਸਰੋਤ ਹੈ।






# ਕੈਨੇਡਾ ਵਿਚ ਚੋਰੀਆਂ ਦੇ ਧੰਦੇ ਵਿਚ ਸ਼ਾਮਲ ਵਿਅਕਤੀਆਂ ਨੇ ਪੰਜਾਬੀਆਂ ਦੇ ਅਕਸ ਨੂੰ ਢਾਹ ਲਾਈ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਇੱਕ ਪਾਸੇ ਪੰਜਾਬੀ ਕੈਨੇਡਾ ਦੀ ਫੈਡਰਲ ਅਤੇ ਸੂਬਿਆਂ ਦੀਆਂ ਸਰਕਾਰਾਂ ਵਿਚ ਮੰਤਰੀਆਂ ਦੇ ਅਹੁਦੇ ਪ੍ਰਾਪਤ ਕਰਕੇ ਸਫਲਤਾ ਦੇ ਝੰਡੇ ਗੱਡ ਰਹੇ ਹਨ, ਦੂਜੇ ਪਾਸੇ ਕੁਝ ਕਾਲੀਆਂ ਭੇਡਾਂ ਵਹੀਕਲ ਚੋਰੀਆਂ, ਨਸ਼ਿਆਂ ਅਤੇ ਗ਼ੈਰ ਸਮਾਜੀ ਕਾਰਵਾਈਆਂ ਕਰਕੇ ਬਦਨਾਮੀ ਖੱਟ ਰਹੇ ਹਨ। ਇਸ ਤੋਂ ਇਲਾਵਾ ਕੁਝ ਪੰਜਾਬੀ ਬਾਗਾਂ, ਖੇਤੀਬਾੜੀ, ਟਰਾਂਸਪੋਰਟ, ਹੋਟਲ ਕਾਰੋਬਾਰ ਅਤੇ ਆਈ.ਟੀ. ਦੇ ਖੇਤਰ ਵਿਚ ਮੱਲ੍ਹਾਂ ਮਾਰ ਰਹੇ ਹਨ। ਪੰਜਾਬੀਆਂ ਨੇ ਕੈਨੇਡਾ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਵਿਚ ਵੱਡਾ ਯੋਗਦਾਨ ਪਾਇਆ ਹੈ। ਗ਼ੈਰ ਕਾਨੂੰਨੀ ਕਾਰਵਾਈਆਂ ਕਰਨ ਵਾਲੇ ਮੁੱਠੀ ਭਰ ਪੰਜਾਬੀ ਨਾਮਣਾ ਖੱਟਣ ਵਾਲੇ ਪੰਜਾਬੀਆਂ ਦੀ ਸਫਲਤਾ ’ਤੇ ਸਵਾਲੀਆ ਚਿੰਨ੍ਹ ਲਗਾਉਣ ਦੀ ਕਸਰ ਨਹੀਂ ਛੱਡ ਰਹੇ। ਜੇਕਰ ਪੰਜਾਬੀਆਂ ਨੂੰ ਬਦਨਾਮ ਕਰਨ ਵਾਲੇ ਸ਼ਰਾਰਤੀ ਅਨਸਰ ਆਪਣੀਆਂ ਕਾਰਵਾਈਆਂ ਤੋਂ ਬਾਜ ਨਾ ਆਏ, ਤਾਂ ਹੋ ਸਕਦਾ ਭਵਿੱਖ ਵਿਚ ਪੰਜਾਬੀਆਂ ਨੂੰ ਕੈਨੇਡਾ ਵਿਚ ਸ਼ੱਕ ਦੀ ਨਿਗਾਹ ਨਾਲ ਵੇਖਿਆ ਜਾਣ ਲੱਗ ਪਵੇ। ਪੰਜਾਬ ਦੀ ਨੌਜਵਾਨੀ ਪਿਛਲੇ 20 ਸਾਲਾਂ ਤੋਂ ਆਪਣੇ ਸੁਨਹਿਰੇ ਭਵਿੱਖ ਦੇ ਸਪਨੇ ਸਿਰਜ ਕੇ ਵਹੀਰਾਂ ਘੱਤ ਕੇ ਪਰਵਾਸ ਵਿਚ ਪੜ੍ਹਾਈ ਅਤੇ ਰੋਜ਼ਗਾਰ ਲਈ ਜਾ ਰਹੀ ਹੈ। ਇਕੱਲੇ ਕੈਨੇਡਾ ਵਿਚ ਹਰ ਸਾਲ ਲਗਪਗ ਇਕ ਲੱਖ ਵਿਦਿਆਰਥੀ ਪੜ੍ਹਾਈ ਲਈ ਜਾਂਦੇ ਹਨ। ਪੜ੍ਹਾਈ ਤਾਂ ਉਨ੍ਹਾਂ ਦਾ ਬਹਾਨਾ ਹੁੰਦੀ ਹੈ, ਅਸਲ ਵਿਚ ਉਹ ਕੈਨੇਡਾ ਵਿਚ ਸੈਟਲ ਹੋਣ ਲਈ ਜਾਂਦੇ ਹਨ। ਇਸ ਤੋਂ ਇਲਾਵਾ ਕੈਨੇਡਾ ਸਰਕਾਰ ਵੱਲੋਂ ਵਰਕ ਪਰਮਿਟ ਦੀ ਸਹੂਲਤ ਦੇ ਨਿਯਮਾਂ ਵਿਚ ਢਿਲ ਦੇਣ ਕਰਕੇ ਹੋਰ ਬਹੁਤ ਸਾਰੇ ਪੰਜਾਬੀ ਕੈਨੇਡਾ ਨੂੰ ਜਾ ਰਹੇ ਹਨ। 2021 ਦੀ ਜਨਗਣਨਾ ਅਨੁਸਾਰ ਕੈਨੇਡਾ ਵਿਚ 10 ਲੱਖ ਪੰਜਾਬੀ ਆਪਣੇ ਕਾਰੋਬਾਰ ਕਰ ਰਹੇ ਹਨ। ਜਦੋਂ ਵਿਦਿਆਰਥੀਆਂ ਦੇ ਪੜ੍ਹਾਈ ਲਈ ਵੀਜ਼ੇ ਲੱਗਦੇ ਹਨ, ਤਾਂ ਪਰਿਵਾਰ ਜਸ਼ਨ ਮਨਾਉਂਦੇ ਹਨ। ਪ੍ਰੰਤੂ ਪਿਛਲੇ ਕਈ ਸਾਲਾਂ ਤੋਂ ਕੈਨੇਡਾ ਵਿਚੋਂ ਖ਼ਬਰਾਂ ਆ ਰਹੀਆਂ ਹਨ ਕਿ ਵਿਦਿਆਰਥੀ ਹੁਲੜਬਾਜ਼ੀਆਂ ਕਰਦੇ ਹਨ। ਉਥੋਂ ਦੇ ਕਾਨੂੰਨਾਂ ਦੀਆਂ ਉਲੰਘਣਾਵਾਂ ਕਰਦੇ ਹਨ। ਇਸ ਤੋਂ ਵਧੇਰੇ ਚਿੰਤਾਜਨਕ ਗੱਲ ਹੈ ਕਿ ਟੋਰਾਂਟੋ ਪੁਲਿਸ ਨੇ ਗੱਡੀਆਂ ਦੀਆਂ ਚੋਰੀਆਂ ਦੀ ਪੜਤਾਲ ਕਰਵਾਉਣ ਲਈ ਨਜ਼ਦੀਕ ਦੇ ਸ਼ਹਿਰਾਂ ਨਾਲ ਇਕ ਸਾਂਝੀ ਪੜਤਾਲ ਕਮੇਟੀ ਬਣਾਈ ਗਈ। ਇਸ ਪ੍ਰਾਜੈਕਟ ਦਾ ਨਾਮ ‘ਪ੍ਰੋਜੈਕਟ ਸਟੈਲੀਓਨ’ ਰੱਖਿਆ ਗਿਆ। ਇਹ ਪੜਤਾਲ ਨਵੰਬਰ 2022 ਵਿਚ ਸ਼ੁਰੂ ਕੀਤੀ ਗਈ ਸੀ। ਜਦੋਂ ਪੁਲਿਸ ਕੋਲ ਸਾਰੇ ਸਬੂਤ ਆ ਗਏ, ਤਾਂ ਪੜਤਾਲ ਮੁਕੰਮਲ ਕਰਨ ਤੋਂ ਬਾਅਦ ਟੋਰਾਂਟੋ ਪੁਲਿਸ ਨੇ ਦੱਸਿਆ ਹੈ ਕਿ ਉਨ੍ਹਾਂ ਗੱਡੀਆਂ ਦੇ 119 ਚੋਰ ਗ੍ਰਿਫ਼ਤਾਰ ਕੀਤੇ ਹਨ, ਜਿਨ੍ਹਾਂ ਕੋਲੋਂ 27 ਮਿਲੀਅਨ ਡਾਲਰ ਦੀ ਕੀਮਤ ਦੀਆਂ 556 ਚੋਰੀ ਦੀਆਂ ਗੱਡੀਆਂ ਬਰਾਮਦ ਕੀਤੀਆਂ ਹਨ। ਇਨ੍ਹਾਂ 119 ਵਿਅਕਤੀਆਂ ਨੂੰ 314 ਚਾਰਜ ਕੀਤਾ ਗਿਆ ਹੈ। ਪੰਜਾਬੀਆਂ ਲਈ ਸ਼ਰਮ ਦੀ ਗੱਲ ਹੈ ਕਿ ਇਨ੍ਹਾਂ ਗ੍ਰਿਫ਼ਤਾਰ ਕੀਤੇ ਗਏ 119 ਵਿਅਕਤੀਆਂ ਵਿਚ 60-70 ਪੰਜਾਬੀ ਸ਼ਾਮਲ ਹਨ। ਇਹ ਵਿਅਕਤੀ ਪੜ੍ਹੇ-ਲਿਖੇ ਤਕਨੀਕੀ ਮਾਹਿਰ ਹਨ, ਜਿਹੜੇ ਗੱਡੀਆਂ ਚੋਰੀ ਕਰਨ ਲਈ ਬਹੁਤ ਹੀ ਆਧੁਨਿਕ ਢੰਗ ਦੀ ਤਕਨੀਕ ਵਰਤਦੇ ਸਨ। ਇਨ੍ਹਾਂ ਬਰਾਮਦ ਕੀਤੀਆਂ ਗੱਡੀਆਂ ਵਿਚ ਹਾਂਡਾ ਸੀ.ਆਰ.-ਵੀ.ਐੱਸ. ਅਤੇ ਫੋਰਡ ਐੱਫ਼-150 ਟਰੱਕ ਵੀ ਸ਼ਾਮਲ ਹਨ। ਉਹ ਇਨ੍ਹਾਂ ਗੱਡੀਆਂ ਨੂੰ ਚੋਰੀ ਕਰਕੇ ਸਮੁੰਦਰੀ ਰਸਤੇ ਵਿਦੇਸ਼ਾਂ ਵਿਚ ਭੇਜ ਕੇ ਲਗਪਗ ਦੁੱਗਣੀ ਕੀਮਤ ’ਤੇ ਵੇਚਦੇ ਸਨ। 100 ਤੋਂ ਵੱਧ ਗੱਡੀਆਂ ਉਹ ਵੀ ਪਕੜੀਆਂ ਗਈਆਂ ਹਨ, ਜਿਹੜੀਆਂ ਬਾਹਰ ਭੇਜਣ ਦੀ ਤਿਆਰੀ ਵਿਚ ਸਨ। ਸਮੁੱਚੇ ਕੈਨੇਡਾ ਵਿਚ ਵਹੀਕਲ ਚੋਰੀਆਂ ਦੇ ਕੇਸ ਬਹੁਤ ਜ਼ਿਆਦਾ ਗਿਣਤੀ ਵਿਚ ਵਧ ਰਹੇ ਹਨ। ਇਕੱਲੇ ਮੌਂਟਰੀਅਲ ਵਿਚ 2022 ਵਿਚ 9591 ਵਹੀਕਲ ਚੋਰੀ ਹੋਈਆਂ ਸਨ। ‘ਇੰਸ਼ੋਰੈਂਸ ਬੋਰਡ ਆਫ਼ ਕੈਨੇਡਾ’ ਅਨੁਸਾਰ 2018 ਵਿਚ ਚੋਰੀ ਹੋਈਆਂ ਗੱਡੀਆਂ ਦੇ ਮਾਲਕਾਂ ਨੂੰ 111 ਮਿਲੀਅਨ ਡਾਲਰ ਮੁਆਵਜ਼ਾ ਦਿੱਤਾ ਗਿਆ ਸੀ, ਜਦੋਂਕਿ 2022 ਦੇ ਪਹਿਲੇ 9 ਮਹੀਨਿਆਂ ਵਿਚ 269 ਮਿਲੀਅਨ ਡਾਲਰ ਮੁਆਵਜ਼ਾ ਦਿੱਤਾ ਜਾ ਚੁੱਕਾ ਹੈ। ਕਰੋਨਾ ਦੌਰਾਨ ਕਾਰੋਬਾਰਾਂ ਦੇ ਠੱਪ ਹੋਣ ਕਰਕੇ ਚੋਰੀ ਦੀਆਂ ਵਾਰਦਾਤਾਂ ਵਿਚ ਵਾਧਾ ਹੋਇਆ ਹੈ। ਚੋਰੀ ਦੀਆਂ ਗੱਡੀਆਂ ਸਮੁੰਦਰੀ ਰਸਤੇ ਮਿਡਲ ਈਸਟ ਨੂੰ ਭੇਜੀਆਂ ਜਾਂਦੀਆਂ ਹਨ। ਕੈਨੇਡਾ ਬਾਰਡਰ ਸਰਵਿਸਜ਼ ਏਜੰਸੀ ਸਮੁੰਦਰੀ ਪੋਰਟਾਂ ਰਾਹੀਂ ਭੇਜੀਆਂ ਜਾਣ ਵਾਲੀਆਂ ਸਾਰੀਆਂ ਗ਼ੈਰ ਕਾਨੂੰਨੀ ਕਾਰਵਾਈਆਂ ਦੀ ਨਿਗਰਾਨੀ ਕਰਦੀ ਹੈ। ਕੈਨੇਡਾ ਦੇ ਕਾਨੂੰਨ ਬੜੇ ਭੋਲੇ-ਭਾਲੇ ਲੋਕਾਂ ਵਰਗੇ ਹਨ। ਜਦੋਂ ਕੋਈ ਚੋਰੀ ਕੀਤੀ ਵਸਤੂ ਜਾਂ ਗੱਡੀ ਕਨਟੇਨਰ ਵਿਚ ਪਹੁੰਚ ਜਾਂਦੀ ਹੈ, ਤਾਂ ਪੁਲਿਸ ਉਸ ’ਤੇ ਕੋਈ ਕਾਰਵਾਈ ਨਹੀਂ ਕਰ ਸਕਦੀ। ਕੈਨੇਡਾ ਵਿਚ ਸਭ ਤੋਂ ਵੱਧ ਚੋਰੀਆਂ ਟੋਰਾਂਟੋ ਅਤੇ ਉਸ ਦੇ ਆਲੇ-ਦੁਆਲੇ ਅਤੇ ਸਮੁੰਦਰੀ ਪੋਰਟਾਂ ਦੇ ਨਜ਼ਦੀਕ ਦੇ ਇਲਾਕਿਆਂ ਵਿਚੋਂ ਕਰਦੇ ਹਨ। ਕਿਉਂਕਿ ਤੁਰੰਤ ਚੋਰ ਇਨ੍ਹਾਂ ਗੱਡੀਆਂ ਨੂੰ ਕਨਟੇਨਰਾਂ ਵਿਚ ਵਾੜ ਦਿੰਦੇ ਹਨ। ਇਕੱਲੇ ਮੌਂਟਰੀਅਲ ਦੀ ਪੋਰਟ 30 ਕਿਲੋਮੀਟਰ ਦੇ ਇਲਾਕੇ ਵਿਚ ਹੈ, ਜਿਥੋਂ ਹਰ ਸਾਲ 1.5 ਮਿਲੀਅਨ ਕਨਟੇਨਰ ਜਾਂਦੇ ਹਨ। ਹੈਰਾਨੀ ਦੀ ਗੱਲ ਹੈ ਕਿ ਇਹ ਕਨਟੇਨਰ ਚੋਰੀ ਦੀਆਂ ਗੱਡੀਆਂ ਮਿਡਲ ਈਸਟ, ਪਾਕਿਸਤਾਨ, ਘਾਨਾ, ਇਟਲੀ ਅਤੇ ਨਾਈਜੇਰੀਆ ਆਦਿ ਦੇਸ਼ਾਂ ਵਿਚ ਲਿਜਾਕੇ ਅਖ਼ਬਾਰਾਂ ਵਿਚ ਇਸ਼ਤਿਹਾਰ ਦੇ ਕੇ ਇਹ ਗੱਡੀਆਂ ਵੇਚਦੇ ਹਨ। ਕਿਸੇ ਸਮੇਂ ਪੰਜਾਬੀਆਂ ਨੇ ਕੈਨੇਡਾ ਵਿਚ ਜਾ ਕੇ ਉਥੇ ਲੱਕੜ ਦੇ ਆਰਿਆਂ ਵਿਚ ਕੰਮ ਕਰਕੇ ਕੈਨੇਡਾ ਦੀ ਆਰਥਿਕਤਾ ਨੂੰ ਹੁਲਾਰਾ ਦਿੱਤਾ ਸੀ ਅਤੇ ਆਪਣੇ ਪਰਿਵਾਰ ਪਾਲੇ ਸਨ। ਉਨ੍ਹਾਂ ਵਿਚੋਂ ਬਹੁਤ ਸਾਰੇ ਪੰਜਾਬੀਆਂ ਨੇ ਆਪਣੇ ਕਾਰੋਬਾਰ ਸ਼ੁਰੂ ਕਰਕੇ ਨਾਮਣਾ ਖੱਟਿਆ ਸੀ। ਪ੍ਰੰਤੂ ਦੁੱਖ ਦੀ ਗੱਲ ਹੈ ਕਿ ਅੱਜ ਕੁਝ ਕੁ ਕਾਲੀਆਂ ਭੇਡਾਂ ਸਮੁੱਚੇ ਪੰਜਾਬੀਆਂ ਦਾ ਕੈਨੇਡਾ ਵਿਚ ਨਾਮ ਬਦਨਾਮ ਕਰ ਰਹੀਆਂ ਹਨ। ਪਿਛਲੇ ਕਈ ਸਾਲਾਂ ਤੋਂ ਪੰਜਾਬੀ ਨੌਜਵਾਨੀ ਨਸ਼ਿਆਂ ਦੀ ਦਲਦਲ ਵਿਚ ਫਸ ਚੁੱਕੀ ਹੈ। ਇਸ ਹਾਲਤ ਵਿਚੋਂ ਨਿਕਲਣ ਦੀ ਕੋਈ ਆਸ ਵੀ ਬੱਝ ਨਹੀਂ ਰਹੀ। ਇਸ ਲਈ ਮਾਪਿਆਂ ਨੇ ਆਪਣੇ ਜਿਗਰ ਦੇ ਟੁਕੜੇ ਬੱਚਿਆਂ ਦੇ ਭਵਿੱਖ ਨੂੰ ਬਚਾਉਣ ਲਈ ਉਨ੍ਹਾਂ ਨੂੰ ਪਰਵਾਸ ਵਿਚ ਪੜ੍ਹਾਈ ਦੇ ਬਹਾਨੇ ਕੈਨੇਡਾ, ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ ਆਦਿ ਦੇਸ਼ਾਂ ਵਿਚ ਭੇਜਣਾ ਸ਼ੁਰੂ ਕਰ ਦਿੱਤਾ ਸੀ। ਇਥੋਂ ਤੱਕ ਕਿ ਖਾਂਦੇ-ਪੀਂਦੇ ਸਮਰੱਥ ਪਰਿਵਾਰ ਵੀ ਆਪਣੇ ਬੱਚਿਆਂ ਨੂੰ ਬਾਹਰ ਭੇਜਣ ਲੱਗ ਪਏ ਹਨ। ਪ੍ਰੰਤੂ ਪਰਨਾਲਾ ਉਥੇ ਦਾ ਉਥੇ ਵੀ ਉਹੋ ਹੈ। ਜਿਹੜਾ ‘ਲਾਹੌਰ ਬੁੱਧੂ ਉਹ ਪਿਸ਼ੌਰ ਬੁੱਧੂ’ ਦੀ ਕਹਾਵਤ ਅਨੁਸਾਰ ਚਲਦੇ ਹਨ। ਪਿਆਰੇ ਨੌਜਵਾਨੋ/ ਵਿਦਿਆਰਥੀਓ/ ਪੰਜਾਬੀਓ ਪੰਜਾਬ ਦੀ ਮਿੱਟੀ ਦੀ ਮਹਿਕ ਨੂੰ ਦਾਗ਼ ਨਾ ਲਗਾਓ। ਗੁਰੂਆਂ ਪੀਰਾਂ ਦੀ ਪਵਿਤਰ ਧਰਤੀ ਦੇ ਜਾਇਓ ਪਰਵਾਸ ਵਿਚ ਜਾ ਕੇ ਪੰਜਾਬੀਅਤ ਦਾ ਝੰਡਾ ਬਰਦਾਰ ਬਣਨ ਦੀ ਥਾਂ ਉਨ੍ਹਾਂ ਦੇ ਅਕਸ ਦਾਗ਼ਦਾਰ ਨਾ ਕਰੋ। ਕੁਝ ਸਾਲ ਪਹਿਲਾਂ ਕੈਨੇਡਾ ਵਿਚ ਪੰਜਾਬੀਆਂ ਦੀਆਂ ਨਸ਼ਿਆਂ ਦੇ ਵਿਓਪਾਰ ਨਾਲ ਸੰਬਧਤ ਖ਼ਬਰਾਂ ਨੇ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਸੀ। ਜਿਹੜੇ ਪੰਜਾਬੀ ਪਿਛਲੇ ਲੰਬੇ ਸਮੇਂ ਤੋਂ ਕੈਨੇਡਾ ਵਿਚ ਰਹਿ ਰਹੇ ਹਨ, ਉਨ੍ਹਾਂ ਨੂੰ ਸ਼ਰਮਿੰਦਗੀ ਮਹਿਸੂਸ ਹੋ ਰਹੀ ਹੈ।

ਸੰਸਾਰ ਦੇ ਸਾਰੇ ਦੇਸ਼ਾਂ ਨਾਲੋਂ ਕੈਨੇਡਾ ਵਿਚ ਪੰਜਾਬੀ ਜ਼ਿਆਦਾ ਹਨ, ਕਿਉਂਕਿ ਕੈਨੇਡਾ ਦੀਆਂ ਸਰਕਾਰਾਂ ਦੀਆਂ ਨੀਤੀਆਂ ਪੰਜਾਬੀ ਨੂੰ ਉਥੇ ਵਸਣ ਵਿਚ ਸਹਾਈ ਹੋ ਰਹੀਆਂ ਹਨ। ਪ੍ਰੰਤੂ ਦੁੱਖ ਦੀ ਗੱਲ ਹੈ ਕਿ ਜਿਹੜੇ ਕੁਝ ਪੰਜਾਬੀਆਂ ਦੇ ਮਾਪੇ ਪੰਜਾਬ ਵਿਚ ਆਪ ਬੱਚਿਆਂ ਨੂੰ ਸੰਭਾਲ ਨਹੀਂ ਸਕੇ, ਉਹ ਉਨ੍ਹਾਂ ਨੂੰ ਪਰਵਾਸ ਵਿਚ ਭੇਜ ਕੇ ਸੁਧਰ ਜਾਣ ਦੇ ਸੁਪਨੇ ਸਿਰਜ ਰਹੇ ਹਨ। ਪ੍ਰੰਤੂ ਇਹ ਵਿਗੜੇ ਬੱਚੇ ਸਮੁੱਚੇ ਪੰਜਾਬੀਆਂ ਦੇ ਵਿਵਹਾਰ ’ਤੇ ਸਵਾਲੀਆ ਚਿੰਨ੍ਹ ਲਗਾ ਰਹੇ ਹਨ। ਅਜਿਹੇ ਪਰਿਵਾਰਾਂ ਦੇ ਬੱਚੇ ਬਾਹਰ ਜਾ ਕੇ ਵੀ ਮਿਹਨਤ ਨਹੀਂ ਕਰਨਾ ਚਾਹੁੰਦੇ ਕਿਉਂਕਿ ਉਨ੍ਹਾਂ ਪੰਜਾਬ ਵਿਚ ਆਪਣੇ ਮਾਪਿਆਂ ਦੇ ਸਿਰ ’ਤੇ ਮੌਜਾਂ ਮਾਣਦਿਆਂ ਗ਼ੈਰ ਸਮਾਜਿਕ ਗਤੀਵਿਧੀਆਂ ਕੀਤੀਆਂ ਹਨ। ਗੱਡੀਆਂ ਦੀਆਂ ਚੋਰੀਆਂ ਕਰਨ ਲਈ ਪਕੜੇ ਗਏ ਪੰਜਾਬੀਆਂ ਵਿਚ ਬਹੁਤੇ ਵਿਦਿਆਰਥੀ ਹਨ, ਜਿਹੜੇ ਪ੍ਰੋਫੈਸ਼ਨਲ ਚੋਰਾਂ ਦੇ ਝਾਂਸੇ ਵਿਚ ਆ ਕੇ ਜ਼ਿੰਦਗੀ ਵਿਚ ਸਫਲ ਹੋਣ ਲਈ ਸ਼ਾਰਟਕੱਟ ਮਾਰਕੇ ਸਫਲਤਾ ਪ੍ਰਾਪਤ ਕਰਨੀ ਚਾਹੁੰਦੇ ਹਨ। ਇਨ੍ਹਾਂ ਵਿਦਿਆਰਥੀਆਂ ਵਿਚੋਂ ਕੁਝ ਨੇ ਗੱਡੀਆਂ ਚੋਰੀ ਕਰਨ ਦੀ ਥਾਂ ਗੱਡੀਆਂ ਵਿਚੋਂ ਸੌਖੇ ਤਰੀਕੇ ਨਾਲ ਉਨ੍ਹਾਂ ਦੇ ਮਹਿੰਗੇ ਹਿੱਸੇ ਪੁਰਜੇ ਖਾਸ ਤੌਰ ’ਤੇ ਕੈਟਾਲੀਟਿਕ ਕਨਵਰਟਰ ਚੋਰੀ ਕਰਨੇ ਸ਼ੁਰੂ ਕਰ ਦਿੱਤੇ ਹਨ। ਪੁਲਿਸ ਨੇ ਚੋਰਾਂ ਕੋਲੋਂ ਅਜਿਹੇ 300 ਪੁਰਜੇ ਬਰਾਮਦ ਕੀਤੇ ਹਨ। ਜੇਕਰ ਪੰਜਾਬੀਆਂ ਨੇ ਕੈਨੇਡਾ ਦੇ ਕਾਨੂੰਨਾ ਦੀ ਪਾਲਣਾ ਨਹੀਂ ਕਰਨੀ, ਤਾਂ ਉਨ੍ਹਾਂ ਨੂੰ ਉਥੇ ਜਾਣਾ ਹੀ ਨਹੀਂ ਚਾਹੀਦਾ। ਜੇ ਉਥੇ ਜਾਣਾ ਹੈ, ਤਾਂ ਉਸ ਦੇਸ਼ ਦੇ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ। ਉਨ੍ਹਾਂ ਨੂੰ ਕਿਹੜਾ ਕੈਨੇਡਾ ਸਰਕਾਰ ਆਪ ਸੱਦਾ ਦਿੰਦੀ ਹੈ। ਉਹ ਤਾਂ ਖ਼ੁਦ ਆਪਣੇ ਸੁਨਹਿਰੇ ਭਵਿੱਖ ਲਈ ਪਰਵਾਸ ਵਿਚ ਜਾਂਦੇ ਹਨ ਪ੍ਰੰਤੂ ਜਲਦੀ ਅਮੀਰ ਬਣਨ ਲਈ ਗ਼ੈਰ ਕਾਨੂੰਨੀ ਸਾਧਨਾਂ ਦੀ ਵਰਤੋਂ ਕਰਕੇ, ਉਹ ਆਪਣਾ ਭਵਿੱਖ ਖ਼ੁਦ ਗੰਧਲਾ ਕਰ ਲੈਂਦੇ ਹਨ। ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਕੈਨੇਡਾ ਦੀ ਪੁਲਿਸ ਐਵੇਂ ਨਹੀਂ ਕਿਸੇ ਦੋਸ਼ੀ ਨੂੰ ਪਕੜਦੀ, ਸੂਚਨਾ ਮਿਲਣ ਤੋਂ ਬਾਅਦ ਪੂਰੀ ਨਿਗਾਹ ਰੱਖਦੀ ਹੈ, ਜਦੋਂ ਉਨ੍ਹਾਂ ਕੋਲ ਪੂਰੇ ਸਬੂਤ ਹੁੰਦੇ ਹਨ ਫਿਰ ਉਨ੍ਹਾਂ ਨੂੰ ਪਕੜਦੀ ਹੈ। ਇਨ੍ਹਾਂ ਸਾਰਿਆਂ ਨੂੰ ਪੁਲਿਸ ਨੇ ਚਾਰਜ ਵੀ ਕਰ ਦਿੱਤਾ ਹੈ। ਪੁਲਿਸ ਕੋਲ ਭਾਵੇਂ ਸਬੂਤ ਹੁੰਦੇ ਹਨ ਪ੍ਰੰਤੂ ਜਿਤਨੀ ਦੇਰ ਸਜ਼ਾ ਨਹੀਂ ਹੋ ਜਾਂਦੀ, ਉਨ੍ਹਾਂ ਨੂੰ ਸ਼ੱਕੀ ਹੀ ਕਿਹਾ ਜਾਂਦਾ ਹੈ। ਇਹ ਲੋਕ ਆਪਣਾ ਨੁਕਸਾਨ ਤਾਂ ਕਰਨਗੇ ਹੀ ਪ੍ਰੰਤੂ ਜਿਹੜੇ ਪੰਜਾਬੀ ਕੈਨੇਡਾ ਜਾਣਾ ਚਾਹੁੰਦੇ ਹਨ, ਉਨ੍ਹਾਂ ਨੂੰ ਵੀ ਸ਼ੱਕੀ ਨਿਗਾਹ ਨਾਲ ਵੇਖਿਆ ਜਾਵੇਗਾ। ਹੋ ਸਕਦਾ ਕੈਨੇਡਾ ਸਰਕਾਰ ਪਰਵਾਸ ਵਿਚ ਸੈਟਲ ਹੋਣ ਲਈ ਕਾਨੂੰਨ ਹੋਰ ਸਖ਼ਤ ਕਰ ਦੇਵੇ।




ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV ’ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port ’ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ ’ਚ ਵੇਖੋ ਅਤੇ ਰੇਡੀਓ ’ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV ’ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਹਿੰਦੂ ਦੇਵੀ ਦੇਵਤਿਆਂ ਦੀਆਂ ਤਸਵੀਰਾਂ ਦਲਿਤਾਂ ਦੇ ਵਿਹੜੇ ਪਹੁੰਚਾਉਣ ਵਾਲਾ ਰਾਜਾ ਰਵੀ ਵਰਮਾ



ਬਲਰਾਜ ਸਿੰਘ ਸਿੱਧੂ ਕਮਾਂਡੈਂਟ.
ਪੰਡੋਰੀ ਸਿੱਧਵਾਂ 95011-00062
(Punjab Mail USA)


ਰਾਜਾ ਰਵੀ ਵਰਮਾ ਉਹ ਮਹਾਨਤਮ ਭਾਰਤੀ ਚਿੱਤਰਕਾਰ ਹੈ, ਜਿਸ ਨੂੰ ਦੇਵੀ ਦੇਵਤਿਆਂ ਦੀਆਂ ਤਸਵੀਰਾਂ ਸਮਾਜ ਦੇ ਦੱਬੇ-ਕੁਚਲੇ ਵਰਗ, ਜਿਸ ਨੂੰ ਅਛੂਤ ਸਮਝਿਆ ਜਾਂਦਾ ਸੀ, ਦੇ ਘਰਾਂ ਤੱਕ ਪਹੁੰਚਾਉਣ ਦਾ ਮਾਣ ਹਾਸਲ ਹੈ। ਹੁਣ ਵੀ ਭਾਰਤ ਦੇ ਕਿਸੇ ਨਾ ਕਿਸੇ ਹਿੱਸੇ ਵਿਚੋਂ ਕਿਸੇ ਕਥਿਤ ਨੀਵੀਂ ਜਾਤੀ ਦੇ ਵਿਅਕਤੀ ਜਾਂ ਔਰਤ ਨੂੰ ਮੰਦਰ ਵਿਚ ਜਾਣ ਕਾਰਨ ਕੁੱਟਮਾਰ ਹੋਣ ਦੀ ਖਬਰ ਮਿਲ ਜਾਂਦੀ ਹੈ। 19ਵੀਂ ਸਦੀ ਵਿਚ ਉਨ੍ਹਾਂ ਦੀ ਸਮਾਜਿਕ ਹਾਲਤ ਕਿਸ ਤਰ੍ਹਾਂ ਦੀ ਹੁੰਦੀ ਹੋਵੇਗੀ, ਇਸ ਦਾ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ। ਅਜਿਹੇ ਕ੍ਰਾਂਤੀਕਾਰੀ ਕਲਾਕਾਰ ਦਾ ਜਨਮ 28 ਅਪ੍ਰੈਲ, 1848 ਈਸਵੀ ਨੂੰ ਟਰਾਵਨਕੋਰ ਰਿਆਸਤ ਦੇ ਕਿਲੀਮਾਨੂਰ ਸ਼ਹਿਰ (ਮੌਜੂਦਾ ਤਿਰਵੇਂਦਰਮ, ਕੇਰਲਾ) ਵਿਖੇ ਇੱਕ ਵਿਦਵਾਨ ਪਰਿਵਾਰ ਵਿਚ ਹੋਇਆ ਸੀ। ਉਸ ਦੇ ਪਿਤਾ ਦਾ ਨਾਮ ਏਜ਼ੂਮਾਵਿਲ ਨੀਲਕੰਠਨ ਭੱਟਾਤਰੀਪਾਦ ਅਤੇ ਮਾਤਾ ਦਾ ਨਾਮ ਉਮਾ ਅੰਬਾਬਾਈ ਥੰਮਾਪੁਰਾਤੀ ਸੀ। ਏਜ਼ੂਮਾਵਿਲ ਨੀਲਕੰਠਨ ਟਰਾਵਨਕੋਰ ਰਿਆਸਤ ਦੇ ਸ਼ਾਹੀ ਪਰਿਵਾਰ ਨਾਲ ਸਬੰਧ ਰੱਖਦਾ ਸੀ ਤੇ ਸੰਸਕ੍ਰਿਤ ਅਤੇ ਆਯੁਰਵੇਦ ਦਾ ਮਹਾਨ ਵਿਦਵਾਨ ਸੀ। ਅੰਬਾਬਾਈ ਥੰਮਾਪੁਰਾਤੀ ਵੀ ਪ੍ਰਸਿੱਧ ਕਵਿੱਤਰੀ ਸੀ।


ਰਵੀ ਵਰਮਾ ਨੇ ਤਿਰੂਵੰਤਾਪੁਰਮ ਯੂਨੀਵਰਸਿਟੀ ਕਾਲਜ ਤੋਂ ਨਾਨ ਮੈਡੀਕਲ ਵਿਚ ਡਿਗਰੀ ਹਾਸਲ ਕੀਤੀ ਪਰ ਉਸ ਦਾ ਰੁਝਾਨ ਬਚਪਨ ਤੋਂ ਹੀ ਚਿੱਤਰਕਾਰੀ ਵੱਲ ਸੀ। ਉਸ ਦੀ ਕਲਾ ਦੀ ਗਹਿਰਾਈ ਵੇਖ ਕੇ ਟਰਾਵਨਕੋਰ ਦੇ ਮਹਾਰਾਜਾ ਆਈਲੀਅਮ ਤਿਰੂਮਲ ਨੇ ਉਸ ਨੂੰ ਆਪਣਾ ਦਰਬਾਰੀ ਚਿੱਤਰਕਾਰ ਥਾਪ ਦਿੱਤਾ ਤੇ ਉਹ ਪੂਰੀ ਤਰ੍ਹਾਂ ਨਾਲ ਇਸ ਕਲਾ ਨੂੰ ਪ੍ਰਣਾਇਆ ਗਿਆ। ਉਸ ਨੇ ਚਿੱਤਰਕਾਰੀ ਦੀ ਮੁੱਢਲੀ ਸਿੱਖਿਆ ਮਦੁਰਾਈ ਤੋਂ ਹਾਸਲ ਕੀਤੀ ਤੇ ਵਾਟਰ ਪੇਂਟਿੰਗ ਦਾ ਗੂੜ ਗਿਆਨ ਉਸ ਵੇਲੇ ਦੇ ਪ੍ਰਸਿੱਧ ਚਿੱਤਰਕਾਰ ਰਾਮਾ ਸਵਾਮੀ ਨਾਇਡੂ ਅਤੇ ਆਇਲ ਪੇਂਟਿੰਗ ਦਾ ਗਿਆਨ ਹਾਲੈਂਡ ਦੇ ਚਿੱਤਰਕਾਰ ਥਿਓਡੋਰ ਜੈਨਸਨ ਤੋਂ ਹਾਸਲ ਕੀਤਾ। ਟਰਾਵਨਕੋਰ ਰਿਆਸਤ ਦਾ ਬ੍ਰਿਟਿਸ਼ ਰੈਜੀਡੈਂਟ ਐਡਗਰ ਥਰਸਟਨ ਚਿੱਤਰਕਲਾ ਦਾ ਬਹੁਤ ਵੱਡਾ ਕਦਰਦਾਨ ਤੇ ਪਾਰਖੂ ਸੀ। ਉਸ ਦੀ ਤਿੱਖੀ ਨਜ਼ਰ ਨੇ ਰਵੀ ਵਰਮਾ ਦੀ ਕਲਾ ਨੂੰ ਪਹਿਚਾਣ ਲਿਆ ਤੇ ਉਸ ਨੂੰ ਵਿਸ਼ਵ ਪੱਧਰ ’ਤੇ ਪਹੁੰਚਾਉਣ ਵਿਚ ਬਹੁਤ ਵੱਡਾ ਯੋਗਦਾਨ ਪਾਇਆ। 1873 ਈਸਵੀ ਉਸ ਨੇ ਰਵੀ ਵਰਮਾ ਦੇ ਚਿੱਤਰਾਂ ਨੂੰ ਵਿਆਨਾ ਦੀ ਪ੍ਰਦਰਸ਼ਨੀ ਵਿਚ ਭੇਜਿਆ, ਜਿੱਥੇ ਉਸ ਦੇ ਇੱਕ ਚਿੱਤਰ ਨੇ ਪਹਿਲਾ ਸਥਾਨ ਹਾਸਲ ਕੀਤਾ। ਦੋ ਸਾਲ ਬਾਅਦ ਉਸ ਦੇ ਚਿੱਤਰਾਂ ਨੇ ਵਰਲਡ ਕੋਲੰਬੀਅਨ ਚਿੱਤਰਕਲਾ ਪ੍ਰਦਰਸ਼ਨੀ ਸ਼ਿਕਾਗੋ ਵਿਖੇ ਤਿੰਨ ਗੋਲਡ ਮੈਡਲ ਹਾਸਲ ਕੀਤੇ। ਇਸ ਤੋਂ ਬਾਅਦ ਉਸ ਨੇ ਪਿੱਛੇ ਮੁੜ ਕੇ ਨਾ ਵੇਖਿਆ ਅਤੇ ਕੁਝ ਹੀ ਸਾਲਾਂ ਵਿਚ ਭਾਰਤ ਦਾ ਸਭ ਤੋਂ ਪ੍ਰਸਿੱਧ ਚਿੱਤਰਕਾਰ ਬਣ ਗਿਆ। ਉਸ ਦੇ ਜ਼ਿਆਦਾਤਰ ਚਿੱਤਰ ਭਾਰਤੀ ਦੇਵੀ ਦੇਵਤਿਆਂ ਅਤੇ ਰਮਾਇਣ, ਮਹਾਭਾਰਤ ਤੇ ਨਲ ਦਮਿਅੰਤੀ ਵਰਗੇ ਮਹਾਨ ਸ਼ਾਹਕਾਰਾਂ ’ਤੇ ਆਧਾਰਿਤ ਸਨ। ਪੋਰਟਰੇਟ ਬਣਾਉਣ ਵਿਚ ਉਹ ਅਤਿਅੰਤ ਮਾਹਰ ਸੀ।

ਪਰ ਉਸ ਦੀ ਭਾਰਤੀ ਸਮਾਜ ਨੂੰ ਸਭ ਤੋਂ ਵੱਡੀ ਦੇਣ ਹਿੰਦੂ ਦੇਵੀ ਦੇਵਤਿਆਂ ਦੀ ਤਸਵੀਰਾਂ ਕਥਿਤ ਕੁਲੀਨਾਂ ਵੱਲੋਂ ਦੁਰਕਾਰੇ ਹੋਏ ਦੱਬੇ-ਕੁਚਲੇ ਗਰੀਬਾਂ ਦੇ ਘਰਾਂ ਤੱਕ ਪਹੁੰਚਾਉਣ ਦੀ ਸੀ। ਉਸ ਦੇ ਸਮੇਂ ਭਾਰਤੀ ਸਮਾਜ ਜਾਤ-ਪਾਤ ਅਤੇ ਊਚ-ਨੀਚ ਦੀਆਂ ਜੰਜੀਰਾਂ ਵਿਚ ਬੁਰੀ ਤਰ੍ਹਾਂ ਨਾਲ ਜਕੜਿਆ ਹੋਇਆ ਸੀ। ਕਥਿਤ ਨੀਵੀਂ ਜਾਤ ਦੇ ਲੋਕਾਂ ਵਾਸਤੇ ਮੰਦਰਾਂ ਵਿਚ ਜਾਣ ਦੀ ਮਨਾਹੀ ਸੀ। ਪੱਥਰ ਦੀਆਂ ਮੂਰਤੀਆਂ ਇੱਕ ਤਾਂ ਬਹੁਤ ਮਹਿੰਗੀਆਂ ਹੋਣ ਕਾਰਨ ਗਰੀਬਾਂ ਦੀ ਪਹੁੰਚ ਤੋਂ ਬਾਹਰ ਸਨ, ਦੂਸਰਾ ਉਹ ਖਰੀਦਦਾਰ ਦੀ ਜਾਤ ਪਰਖ ਕੇ ਵੇਚੀਆਂ ਜਾਂਦੀਆਂ ਸਨ। ਇਸ ਅਣਮਨੁੱਖੀ ਵਰਤਾਰੇ ਤੋਂ ਜਾਤ-ਪਾਤ ਦੇ ਘੋਰ ਵਿਰੋਧੀ ਰਵੀ ਵਰਮਾ ਦਾ ਕੋਮਲ ਮਨ ਬਹੁਤ ਦੁਖੀ ਹੁੰਦਾ ਸੀ। ਇਸ ਦਾ ਹੱਲ ਕੱਢਣ ਲਈ ਉਸ ਨੇ ਟਰਾਵਨਕੋਰ ਦੇ ਤਤਕਾਲੀ ਪ੍ਰਧਾਨ ਮੰਤਰੀ ਮਾਧਵ ਰਾਉ ਦੀ ਸਲਾਹ ਨਾਲ ਮੁੰਬਈ ਵਿਖੇ ਇੱਕ ਪ੍ਰਿੰਟਿੰਗ ਪ੍ਰੈੱਸ ਸਥਾਪਿਤ ਕਰ ਲਈ। ਇਸ ਪ੍ਰੈੱਸ ਵਿਚ ਉਸ ਨੇ ਲੱਖਾਂ ਦੀ ਗਿਣਤੀ ਵਿਚ ਦੇਵੀ ਦੇਵਤਿਆਂ ਦੀਆਂ ਤਸਵੀਰਾਂ ਪ੍ਰਿੰਟ ਕਰਨੀਆਂ ਸ਼ੁਰੂ ਕਰ ਦਿੱਤੀਆਂ। ਇਨ੍ਹਾਂ ਦੀ ਕੀਮਤ ਕੁਝ ਪੈਸੇ ਰੱਖੀ ਗਈ, ਜੋ ਹਰ ਕਿਸੇ ਦੀ ਪਹੁੰਚ ਵਿਚ ਸੀ। ਇਸ ਕਾਰਨ ਇਹ ਤਸਵੀਰਾਂ ਘਰ-ਘਰ ਵਿਚ ਪਹੁੰਚ ਗਈਆਂ ਤੇ ਹਰ ਵਰਗ ਦੇ ਲੋਕਾਂ ਨੂੰ ਆਪਣੇ ਇਸ਼ਟ ਦੇਵੀ ਦੇਵਤਿਆਂ ਦੀ ਪੂਜਾ ਕਰਨ ਦਾ ਮੌਕਾ ਮਿਲਣ ਲੱਗ ਗਿਆ।

ਉਸ ਸਮੇਂ ਰਵੀ ਵਰਮਾ ਦੀ ਪ੍ਰੈੱਸ ਭਾਰਤ ਵਿਚ ਸਭ ਤੋਂ ਆਧੁਨਿਕ ਅਤੇ ਵੱਡੀ ਸੀ। ਉਸ ਦੀ ਵੇਖਾ-ਵੇਖੀ ਹੋਰ ਲੋਕਾਂ ਨੇ ਭਾਰਤ ਭਰ ਵਿਚ ਪ੍ਰਿੰਟਿੰਗ ਪ੍ਰੈੱਸਾਂ ਲਗਾ ਲਈਆਂ ਤੇ ਦੇਵੀ ਦੇਵਤਿਆਂ ਦੀ ਤਸਵੀਰਾਂ ਕੈਲੰਡਰਾਂ ਦੇ ਰੂਪ ਵਿਚ ਧੜਾਧੜ ਵਿਕਣ ਲੱਗ ਪਈਆਂ। 1901 ਵਿਚ ਉਸ ਨੇ ਆਪਣੀ ਪ੍ਰੈੱਸ ਜਰਮਨੀ ਦੇ ਵਸਨੀਕ ਫਰਿਟਜ਼ ਸ਼ਾਲਿਡਰ ਨੂੰ ਵੇਚ ਦਿੱਤੀ, ਜਿਸ ਨੇ ਰਵੀ ਵਰਮਾ ਦੀਆਂ ਅਤੇ ਹੋਰ ਕਲਾਕਾਰਾਂ ਦੇ ਚਿੱਤਰ ਛਾਪਣੇ ਜਾਰੀ ਰੱਖੇ। ਇਹ ਪ੍ਰੈੱਸ 1972 ਤੱਕ ਸਫਲਤਾਪੂਰਵਕ ਚੱਲਦੀ ਰਹੀ, ਜਦੋਂ ਇਹ ਇੱਕ ਭਿਆਨਕ ਅਗਨੀਕਾਂਡ ਵਿਚ ਪੂਰੀ ਤਰ੍ਹਾਂ ਨਾਲ ਜਲ ਕੇ ਭਸਮ ਨਾ ਹੋ ਗਈ। ਰਵੀ ਵਰਮਾ ਦੀ ਚਿੱਤਰਕਲਾ ਅਤੇ ਸਮਾਜ ਨੂੰ ਮਹਾਨ ਦੇਣ ਦੇ ਇਵਜ਼ ਕਈ ਮਾਨ ਸਨਮਾਨ ਪ੍ਰਾਪਤ ਹੋਏ। 1904 ਵਿਚ ਭਾਰਤ ਦੇ ਵਾਇਸਰਾਏ ਲਾਰਡ ਕਰਜ਼ਨ ਨੇ ਉਸ ਨੂੰ ਕੇਸਰ-ਏ-ਹਿੰਦ ਗੋਲਡ ਮੈਡਲ ਨਾਲ ਸਨਮਾਨਿਆ ਤੇ ਰਾਜਾ ਦੀ ਉਪਾਧੀ ਦਿੱਤੀ। ਉਸ ਦੇ ਨਾਮ ’ਤੇ ਕੇਰਲ ਦੇ ਮਾਵੇਲੀਕਾਰਾ ਸ਼ਹਿਰ ਵਿਖੇ ਇੱਕ ਫਾਈਨ ਆਰਟਸ ਕਾਲਜ ਸਥਾਪਿਤ ਕੀਤਾ ਗਿਆ ਹੈ। ਭਾਰਤ ਭਰ ਵਿਚ ਉਸ ਦੇ ਨਾਮ ’ਤੇ ਕਈ ਕਲਚਰਲ ਸੰਸਥਾਨ ਕੰਮ ਕਰ ਰਹੇ ਹਨ। 2013 ਵਿਚ ਮਰਕਰੀ ਗ੍ਰਹਿ ਦੇ ਇੱਕ ਕਰੇਟਰ ਦਾ ਨਾਮ ਰਾਜਾ ਰਵੀ ਵਰਮਾ ਰੱਖਿਆ ਗਿਆ ਸੀ। ਕੇਰਲਾ ਸਰਕਾਰ ਉਸ ਦੇ ਨਾਮ ’ਤੇ ਹਰ ਸਾਲ ਸਮਾਜ ਸੇਵਾ ਅਤੇ ਕਲਾ ਦੇ ਖੇਤਰ ਵਿਚ ਅਹਿਮ ਯੋਗਦਾਨ ਪਾਉਣ ਵਾਲੇ ਕਲਾਕਾਰਾਂ ਨੂੰ ਵੱਡੀ ਰਾਸ਼ੀ ਵਾਲਾ ਰਾਜਾ ਰਵੀ ਵਰਮਾ ਪੁਰਸਕਾਰਮ ਪ੍ਰਦਾਨ ਕਰਦੀ ਹੈ। ਸੰਨ 1962 ਵਿਚ ਭਾਰਤ ਸਰਕਾਰ ਨੇ ਉਸ ਦੇ ਨਾਮ ’ਤੇ ਇੱਕ ਡਾਕ ਟਿਕਟ ਜਾਰੀ ਕੀਤੀ ਸੀ, ਜਿਸ ਵਿਚ ਉਸ ਵੱਲੋਂ ਬਣਾਏ ਸਭ ਤੋਂ ਪ੍ਰਸਿੱਧ ਚਿੱਤਰ ਨਾਲ ਦਮਿਅੰਤੀ ਨੂੰ ਵਿਖਾਇਆ ਗਿਆ ਹੈ। 2 ਅਕਤੂਬਰ, 1906 ਈਸਵੀ ਨੂੰ ਸਿਰਫ 58 ਸਾਲ ਦੀ ਉਮਰ ਵਿਚ ਇਸ ਮਹਾਨ ਕਲਾਕਾਰ ਅਤੇ ਸਮਾਜ ਸੁਧਾਰਕ ਦੀ ਮੌਤ ਹੋ ਗਈ ਸੀ।

# ਦੂਜਿਆਂ ਦੇ ਕੰਮ ਆਉਣ ਦਾ ਚਾਅ





-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
(Punjab Mail USA)


ਉਹ ਬੰਦੇ ਮਰ ਕੇ ਵੀ ਮੌਤ ਨੂੰ ਜ਼ਿੰਦਗੀ ਦੇ ਜਾਂਦੇ ਹਨ, ਜਿਹੜੇ ਹੱਕ, ਸੱਚ ਤੇ ਇਨਸਾਫ ਲਈ ਆਪਾ ਵਾਰ ਜਾਂਦੇ ਹਨ। ਆਪਣੇ ਆਪ ਲਈ ਤਾਂ ਹਰ ਇਨਸਾਨ ਜੀਊਂਦਾ ਹੈ, ਪਰ ਮਹਾਨ ਮਨੁੱਖ ਉਹ ਹੁੰਦੇ ਹਨ, ਜਿਹੜੇ ਦੂਜਿਆਂ ਦੀ ਖਾਤਰ ਸ਼ਹਾਦਤ ਦਾ ਜਾਮ ਪੀ ਜਾਂਦੇ ਹਨ। ਉਨ੍ਹਾਂ ਸ਼ਹੀਦਾਂ ਦੀਆਂ ਮੜੀਆਂ ’ਤੇ ਸਦਾ ਹੀ ਮੇਲੇ ਲੱਗਦੇ ਹਨ, ਜਿਹੜੇ ਆਪਣੇ ਧਰਮ ਤੇ ਦੇਸ਼ ਦੀ ਖਾਤਰ ਸ਼ਹੀਦੀਆਂ ਪਾ ਜਾਂਦੇ ਹਨ। ਇਥੇ ਭੇਡਾਂ ਬੱਕਰੀਆਂ ਨੂੰ ਕਿਸੇ ਪੁੱਛਣਾ ਨਹੀਂ, ਨਾਂ ਉਨ੍ਹਾਂ ਦਾ ਹੀ ਧੰਨ ਅਪਾਰ ਹੁੰਦਾ ਹੈ, ਜਿਹੜੇ ਸਮਾਜ ਤੇ ਮਨੁੱਖਤਾ ਲਈ ਕੁਝ ਕਰ ਜਾਂਦੇ ਹਨ।

ਪਰ ਦੁੱਖ ਦੀ ਗੱਲ ਇਹ ਹੈ ਕਿ ਕੁਝ ਲੋਕ ਦੂਜਿਆਂ ਦੀ ਖਾਤਰ ਆਪਣਾ ਸਭ ਕੁਝ ਵਾਰ ਜਾਂਦੇ ਹਨ ਤੇ ਕੁਝ ਉਹ ਲੋਕ ਹਨ, ਜਿਹੜੇ ਆਪਣੇ ਆਪ ਲਈ ਦੂਜਿਆਂ ਦਾ ਸਭ ਕੁਝ ਨਸ਼ਟ ਕਰ ਜਾਂਦੇ ਹਨ, ਭਾਵ ਆਪਣੀ ਖੁਦਗਰਜ਼ੀ ਲਈ ਉਹ ਕੁਝ ਵੀ ਕਰ ਸਕਦੇ ਹਨ। ਦੁਨੀਆਂ ਵਿਚ ਜੋ ਕੁਝ ਵੀ ਮਾੜਾ ਜਾਂ ਚੰਗਾ ਹੋਇਆ ਹੈ, ਜੋ ਹੋ ਰਿਹਾ ਹੈ ਅਤੇ ਜਾਂ ਹੋਵੇਗਾ, ਉਹ ਚੰਗੇ ਮਾੜੇ ਬੰਦਿਆਂ ਕਰਕੇ ਹੀ ਹੋਇਆ ਹੈ। ਅੱਜ ਦੁਨੀਆਂ ਵਿਚ ਜੋ ਕੁਝ ਵੀ ਚੰਗਾ ਹੈ, ਉਹ ਚੰਗੇ ਬੰਦਿਆਂ ਕਰਕੇ ਹੀ ਹੋਇਆ ਹੈ ਅਤੇ ਜੋ ਮਾੜਾ ਹੈ ਉਹ ਮਾੜੇ ਬੰਦਿਆਂ ਕਰਕੇ ਹੀ ਹੋਇਆ ਹੈ। ਜਿਵੇਂ ਸਮਾਜ ਵਿਚ ਸੱਚ, ਇਨਸਾਫ, ਆਜ਼ਾਦੀ, ਖੁਸ਼ਹਾਲੀ, ਅਮਨ ਹੈ ਤਾਂ ਇਹ ਸਭ ਕੁਝ ਚੰਗੇ ਬੰਦਿਆਂ ਕਰਕੇ ਹੀ ਹੈ। ਜਿਨ੍ਹਾਂ ਲੋਕਾਂ ਨੂੰ ਅਸੀਂ ਮਾਨਵਵਾਦੀ ਤੇ ਨੈਤਿਕਤਾਵਾਦੀ ਭਾਵ ਪਰਉਪਕਾਰੀ ਆਖਦੇ ਹਾਂ। ਇਸਦੇ ਉਲਟ ਜੋ ਕੁਝ ਵੀ ਸਮਾਜ ਵਿਚ ਮਾੜਾ ਵਾਪਰ ਰਿਹਾ ਹੈ, ਉਹ ਮਾੜੇ ਬੰਦਿਆਂ ਕਰਕੇ ਹੀ ਹੈ। ਜਿਵੇਂ ਕਤਲੋਗਾਰਤ, ਲੁੱਟ-ਖਸੁੱਟ, ਬਲਾਤਕਾਰ, ਭ੍ਰਿਸ਼ਟਾਚਾਰ, ਬੇਈਮਾਨੀ, ਬਦਅਮਨੀ। ਇਹ ਸਭ ਕੁਝ ਆਰੰਭ ਤੋਂ ਹੀ ਬਦੀ-ਨੇਕੀ ਦੀ ਲੜਾਈ ਚਲਦੀ ਆ ਰਹੀ ਹੈ। ਜੇਕਰ ਇਸ ਸੰਸਾਰ ਵਿਚ ਮਾੜੇ ਬੰਦੇ ਨਾ ਹੁੰਦੇ ਅਤੇ ਚੰਗੇ ਬੰਦੇ ਹੀ ਹੁੰਦੇ, ਤਾਂ ਅੱਜ ਦੀ ਦੁਨੀਆਂ ਕੁਝ ਹੋਰ ਹੀ ਹੁੰਦੀ, ਭਾਵ ਇਹ ਦੁਨੀਆਂ ਸਵਰਗ ਹੁੰਦੀ, ਜਿਸ ਵਿਚ ਹਰ ਇੱਕ ਨੂੰ ਕੁੱਲੀ, ਗੁੱਲੀ ਤੇ ਜੁੱਲੀ, ਇਨਸਾਨ ਆਜ਼ਾਦੀ, ਬਰਾਬਰਤਾ, ਸਾਂਝੀਵਾਲਤਾ, ਅਮਨ, ਸ਼ਾਂਤੀ ਤੇ ਖੁਸ਼ਹਾਲੀ ਪ੍ਰਾਪਤ ਹੁੰਦੀ ਪਰ ਅਜਿਹਾ ਹੋਣਾ ਸੌਖੀ ਗੱਲ ਨਹੀਂ ਹੈ, ਭਾਵ ਇੱਕ ਮਨੁੱਖ ਪੂਰਨ ਮਨੁੱਖ ਹੋਣਾ ਬਹੁਤ ਔਖਾ ਹੈ।

ਹਜ਼ਾਰੋਂ ਸਾਲ ਰੋਤੀ ਹੈ ਨਰਗਿਸ ਅਪਨੀ ਬੇਨੂਰੀ ਪੇ
ਬੜੀ ਮੁਸ਼ਕਲ ਸੇ ਹੋਤਾ ਹੈ
ਚਮਨ ਮੇਂ ਦੀਦਾਵਰ ਪੈਦਾ।

ਗੁਰਬਾਣੀ ਵਿਚ ਵੀ ਮਨੁੱਖਾਂ ਦੀਆਂ ਦੋ ਵੱਡੀਆਂ ਕਿਸਮਾਂ ਦੱਸੀਆਂ, ਜਿਵੇਂ ਮਨਮੁਖ ਤੇ ਗੁਰਮੁਖਿ, ਭਾਵ ਕਿਰਦਾਰ ਪੱਖੋਂ ਚੰਗੇ ਤੇ ਮਾੜੇ ਮਨੁੱਖ ਜਿਨ੍ਹਾਂ ਦਾ ਸੰਬੰਧ ਬਦੀ ਤੇ ਨੇਕੀ ਨਾਲ ਹੈ, ਜਿਸ ਨੂੰ ਅਸੀਂ ਅੰਗਰੇਜ਼ੀ ਵਿਚ Evel ਤੇ Good ਆਖਦੇ ਹਾਂ। ਹੁਣ ਜੇਕਰ ਮਾੜਿਆਂ ਬੰਦਿਆਂ ਭਾਵ ਮਨਮੁਖਾਂ ਦੀ ਲਿਸਟ ਬਣਾਈ ਜਾਵੇ, ਤਾਂ ਇਸ ਵਿਚ ਮੁੱਖ ਤੌਰ ’ਤੇ ਇਹ ਹਨ - ਮੂਰਖ, ਅਗਿਆਨੀ, ਖੁਦਗਰਜ਼, ਈਰਖਾਵਾਦੀ, ਅਹੰਕਾਰੀ, ਦੁਸ਼ਟ, ਪਾਪੀ, ਪਾਖੰਡੀ, ਫਰੇਬੀ, ਪੱਖਪਾਤੀ ਅਤੇ ਅਕ੍ਰਿਤਘਣ।

ਇਨ੍ਹਾਂ ਵਿਚੋਂ ਮੂਰਖ, ਅਗਿਆਨੀ ਤੇ ਬੇਸਮਝ ਮਨੁੱਖਾਂ ਨੇ ਮਨੁੱਖੀ ਘਾਣ ਇੰਨਾਂ ਨਹੀਂ ਕੀਤਾ, ਜਿਨ੍ਹਾਂ ਖੁਦਗਰਜ਼ ਭਾਵ ਸਵਾਰਥੀ ਤੇ ਪਾਖੰਡੀਆਂ ਨੇ ਕੀਤਾ ਹੈ। ਮਾੜਾ ਆਦਮੀ ਸਿੱਧਾ ਮਨੁੱਖ ਨੂੰ ਹਾਨੀ ਪਹੁੰਚਾਉਂਦਾ ਹੈ ਅਤੇ ਉਸਦਾ ਪਤਾ ਹੁੰਦਾ ਹੈ ਕਿ ਉਹ ਬੁਰਾ ਹੀ ਹੈ। ਉਸ ਉਪਰ ਆਦਮੀ ਵਿਸ਼ਵਾਸ ਨਹੀਂ ਕਰਦਾ। ਪਾਖੰਡੀ, ਅਖੌਤੀ ਤੇ ਭੇਖੀ ਮਨੁੱਖ ਲੁੱਕ ਕੇ ਸਮਾਜ ਨੂੰ ਹਾਨੀ ਪਹੁੰਚਾਉਂਦਾ ਹੈ। ਉਹ ਸ਼ਕਲ ਮੋਮਨਾ ਤੇ ਕਰਤੂਤਿ ਕਾਫਰਾਂ ਹੁੰਦਾ ਹੈ। ਇਹ ਲੋਕ ਸਮਾਜ ਲਈ ਬਹੁਤ ਹਾਨੀਕਾਰਕ ਹੁੰਦੇ ਹਨ। ਇਹ ਲੋਕ ਮੂੰਹ ਦੇ ਮਿੱਠੇ ਤੇ ਦਿਲ ਦੇ ਮਾੜੇ ਹੁੰਦੇ ਹਨ। ਇਸੇ ਤਰ੍ਹਾਂ ਹੀ ਅਹੰਕਾਰੀ ਤੇ ਈਰਖਾਵਾਦੀ ਲੋਕ ਵੀ ਸਮਾਜ ਲਈ ਬਹੁਤ ਹਾਨੀਕਾਰਕ ਹੁੰਦੇ ਹਨ। ਅਹੰਕਾਰੀ ਮਨੁੱਖ ਸਮਾਜ ਵਿਚ ਘ੍ਰਿਣਾ ਤੇ ਬਦਅਮਨੀ ਉਤਪੰਨ ਕਰਦੇ ਹਨ, ਜਿਸ ਵਿਚੋਂ ਈਰਖਾ ਦਾ ਜਨਮ ਹੁੰਦਾ ਹੈ ਅਤੇ ਕਈ ਵਾਰੀ ਈਰਖਾ ਦੂਜੇ ਦੀ ਚੰਗਿਆਈ ਨੂੰ ਦੇਖਦੇ ਹੀ ਉਤਪੰਨ ਹੁੰਦੀ ਹੈ ਪਰ ਈਰਖਾ ਕਿਸੇ ਪ੍ਰਕਾਰ ਦੀ ਵੀ ਹੋਵੇ, ਬਹੁਤ ਭੈੜੀ ਹੈ। ਈਰਖਾਵਾਦੀ ਮਨੁੱਖ ਦੂਜੇ ਨੂੰ ਮਾੜਾ ਬਣਾਉਣ ਲਈ ਤੇ ਆਪ ਚੰਗਾ ਬਣਨ ਲਈ ਪਤਾ ਨਹੀਂ ਕੀ-ਕੀ ਪਾਪੜ ਵੇਲਦਾ ਹੈ।

ਇਸੇ ਤਰ੍ਹਾਂ ਹੀ ਦੁਸ਼ਟ ਤੇ ਪਾਪੀ ਲੋਕਾਂ ਨਾਲ ਵੀ ਇਤਿਹਾਸ ਭਰਿਆ ਪਿਆ ਹੈ, ਜਿਵੇਂ ਦੁਸ਼ਟ ਪਾਪੀ ਔਰੰਗਜ਼ੇਬ, ਚੰਗੇਜ਼ ਤੇ ਹਿਟਲਰ ਆਦਿ। ਵਰਤਮਾਨ ਸਮੇਂ ਵਿਚ ਭਾਰਤ ਦੀ 1947 ਦੀ ਵੰਡ, 1984 ਦਾ ਸਿੱਖਾਂ ਦਾ ਘੱਲੂਘਾਰਾ ਅਤੇ ਗੁਜਰਾਤ ਦਾ ਕਾਂਡ ਆਦਿ ਦੁਸ਼ਟ ਪਾਪੀ ਲੋਕਾਂ ਦੀ ਹੀ ਦੇਣ ਹੈ।

ਮਹਾਰਾਜਾ ਰਣਜੀਤ ਸਿੰਘ ਵਰਗੀ ਵਿਲੱਖਣ ਸ਼ਖ਼ਸੀਅਤ ਨੂੰ ਵੀ ਇਨ੍ਹਾਂ ਖੁਦਗਰਜ਼, ਗਦਾਰ ਤੇ ਪੱਥਰ ਦਿਲ ਲੋਕਾਂ ਨੇ ਨਹੀਂ ਬਖਸ਼ਿਆ ਅਤੇ ਸਿੱਖ ਰਾਜ ਦੇ ਪਤਨ ਦਾ ਕਾਰਣ ਵੀ ਅਜਿਹੇ ਲੋਕ ਸਿੱਧ ਹੋਏ। ਅਜਿਹੇ ਲੋਕਾਂ ਨੂੰ ਗੁਰੂ ਅਰਜਨ ਦੇਵ ਜੀ ਨੇ ‘ਕਰਤੂਤਿ ਪਸੂ ਕੀ ਮਾਨਸ ਜਾਤਿ’ ਆਖਿਆ ਹੈ। ਖੁਦਗਰਜ਼ ਆਦਮੀਆਂ ਬਾਰੇ ਇੱਕ ਘਟਨਾ ਜਰਮਨੀ ਵਿਚ ਹਿਟਲਰ ਵੇਲੇ ਦੀ ਬੜੀ ਪ੍ਰਸਿੱਧ ਹੈ। ਜਦੋਂ ਹਿਟਲਰ ਲੋਕਾਂ ’ਤੇ ਅਕਹਿ ਤੇ ਅਸਹਿ ਅੱਤਿਆਚਾਰ ਕਰ ਰਿਹਾ ਸੀ, ਤਾਂ ਇਹ ਘਟਨਾ ਇੱਕ ਗਿਰਜਾਘਰ ਪਾਦਰੀ ਦੀ ਹੈ। ਹਿਟਲਰ ਨੇ ਯਹੂਦੀਆਂ ’ਤੇ ਅੱਤਿਆਚਾਰ ਕੀਤੇ। ਪਾਦਰੀ ਕਹਿਣ ਲੱਗਾ ਕਿ ਮੈਂ ਕਿਹੜਾ ਯਹੂਦੀ ਹਾਂ, ਮੈਨੂੰ ਕੀ ਹੈ? ਫਿਰ ਟਰੇਡ ਯੂਨੀਅਨਜ਼ ਨਾਲ ਵੀ ਅਜਿਹਾ ਹੋਇਆ। ਪਾਦਰੀ ਫਿਰ ਵੀ ਚੁੱਪ ਰਿਹਾ। ਫਿਰ ਕਮਿਊਨਿਸਟਾਂ ’ਤੇ ਅੱਤਿਆਚਾਰ ਹੋਏ ਅਤੇ ਪਾਦਰੀ ਦਾ ਕਹਿਣਾ ਸੀ ਕਿ ਮੈਂ ਕਿਹੜਾ ਕਮਿਊਨਿਸਟ ਹਾਂ, ਮੈਨੂੰ ਕੀ? ਸੋ ਮੈਨੂੰ ਕੀ ਗੱਲ ਬਹੁਤ ਭੈੜੀ ਹੈ। ਇਹ ਆਮ ਜ਼ਿੰਦਗੀ ਵਿਚ ਵੀ ਸੁਣਨ ਨੂੰ ਆਉਂਦੀ ਹੈ ਕਿ ਸਾਨੂੰ ਕੀ? ਇਹ ਇਸ ਤਰ੍ਹਾਂ ਦੀ ਜਿਵੇਂ ‘ਘਰ ਲੱਗੇ ਤਾਂ ਅੱਗ, ਬਾਹਰ ਲੱਗੇ ਤਾਂ ਬਸੰਤਰ’। ਇਹ ਲੋਕ ਜਦੋਂ ਜ਼ੁਲਮ ਹੁੰਦਾ ਹੈ, ਤਾਂ ਸ਼ੁਗਲ ਸਮਝਦੇ ਹਨ, ਪਰ ਜਦੋਂ ਆਪਣੀ ਵਾਰੀ ਆਉਂਦੀ ਹੈ, ਤਾਂ ਫਿਰ ਪਤਾ ਲੱਗਦਾ ਹੈ। ਇਸੇ ਤਰ੍ਹਾਂ ਇਸ ਪਾਦਰੀ ਨਾਲ ਹੋਈ। ਜਦੋਂ ਉਸ ਦੀ ਵਾਰੀ ਆਈ ਤਾਂ ਉਸਦਾ ਕੋਈ ਵੀ ਨਹੀਂ ਰਿਹਾ ਸੀ, ਉਸ ਨੂੰ ਬਚਾਉਣ ਲਈ।

ਇਸ ਲਈ ਮਨੁੱਖ ਨੂੰ ਸੁਆਰਥੀ ਨਹੀਂ ਹੋਣਾ ਚਾਹੀਦਾ, ਸਗੋਂ ਹਮਦਰਦ, ਦਿਆਲੂ, ਕ੍ਰਿਪਾਲੂ, ਪਰਉਪਕਾਰੀ ਭਾਵ ਮਾਨਵਵਾਦੀ ਤੇ ਨੈਤਿਕਤਾਵਾਦੀ ਹੋਣਾ ਚਾਹੀਦਾ ਹੈ। Be humanitarian. ਦੂਜਿਆਂ ਦੇ ਦੁੱਖ ਨੂੰ ਆਪਣਾ ਦੁੱਖ ਸਮਝਣਾ ਚਾਹੀਦਾ ਹੈ। ਜਿੰਨੀ ਵੀ ਅਸੀਂ ਦੂਜਿਆਂ ਦੀ ਸਹਾਇਤਾ ਕਰ ਸਕਦੇ ਹਾਂ, ਕਰੀਏ। ਆਪਣੇ ਲਈ ਘੱਟ, ਦੂਜਿਆਂ ਲਈ ਜ਼ਿਆਦਾ ਜੀਊਣਾ ਸਿੱਖੋ। ਕੋਈ ਮਨੁੱਖ ਕਿਵੇਂ ਮਰਿਆ ਪ੍ਰਸ਼ਨ ਇਹ ਨਹੀਂ, ਪ੍ਰਸ਼ਨ ਇਹ ਹੈ ਕਿ ਕੋਈ ਮਨੁੱਖ ਜੀਵਿਆ ਕਿਵੇਂ ਹੈ? ਦੂਜਿਆਂ ਨਾਲ ਅਜਿਹਾ ਵਤੀਰਾ ਕਰੋ, ਜਿਵੇਂ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ।

ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:

“ਐਸਾ ਕੰਮ ਮੂਲੇ ਨਾ ਕੀਚੈ ਜਿਤੁ ਅੰਤਿ ਪਛੋਤਾਈਐ॥”

ਗਲਤ ਕੰਮ ਨਾ ਕਰੋ,
ਕਿਸੇ ਦਾ ਬੁਰਾ ਨਾ ਕਰੋ,
ਕਿਸੇ ਦਾ ਦਿਲ ਨਾ ਦੁਖਾਉ
ਕਿਸੇ ਨਾਲ ਧੋਖਾ ਨਾ ਕਰੋ,
ਭੈੜੀ ਸੰਗਤ ਨਾ ਕਰੋ,
ਅਹੰਕਾਰ ਤੇ ਈਰਖਾ ਦਾ ਤਿਆਗ ਕਰੋ।
ਪਿਆਰ, ਸਤਿਕਾਰ, ਸਹਿਸ਼ੀਲਤਾ, ਨਿਮਰਤਾ ਦੇ ਧਾਰਨੀ ਬਣੋ।
ਕਿਸੇ ਦੀ ਇੱਛਾ ਅਤੇ ਸ਼ਾਨ ਦੇ ਵਿਰੁੱਧ ਕੋਈ ਗੱਲ ਨਾ ਕਰੋ।

ਸਚਹੁ ਉਰੈ ਸਭੁ ਕੋ ਉਪਰ ਸਚੁ ਆਚਾਰ॥

ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ॥

ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥

ਸੀਸ ਨਿਵਾਇਐ ਕਿਆ ਥੀਐ ਜਾ ਰਿਦੈ ਕੁਸਿਧੇ ਜਾਹਿ॥

ਮਨੁੱਖ ਨੂੰ ਬੁਰੇ ਕੰਮਾਂ ਤੋਂ ਬਚਣ ਲਈ ਰੱਬ ਦਾ ਡਰ, ਸਮਾਜ ਦੀ ਸ਼ਰਮ, ਇੱਜਤ ਤੇ ਅਣਖ ਦਾ ਖਿਆਲ ਰੱਖਣਾ ਚਾਹੀਦਾ ਹੈ।

# ਪੰਜਾਬੀ ਫ਼ਿਲਮਾਂ ਨੂੰ ਕਿਉਂ ਨਹੀਂ ਮਿਲ ਰਹੇ ਦਰਸ਼ਕ?



-ਪ੍ਰੋ. ਕੁਲਬੀਰ ਸਿੰਘ
94171-53513
(Punjab Mail USA)



ਮੈਂ ਫ਼ਿਲਮਾਂ ਵੇਖਣ ਦਾ ਸ਼ੌਕੀਨ ਨਹੀਂ। ਮੈਂ ਤਿੰਨ ਘੰਟੇ ਥੀਏਟਰ ਜਾਂ ਟੈਲੀਵਿਜ਼ਨ ਅੱਗੇ ਤਦ ਹੀ ਬੈਠ ਸਕਦਾ ਹਾਂ, ਜੇ ਫ਼ਿਲਮ ਅਰਥ-ਭਰਪੂਰ ਅਤੇ ਸਮਾਜਿਕ ਮਾਨਵੀ ਸਰੋਕਾਰਾਂ ਨਾਲ ਨੇੜਿਉਂ ਜੁੜੀ ਹੋਵੇ। ਕਲਾ, ਨਿਰਦੇਸ਼ਕ ਤੇ ਅਦਾਕਾਰੀ ਪੱਖ ਮਜ਼ਬੂਤ ਹੋਵੇ। ਕਿਸੇ ਮਕਸਦ-ਵਿਸ਼ੇਸ਼ ਨੂੰ ਮੱਦੇਨਜ਼ਰ ਰੱਖ ਕੇ ਬਣਾਈ ਹੋਵੇ। ਹਲਕੀ-ਫੁਲਕੀ ਮਨੋਰੰਜਨ ਭਰਪੂਰ ਫ਼ਿਲਮ ਮੈਂ ਤਦ ਹੀ ਵੇਖ ਸਕਦਾ ਹਾਂ, ਜੇ ਅਦਾਕਾਰ ਸੰਵੇਦਨਸ਼ੀਲ ਅਤੇ ਮੇਰੀ ਪਸੰਦ ਦੇ ਹੋਣ। ਵਿਦਿਆਰਥੀ ਜੀਵਨ ਵਿਚ ਅਜਿਹੀਆਂ ਫ਼ਿਲਮਾਂ ਵੇਖਦਾ ਰਿਹਾ ਹੈ।

ਅੱਜ ਤੋਂ ਪੰਦਰਾਂ ਸਾਲ ਪਹਿਲਾਂ ਪੰਜਾਬੀ ਫ਼ਿਲਮਾਂ ਦਾ ਪ੍ਰਭਾਵ ਤੇ ਅਕਸ ਅਜਿਹਾ ਸੀ ਕਿ ਵੇਖਣ ਬਾਰੇ ਕਦੇ ਸੋਚਿਆ ਹੀ ਨਹੀਂ ਸੀ। ਹੁਣ ਜਦ ਇਹ ਧੜਾਧੜ ਬਣ ਰਹੀਆਂ ਹਨ ਅਤੇ ਬਹੁਤੀਆਂ ਦੇ ਅਦਾਕਾਰ ਪੰਜਾਬੀ ਗਾਇਕ ਹਨ, ਤਾਂ ਇਨ੍ਹਾਂ ਨੂੰ ਦਰਸ਼ਕ ਨਹੀਂ ਮਿਲ ਰਹੇ। ਮੈਂ ਪੜ੍ਹਦਾ ਸੁਣਦਾ ਹਾਂ ਕਿ ਸਿਨੇਮਾਂ ਹਾਲ 'ਚ ਫ਼ਿਲਮ ਕੁਝ ਦਿਨ ਵੀ ਨਹੀਂ ਟਿਕਦੀ ਅਤੇ ਖਰਚੇ ਕੱਢਣ ਤੋਂ ਵੀ ਅਸਮਰਥ ਰਹਿੰਦੀ ਹੈ। ਪੰਜਾਬੀ ਸਕਰੀਨ ਮੈਗਜ਼ੀਨ ਦੇ ਮੁੱਖ ਸੰਪਾਦਕ ਸ਼੍ਰੀ ਦਲਜੀਤ ਸਿੰਘ ਅਰੋੜਾ ਦੇ ਆਰਟੀਕਲ ਅਤੇ ਸੰਪਾਦਕੀ ਨੋਟ ਪੜ੍ਹਨ ਵਾਲੇ ਹੁੰਦੇ ਹਨ।

ਸਮੇਂ ਨੇ, ਸਹੂਲਤਾਂ ਨੇ, ਤਕਨੀਕ ਨੇ, ਸਮਾਰਟ ਫੋਨ ਨੇ, ਸੋਸ਼ਲ ਮੀਡੀਆ ਨੇ ਸਾਡੀ ਸੋਚ, ਸਾਡੀ ਪਸੰਦ, ਸਾਡੀ ਜੀਵਨ-ਸ਼ੈਲੀ ਬਦਲ ਦਿੱਤੀ ਹੈ।

ਅੱਜ ਊਲ-ਜਲੂਲ ਅਦਾਕਾਰੀ ਵਾਲੀ ਊਲ-ਜਲੂਲ ਫ਼ਿਲਮ ਲਈ ਕੋਈ ਵੀ ਸਮਾਂ ਬਰਬਾਦ ਕਰਨ ਲਈ ਤਿਆਰ ਨਹੀਂ। ਸਮਾਂ ਬਦਲ ਗਿਆ ਹੈ। ਸਮਝ ਬਦਲ ਗਈ ਹੈ। ਸੋਸ਼ਲ ਮੀਡੀਆ ਨੇ ਸਭ ਨੂੰ ਸੁਚੇਤ ਕਰ ਦਿੱਤਾ ਹੈ। ਉਹੀ ਚਿਹਰੇ, ਉਹੀ ਅਦਾਕਾਰ ਜਿਨ੍ਹਾਂ ਨੂੰ ਨਾ ਅਦਾਕਾਰੀ ਆਉਂਦੀ ਹੈ, ਨਾ ਅਦਾਕਾਰੀ ਦੀ ਸਮਝ ਹੈ, ਨਾ ਉਨ੍ਹਾਂ ਦੀ ਅਦਾਕਾਰੀ ਵਿਚ ਗਹਿਰਾਈ ਹੈ। ਲੋਕ ਅੱਕ ਗਏ ਹਨ।

ਮਿਆਰੀ-ਵਿਸ਼ਾ-ਸਮੱਗਰੀ ਦੀ ਘਾਟ ਹੈ। ਬੌਧਿਕਤਾ ਦਾ ਕਾਲ ਪਿਆ ਹੋਇਆ ਹੈ। ਮਾਹਿਰ ਮੰਨਦੇ ਹਨ ਕਿ ਅੱਜ ਕੇਵਲ ਭਾਸ਼ਾ-ਪ੍ਰੇਮ ਦੇ ਬਲ 'ਤੇ ਪੰਜਾਬੀ ਫ਼ਿਲਮ ਕਾਮਯਾਬ ਨਹੀਂ ਹੋ ਸਕਦੀ। ਮਿਆਰੀ ਵਿਸ਼ਾ-ਸਮੱਗਰੀ ਦੇਣੀ ਹੀ ਪਵੇਗੀ ਕਿਉਂਕਿ ਸੋਸ਼ਲ ਮੀਡੀਆ ਤੁਹਾਡੀ ਭਾਸ਼ਾ ਵਿਚ ਵਿਸ਼ਵ-ਸਿਨੇਮਾ ਦੀ ਗੱਲ ਕਰ ਰਿਹਾ ਹੈ। ਵਿਸ਼ਵ-ਪੱਧਰੀ ਅਦਾਕਾਰੀ ਦੀ ਬਾਤ ਪਾ ਰਿਹਾ ਹੈ। ਵਿਸ਼ਵ ਪੁਰਸਕਾਰਾਂ ਬਾਰੇ ਜਾਣਕਾਰੀ ਦੇ ਰਿਹਾ ਹੈ।

ਅਦਾਕਾਰੀ ਕਮਜ਼ੋਰ, ਨਿਰਦੇਸ਼ਕ ਕਮਜ਼ੋਰ, ਫੋਟੋਗ੍ਰਾਫ਼ੀ, ਪੇਸ਼ਕਾਰੀ ਕਮਜ਼ੋਰ, ਪਟਕਥਾ ਕਮਜ਼ੋਰ ਫਿਰ ਫ਼ਿਲਮ ਮਜਬੂਤ ਕਿਵੇਂ ਬਣ ਜਾਵੇਗੀ। ਦੁਹਰਾਓ ਤੁਹਾਨੂੰ ਕਾਮਯਾਬ ਨਹੀਂ ਬਣਾ ਸਕਦਾ। ਕੁਝ ਨਾਵਾਂ, ਕੁਝ ਸੱਜਰਾ, ਕੁਝ ਸਹਿਜ, ਕੁਝ ਗੰਭੀਰ, ਕੁਝ ਮਿਆਰੀ ਲੈ ਕੇ ਆਓਗੇ, ਤਾਂ ਦਰਸ਼ਕ ਘਰਾਂ 'ਚੋਂ ਨਿਕਲਣਗੇ। ਚਾਰ ਪਾਸੇ, ਹਰ ਖੇਤਰ ਵਿਚ ਚੁਣੌਤੀਆਂ ਹਨ ਪਰੰਤੂ ਸਮਾਂ ਬੜਾ ਬਲਵਾਨ ਹੈ। ਤਬਦੀਲੀਆਂ ਨੂੰ ਕੋਈ ਰੋਕ ਨਹੀਂ ਸਕਦਾ, ਕੁਝ ਸਮੇਂ ਲਈ ਟਾਲ ਸਕਦਾ ਹੈ।

1912-13 ਵਿਚ ਸਾਲ ਵਿਚ 25-30 ਪੰਜਾਬੀ ਫ਼ਿਲਮਾਂ ਬਣਦੀਆਂ ਸਨ। ਉਨ੍ਹਾਂ ਵਿਚੋਂ 25-30 ਫੀਸਦੀ ਕਾਮਯਾਬ ਹੁੰਦੀਆਂ ਸਨ। ਅੱਜ ਸੈਂਕੜੇ ਬਣਦੀਆਂ ਹਨ। ਸਫ਼ਲ ਕੋਈ ਵੀ ਨਹੀਂ ਹੁੰਦੀ। ਨਾ ਚਿਹਰਾ ਚੱਲਦਾ ਹੈ, ਨਾ ਨਾਂ ਚੱਲਦਾ ਹੈ, ਨਾ ਚਮਕ ਦਮਕ ਚੱਲਦੀ ਹੈ। ਲੋਕ ਉਪਰਾਮ ਹੋ ਗਏ ਹਨ। ਮਨ ਹੀ ਉੱਠ ਗਿਆ ਹੈ।

ਪੰਜਾਬੀ ਸਿਨੇਮਾ ਮੁਸ਼ਕਲ ਦੌਰ ਵਿਚੋਂ ਲੰਘ ਰਿਹਾ ਹੈ। ਇਉਂ ਲੱਗਦਾ ਹੈ ਜਿਵੇਂ ਪੰਜਾਬ ਕੋਲ ਕੋਈ ਮੁੱਦਾ ਹੀ ਨਹੀਂ ਹੈ। ਮਾਹਿਰ ਵਿਅੰਗ ਨਾਲ ਕਹਿੰਦੇ ਹਨ ਕਿ ਕੀ ਪੰਜਾਬ ਦਾ ਕੋਈ ਇਤਿਹਾਸ ਨਹੀਂ ਹੈ, ਕੋਈ ਸਾਹਿਤ ਨਹੀਂ ਹੈ, ਕੋਈ ਕਲਚਰ ਨਹੀਂ ਹੈ, ਕੋਈ ਸੰਘਰਸ਼ ਨਹੀਂ ਹੈ, ਕੋਈ ਸਮਾਜਿਕ ਸਰੋਕਾਰ ਨਹੀਂ ਹੈ, ਕੋਈ ਭੱਖਦਾ ਮਸਲਾ ਨਹੀਂ ਹੈ, ਜਿਹੜਾ ਫ਼ਿਲਮਕਾਰਾਂ, ਅਦਾਕਾਰਾਂ ਨੂੰ ਫ਼ਿਲਮ ਬਨਾਉਣ ਲਈ ਆਕਰਸ਼ਿਤ ਕਰ ਸਕੇ। ਰਸੂਲ ਹਮਜ਼ਾਤੋਵ ਐਵੇਂ ਅੱਖਾਂ ਤੇ ਕੰਨ ਖੁੱਲ੍ਹੇ ਰੱਖਣ ਦੀਆਂ ਗੱਲਾਂ ਕਰਦਾ ਰਿਹਾ।

ਦਰਅਸਲ ਕੋਈ ਅਜਿਹਾ ਅਦਾਰਾ ਨਹੀਂ, ਜਿਹੜਾ ਪ੍ਰੇਰਨਾਸਰੋਤ ਬਣ ਸਕੇ। ਜਿਹੜਾ ਅਗਵਾਈ ਕਰ ਸਕੇ। ਜਿਹੜਾ ਉਤਸ਼ਾਹਿਤ ਕਰ ਸਕੇ। ਜਿਹੜਾ ਬਾਂਹ ਫੜ੍ਹ ਸਕੇ। ਜਦ ਹੋਰਨਾਂ ਖੇਤਰੀ ਭਾਸ਼ਾਵਾਂ ਦੇ ਸਿਨੇਮਾ ਵੱਲ ਵੇਖਦੇ ਹਾਂ, ਤਾਂ ਅਸੀਂ ਕਿਧਰੇ ਨਹੀਂ ਖੜ੍ਹੋਂਦੇ। ਬੰਗਾਲੀ, ਕੰਨੜ, ਅਸਾਮੀ ਸਿਨੇਮਾ ਮਿਆਰ ਪੱਖੋਂ ਵਿਸ਼ਵ-ਸਿਨੇਮਾ ਨੂੰ ਟੱਕਰ ਦਿੰਦਾ ਹੈ। ਪਰ ਅਸੀਂ ਉਸੇ ਘੁੰਮਣਘੇਰੀ 'ਚ ਘੁੰਮੀ ਜਾਂਦੇ ਹਾਂ।

ਫ਼ਿਲਮ ਦੇ ਸਫ਼ਲ ਅਸਫ਼ਲ ਹੋਣ ਦਾ ਕੋਈ ਨਿਸ਼ਚਿਤ ਫਾਰਮੂਲਾ ਨਹੀਂ ਹੈ, ਕੋਈ ਨਿਸ਼ਚਿਤ ਕਾਰਨ ਨਹੀਂ ਹਨ। ਜੇਕਰ ਕੋਈ ਫਾਰਮੂਲਾ ਹੁੰਦਾ ਤਾਂ ਕੋਈ ਵੀ ਫ਼ਿਲਮ ਫੇਲ੍ਹ ਨਾ ਹੁੰਦੀ। ਪੰਜਾਬੀ ਫ਼ਿਲਮਾਂ ਨਾ ਕਲਾ ਪੱਖੋਂ ਕਾਮਯਾਬ ਹੁੰਦੀਆਂ ਹਨ, ਨਾ ਕਾਰੋਬਾਰ ਪੱਖੋਂ। ਲੀਹ ਤੋਂ ਹਟ ਕੇ ਬਣੀ ਫ਼ਿਲਮ ਦੀ ਵੀ ਕੋਈ ਗਾਰੰਟੀ ਨਹੀਂ ਹੈ ਕਿ ਉਹ ਜ਼ਰੂਰ ਕਾਮਯਾਬ ਹੋਵੇਗੀ। ਅਜਿਹੇ ਯਤਨ ਕਈ ਫ਼ਿਲਮਾਕਾਰਾਂ ਨੇ ਕੀਤੇ, ਪਰੰਤੂ ਸਫ਼ਲਤਾ ਨਹੀਂ ਮਿਲੀ। ਕਮੀ ਕਿੱਥੇ ਹੈ, ਘਾਟ ਕੀ ਰਹਿ ਜਾਂਦੀ ਹੈ ਇਸ ਸਬੰਧ ਵਿਚ ਖੁੱਲ੍ਹੇ ਮਨ ਨਾਲ ਵਿਚਾਰ ਚਰਚਾ ਦੀ ਲੋੜ ਹੈ। ਦਰਅਸਲ ਅਸੀਂ ਪੰਜਾਬੀ ਲੋਕ ਆਲੋਚਨਾ ਬਰਦਾਸ਼ਤ ਨਹੀਂ ਕਰ ਸਕਦੇ। ਜਿਹੜਾ ਤੁਹਾਡੀ ਕਿਸੇ ਵੀ ਤਰ੍ਹਾਂ ਆਲੋਚਨਾ ਕਰਦਾ ਹੈ, ਉਸਨੂੰ ਦੁਸ਼ਮਣ ਬਣਾ ਲੈਂਦੇ ਹਾਂ। ਅਸੀਂ ਭੁੱਲ ਜਾਂਦੇ ਹਾਂ ਕਿ ਸਫ਼ਲਤਾ ਨੂੰ ਜਾਂਦਾ ਰਾਹ ਅਸਫ਼ਲਤਾ ਅਤੇ ਆਲੋਚਨਾ ਵਿਚੋਂ ਹੋ ਕੇ ਲੰਘਦਾ ਹੈ। ਮੈਂ 33 ਸਾਲ ਤੋਂ 'ਟੈਲੀਵਿਜ਼ਨ ਸਮੀਖਿਆ' ਕਾਲਮ ਲਿਖ ਰਿਹਾ ਹਾਂ। ਦੋਸਤ ਘੱਟ ਬਣੇ ਹਨ, ਦੁਸ਼ਮਣ ਵੱਧ ਬਣ ਗਏ ਹਨ। ਹਰ ਕੋਈ ਪ੍ਰਸ਼ੰਸਾ ਚਾਹੁੰਦਾ ਹੈ, ਆਲੋਚਨਾ ਕੋਈ ਪਸੰਦ ਨਹੀਂ ਕਰਦਾ। ਸੱਚ ਕੋਈ ਬਰਦਾਸ਼ਤ ਨਹੀਂ ਕਰਦਾ। ਸੱਚ ਕੋਈ ਸੁਣਨਾ ਹੀ ਨਹੀਂ ਚਾਹੁੰਦਾ। ਦਰਅਸਲ ਪੰਜਾਬੀ ਫ਼ਿਲਮਾਂ ਦੇ ਪ੍ਰਸੰਗ ਵਿਚ ਵੀ ਲੰਮਾ ਸਮਾਂ ਇਹੀ ਹੁੰਦਾ ਰਿਹਾ। ਝੂਠੀ ਪ੍ਰਸ਼ੰਸਾ ਹੁੰਦੀ ਰਹੀ। ਅੱਜ ਵੀ ਕੁਝ ਕੁ ਫ਼ਿਲਮ ਆਲੋਚਕ ਹਨ, ਜਿਹੜੇ ਸੰਤੁਲਿਤ ਤੇ ਸਹੀ ਫ਼ਿਲਮ ਸਮੀਖਿਆ ਕਰ ਰਹੇ ਹਨ। ਉਨ੍ਹਾਂ ਦੀਆਂ ਗੱਲਾਂ ਵੱਲ ਗੌਰ ਕਰਕੇ ਹੀ ਚੰਗੀ ਤੇ ਸਫ਼ਲ ਪੰਜਾਬੀ ਫ਼ਿਲਮ ਬਣਾਈ ਜਾ ਸਕਦੀ ਹੈ।

ਹੈਰਾਨੀ ਦੀ ਗੱਲ ਹੈ ਕਿ ਭਾਰਤੀ ਫ਼ਿਲਮ ਉਦਯੋਗ 'ਤੇ ਪੰਜਾਬੀ ਲੰਮਾ ਸਮਾਂ ਰਾਜ ਕਰਦੇ ਰਹੇ ਹਨ ਪਰ ਮਿਆਰੀ, ਮਨੋਰੰਜਕ ਤੇ ਅਰਥ ਭਰਪੂਰ ਪੰਜਾਬੀ ਫ਼ਿਲਮਾਂ ਬਨਾਉਣ ਵੱਲ ਕਿਸੇ ਧਿਆਨ ਨਹੀਂ ਦਿੱਤਾ। ਪੰਜਾਬੀ ਡੀਲ ਡੌਲ ਪੱਖੋਂ ਸੁਨੱਖੇ ਹਨ। ਉਨ੍ਹਾਂ ਕੋਲ ਅਦਾਕਾਰੀ ਦਾ ਹੁਨਰ ਹੈ। ਰੰਗਮੰਚ ਨਾਲ ਜੁੜੇ ਰਹੇ ਹਨ।

ਮਾਹਿਰ ਮੰਨਦੇ ਹਨ ਕਿ ਪੰਜਾਬੀ ਫ਼ਿਲਮਾਂ ਦਾ ਦਰਸ਼ਕ-ਵਰਗ ਸੀਮਤ ਹੈ। ਬਹੁਤੇ ਸੂਬਿਆਂ ਦੇ ਮੁਕਾਬਲੇ ਪੰਜਾਬ ਆਕਾਰ ਅਤੇ ਵਸੋਂ ਦੇ ਹਿਸਾਬ ਨਾਲ ਬਹੁਤ ਛੋਟਾ ਹੈ। ਨਤੀਜੇ ਵਜੋਂ ਪੰਜਾਬੀ ਫ਼ਿਲਮਾਂ ਨੂੰ ਵੱਡੀ ਪੱਧਰ 'ਤੇ ਉਹ ਮਾਨਤਾ ਨਹੀਂ ਮਿਲਦੀ, ਜਿਹੜੀ ਹੋਰਨਾਂ ਖੇਤਰੀ ਭਾਸ਼ਾਵਾਂ ਦੀਆਂ ਫ਼ਿਲਮਾਂ ਨੂੰ ਮਿਲਦੀ ਹੈ। ਪੰਜਾਬੀ ਫ਼ਿਲਮਾਂ ਦੀ ਤਿਆਰੀ ਅਤੇ ਪ੍ਰਮੋਸ਼ਨ ਲਈ ਸਰਕਾਰ ਜਾਂ ਗੈਰ-ਸਰਕਾਰੀ ਪੱਧਰ 'ਤੇ ਇਮਾਰਤੀ-ਢਾਂਚਾ ਉਸਾਰਨ ਲਈ ਕੋਈ ਵਿਸ਼ਾਲ ਸੰਜੀਦਾ ਯਤਨ ਨਹੀਂ ਹੋਏ। ਇਸ ਉਦਯੋਗ ਵਿਚ ਕਿਸੇ ਨੇ ਭਰੋਸੇ ਨਾਲ ਖੁੱਲ੍ਹ ਕੇ ਪੈਸਾ ਨਹੀਂ ਲਗਾਇਆ ਕਿਉਂਕਿ ਲੱਗਾ ਪੈਸਾ ਡੁੱਬਣ ਦਾ ਖ਼ਤਰਾ ਮੰਡਰਾਉਂਦਾ ਰਹਿੰਦਾ ਹੈ। ਨਤੀਜੇ ਵਜੋਂ ਜਦ ਕੋਈ ਪੰਜਾਬੀ ਫ਼ਿਲਮ ਬਣਨੀ ਸ਼ੁਰੂ ਹੁੰਦੀ ਹੈ, ਉਦੋਂ ਹੀ ਸ਼ੰਕਿਆਂ ਅਤੇ ਸੰਸਿਆਂ ਦੀ ਲੜੀ ਸ਼ੁਰੂ ਹੋ ਜਾਂਦੀ ਹੈ।

ਪੰਜਾਬੀ ਫ਼ਿਲਮ ਉਦਯੋਗ ਨਾਲ ਜੁੜਿਆ ਹਰੇਕ ਵਿਅਕਤੀ ਕਾਰਨ ਤਲਾਸ਼ ਰਿਹਾ ਹੈ ਕਿ ਆਖ਼ਰ ਦਰਸ਼ਕਾਂ ਨੇ ਪੰਜਾਬੀ ਫ਼ਿਲਮਾਂ ਤੋਂ ਕਿਉਂ ਮੂੰਹ ਮੋੜ ਲਿਆ ਹੈ। ਮੈਂ ਮਾਹਿਰਾਂ ਦੀ ਰਾਏ ਪੜ੍ਹਨ ਜਾਨਣ ਦੀ ਕੋਸ਼ਿਸ਼ ਕੀਤੀ। ਮੈਂ ਦਰਸ਼ਕ-ਮਨ ਅੰਦਰ ਝਾਕਣ ਦਾ ਉਪਰਾਲਾ ਵੀ ਕੀਤਾ। ਮੈਂ ਨੈਟ ਨੂੰ ਖੁੰਗਾਲਣ ਦਾ ਯਤਨ ਵੀ ਕਰਦਾ ਰਿਹਾ। ਸਭ ਕੁਝ ਨੂੰ ਰਿੜਕਣ ਉਪਰੰਤ ਕੁਝ ਸਾਂਝੇ ਕਾਰਨ ਮੱਖਣ ਵਾਂਗ ਤੈਰ ਕੇ ਉਪਰ ਆ ਗਏ।

ਹਰੇਕ ਫ਼ਿਲਮ ਵਿਚ ਉਹੀ ਕਹਾਣੀ, ਉਹੀ ਕਾਮੇਡੀ, ਉਹੀ ਅਦਾਕਾਰੀ। ਦਰਸ਼ਕਾਂ ਨੇ ਦੁਹਰਾਓ ਨੂੰ ਨਿਕਾਰ ਦਿੱਤਾ। ਫ਼ਿਲਮਕਾਰਾਂ ਨੂੰ ਫ਼ਿਲਮ ਦੀ ਕਹਾਣੀ, ਫ਼ਿਲਮ ਦੀ ਗੁਣਵਤਾ, ਫ਼ਿਲਮ ਦੇ ਮਿਆਰ 'ਤੇ ਕੰਮ ਕਰਨ ਦੀ ਲੋੜ ਹੈ। ਫ਼ਿਲਮ ਦੀ ਸ਼ੈਲੀ ਬਦਲਣ ਦੀ ਜ਼ਰੂਰਤ ਹੈ।

ਕੋਵਿਡ-19 ਨੇ ਸਭ ਠੱਪ ਕਰ ਦਿੱਤਾ। ਹੁਣ ਧੜਾਧੜ ਪੰਜਾਬੀ ਫ਼ਿਲਮਾਂ ਬਣ ਰਹੀਆਂ ਹਨ। ਨਿੱਤ ਨਵੀਂ ਫ਼ਿਲਮ ਦੀ ਘੋਸ਼ਣਾ ਹੋ ਰਹੀ ਹੈ। ਕਲੈਸ਼ ਵੱਧ ਗਿਆ ਹੈ। ਦੂਸਰੇ ਪਾਸੇ ਸਮਾਰਟ ਫੋਨ ਦੀ ਵਰਤੋਂ ਨਾਲ ਦਰਸ਼ਕ ਵੀ ਸਮਾਰਟ ਹੋ ਗਏ ਹਨ। ਚੰਗੇ ਮਾੜੇ ਦੀ ਪਹਿਚਾਣ ਕਰਨ ਲੱਗੇ ਹਨ। ਫ਼ਿਲਮ ਵੇਖਣਯੋਗ ਹੈ ਜਾਂ ਨਹੀਂ, ਇਸਦੀ ਪਰਖ ਪੜਚੋਲ ਕਰਕੇ ਹੀ ਜਾਂਦੇ ਹਨ। ਤਿੰਨ ਘੰਟੇ ਸਮਾਰਟ ਫੋਨ ਤੋਂ ਦੂਰ ਰਹਿਣਾ ਵੀ ਕਿਹੜਾ ਸੁਖਾਲਾ ਹੈ। ਜਿਹੜਾ ਫੋਨ ਤੋਂ ਤਿੰਨ ਘੰਟੇ ਲਗਾਤਾਰ ਦੂਰ ਰਹਿ ਸਕਦਾ ਹੈ, ਉਹੀ ਫ਼ਿਲਮ ਵੇਖਣ ਜਾਵੇਗਾ।

ਕਿਸੇ ਵੀ ਨਵੀਂ ਫ਼ਿਲਮ ਬਾਰੇ ਸੋਸ਼ਲ ਮੀਡੀਆ ਤੋਂ ਕਾਫ਼ੀ ਸਾਰੀ ਜਾਣਕਾਰੀ ਮਿਲ ਜਾਂਦੀ ਹੈ। ਸੰਖੇਪ ਟਿੱਪਣੀਆਂ ਹੁੰਦੀਆਂ ਹਨ। ਲੰਮੇ ਰੀਵਿਊ ਹੁੰਦੇ ਹਨ। ਭਾਵਪੂਰਤ ਰਾਏ ਹੁੰਦੀ ਹੈ। ਉਨ੍ਹਾਂ ਨੂੰ ਪੜ੍ਹ ਸਮਝ ਕੇ ਦਰਸ਼ਕ ਫ਼ਿਲਮ ਵੇਖਣ ਬਾਰੇ ਆਪਣੀ ਸਮਾਰਟ ਸਮਝ ਵਿਕਸਤ ਕਰਦੇ ਹਨ। ਫ਼ਿਲਮ ਵੇਖਣ ਜਾਣਾ ਹੈ ਜਾਂ ਨਹੀਂ, ਇਸ ਸਮਝ 'ਤੇ ਨਿਰਭਰ ਕਰਦਾ ਹੈ। ਭੇਡ ਚਾਲ ਬੰਦ ਹੋ ਗਈ ਹੈ।

ਕੋਵਿਡ-19 ਨੇ ਘਰ ਵਿਚ ਰਹਿੰਦੇ ਹੋਏ ਹੀ ਮਨੋਰੰਜਨ ਕਰਨ, ਫ਼ਿਲਮਾਂ ਵੇਖਣ ਦੀ ਲੋਕਾਂ ਨੂੰ ਆਦਤ ਪਾ ਦਿੱਤੀ ਹੈ। ਬਹੁਤੇ ਲੋਕ ਵਿਹਲੇ ਸਮੇਂ ਨੈਟਫਲਿਕਸ, ਯੂ-ਟਿਊਬ 'ਤੇ ਬਿਜ਼ੀ ਰਹਿੰਦੇ ਹਨ। ਡਿਜ਼ੀਟਲ ਮੰਚ ਬਿਹਤਰ ਬਦਲ ਬਣ ਗਏ ਹਨ। ਘਰ ਬੈਠ ਕੇ ਪਰਿਵਾਰ ਨਾਲ ਆਪਣੀ ਪਸੰਦ ਦੀ ਫ਼ਿਲਮ ਵੇਖਣਾ, ਉਨ੍ਹਾਂ ਨੂੰ ਅਰਾਮਦਾਇਕ ਲੱਗਦਾ ਹੈ, ਚੰਗਾ ਲੱਗਦਾ ਹੈ, ਵਧੇਰੇ ਖੁਸ਼ੀ ਦਿੰਦਾ ਹੈ। ਦਰਸ਼ਕ ਨੈਟਫਲਿਕਸ, ਓ.ਟੀ.ਟੀ. 'ਤੇ ਫ਼ਿਲਮ ਦੇ ਉਪਲਬਧ ਹੋਣ ਦੀ ਇੰਤਜ਼ਾਰ ਕਰਦੇ ਹਨ। ਡਿਜ਼ੀਟਲ ਮੰਚਾਂ 'ਤੇ ਫ਼ਿਲਮ ਉਪਲਬਧ ਹੋਣ ਕਾਰਨ ਸਿਨੇਮਾ ਹਾਲ ਦੀਆਂ ਟਿਕਟਾਂ ਹੋਰ ਮਹਿੰਗੀਆਂ ਹੋ ਗਈਆਂ ਹਨ। ਮਹਿੰਗੀ ਟਿਕਟ ਕਾਰਨ ਵੀ ਦਰਸ਼ਕ ਨੇ ਪੰਜਾਬੀ ਫ਼ਿਲਮ ਤੋਂ ਮੂੰਹ ਮੋੜ ਲਿਆ ਹੈ। ਆਮ ਦਰਸ਼ਕ, ਆਮ ਫ਼ਿਲਮ ਵੇਖਣ ਲਈ 400 ਰੁਪਏ ਖਰਚਣ ਤੋਂ ਗੁਰੇਜ਼ ਕਰਨ ਲੱਗਾ ਹੈ। ਜੇ ਘਰ ਦੇ ਤਿੰਨ-ਚਾਰ ਮੈਂਬਰ ਜਾ ਰਹੇ ਹਨ, ਤਾਂ ਇਹ ਇਕ ਰਕਮ ਬਣ ਜਾਂਦੀ ਹੈ। ਖਾਣ-ਪੀਣ ਦੇ ਖਰਚੇ ਵੱਖਰੇ।

ਹਿੰਦੀ ਫ਼ਿਲਮਾਂ ਨੂੰ ਵੀ ਦਰਸ਼ਕ ਨਹੀਂ ਮਿਲ ਰਹੇ। ਵੱਡੇ-ਵੱਡੇ ਫ਼ਿਲਮਕਾਰ, ਅਦਾਕਾਰ ਘਬਰਾਏ ਹੋਏ ਹਨ। ਸਮਰੱਥ ਤੇ ਵੱਡੇ ਸਟਾਰ ਕਲਾਕਾਰਾਂ ਦੀਆਂ ਫ਼ਿਲਮਾਂ ਵੇਖਣ ਲਈ ਵੀ ਲੋਕ ਘਰਾਂ ਵਿਚੋਂ ਨਹੀਂ ਨਿਕਲ ਰਹੇ। ਸ਼ੋਅ ਰੱਦ ਹੋ ਰਹੇ ਹਨ।

ਫ਼ਿਲਮ ਦੀ ਲਾਗਤ ਬਹੁਤ ਵੱਧ ਗਈ ਹੈ। ਕਲਾਕਾਰ ਵੱਡੀਆਂ ਰਕਮਾਂ ਲੈਂਦੇ ਹਨ। ਪ੍ਰਮੋਸ਼ਨ 'ਤੇ ਬਹੁਤ ਪੈਸਾ ਖਰਚ ਹੋ ਰਿਹਾ ਹੈ। ਜਦ ਫ਼ਿਲਮ ਦਰਮਿਆਨੀ ਕਮਾਈ ਵੀ ਕਰਦੀ ਹੈ, ਤਾਂ ਉਸਨੂੰ ਵੀ ਫੇਲ੍ਹ ਦੀ ਸ਼੍ਰੇਣੀ ਵਿਚ ਹੀ ਰੱਖਿਆ ਜਾਂਦਾ ਹੈ ਕਿਉਂਕਿ ਲਾਗਤ ਉਸਤੋਂ ਵਧੇਰੇ ਹੁੰਦੀ ਹੈ। ਫ਼ਿਲਮ ਬਨਾਉਣ ਦੇ, ਮੁਕੰਮਲ ਕਰਨ ਦੇ ਬੇਲੋੜੇ ਖਰਚੇ ਘਟਾਉਣੇ ਪੈਣਗੇ।

ਕੋਵਿਡ-19 ਕਾਰਨ ਲੀਹ ਤੋਂ ਲੱਥਾ ਪੰਜਾਬੀ ਫ਼ਿਲਮ ਉਦਯੋਗ ਮੁੜ ਪਟੜੀ 'ਤੇ ਨਹੀਂ ਚੜ੍ਹ ਸਕਿਆ। ਫ਼ਿਲਮਕਾਰਾਂ, ਅਦਾਕਾਰਾਂ, ਸਰਕਾਰਾਂ ਅਤੇ ਦਰਸ਼ਕਾਂ ਦੇ ਸਾਂਝੇ ਉੱਦਮ ਤੇ ਪ੍ਰਸਪਰ ਸਹਿਯੋਗ ਸਦਕਾ ਨੇੜ-ਭਵਿੱਖ ਵਿਚ ਪੰਜਾਬੀ ਸਿਨੇਮਾ ਦਾ ਮੂੰਹ-ਮੱਥਾ ਸੰਵਰ ਸਕਦਾ ਹੈ।

# ਆਉ ਬਣਾਈਏ ਚੁਕੰਦਰ ਐਨਰਜੀ ਡਰਿੰਕ

-ਡਾ ਅਮਰੀਕ ਸਿੰਘ ਕੰਡਾ
1764, ਗੁਰੂ ਰਾਮ ਦਾਸ ਨਗਰ
ਨੇੜੇ ਨੈਸ਼ਲੇ ਮੋਗਾ
98557-35666
(Punjab Mail USA)





ਚੁਕੰਦਰ 'ਚ ਕਾਰਬੋਹਾਈਡਰੇਟ ਦੀ ਉੱਚ ਮਾਤਰਾ ਪਾਈ ਜਾਂਦੀ ਹੈ, ਜਿਸਦਾ ਸੇਵਨ ਕਰਨ ਨਾਲ ਸਰੀਰ 'ਚ ਤਰੁੰਤ ਐਨਰਜੀ ਆ ਜਾਂਦੀ ਹੈ। ਤੁਸੀਂ ਕੰਮ ਕਰਨ ਦੇ ਦੌਰਾਨ ਜਲਦੀ ਥੱਕ ਜਾਂਦੇ ਹੋ, ਤਾਂ ਤੁਹਾਡੇ ਲਈ ਹੋਮਮੇਡ ਐਨਰਜੀ ਡਰਿੰਕ ਫਾਇਦੇਮੰਦ ਹੈ। ਚੁਕੰਦਰ ਦਾ ਜੂਸ ਇੱਕ ਬੈਸਟ ਐਨਰਜੀ ਡਰਿੰਕ ਦਾ ਕੰਮ ਕਰਦਾ ਹੈ। ਇਸਦਾ ਸੇਵਨ ਜਿੰਮ ਜਾਣ ਲੱਗਿਆਂ ਵੀ ਕੀਤਾ ਜਾ ਸਕਦਾ ਹੈ। ਤੁਸੀਂ ਆਪਣੇ 'ਚ ਜ਼ਿਆਦਾ ਊਰਜਾ ਮਹਿਸੂਸ ਕਰੋਗੇ।

**ਵਿਧੀ:** ਇੱਕ ਕਟਿਆ ਹੋਇਆ ਚੁਕੰਦਰ, ਇਕ ਚਮਚਾ ਨਿੰਬੂ ਦਾ ਰਸ, ਇਕ ਚੁਟਕੀ ਕਾਲਾ ਨਮਕ ਦੀ ਜ਼ਰੂਰਤ ਹੈ। ਚੁਕੰਦਰ ਦਾ ਰਸ ਕੱਢਕੇ ਵਿਚ ਨਿੰਬੂ ਦਾ ਰਸ ਤੇ ਨਮਕ ਚੰਗੀ ਤਰ੍ਹਾਂ ਮਿਲਾ ਲਉ। ਇਸ ਵਿਚ ਤੁਸੀਂ ਗਾਜਰ, ਪੁਦੀਨਾ, ਧਨੀਆ ਵੀ ਪਾ ਸਕਦੇ ਹੋ। ਸਵੇਰੇ ਸ਼ਾਮ ਪੀ ਸਕਦੇ ਹੋ।

**ਨੋਟ** : ਗਰਮੀਆਂ 'ਚ ਦੁਪਿਹਰ ਵੇਲੇ ਇੱਕ ਚਮਚ ਸ਼ਹਿਦ ਪਾਣੀ 'ਚ ਪਾ ਕੇ ਪੀਉ, ਲੰਬੀ ਉਮਰ ਭੋਗੋਗੇ।

ਨੋਟ: ਇੱਥੇ ਹਰ ਬਿਮਾਰੀ ਦਾ ਇਲਾਜ ਅਰਕਾਂ ਨਾਲ ਕੀਤਾ ਜਾਂਦਾ ਹੈ। ਜਿਹੜੀ ਬਿਮਾਰੀ ਠੀਕ ਨਾ ਹੁੰਦੀ ਹੋਵੇ, ਉਹ ਸੰਪਰਕ ਕਰਨ, ਪ੍ਰਮਾਤਮਾ ਦੀ ਕਿਰਪਾ ਹੈ। ਕਰ ਭਲਾ ਹੋ ਭਲਾ, ਅੰਤ ਭਲੇ ਦਾ ਭਲਾ।

# ਮਨੁੱਖੀ ਹੱਕਾਂ ਦੀ ਉਲੰਘਣਾ ਬੰਧੂਆ ਮਜ਼ਦੂਰੀ


ਗੁਰਮੀਤ ਪਲਾਹੀ
# ਮੋਬਾਈਲ : 98158-02070
E-mail : gurmitpalahi@yahoo.com
(Punjab Mail USA)




ਸੰਯੁਕਤ ਰਾਸ਼ਟਰ ਦੇ ਇੰਟਰਨੈਸ਼ਨਲ ਲੇਬਰ ਕਮਿਸ਼ਨ (ਅੰਤਰਰਾਸ਼ਟਰੀ ਮਜ਼ਦੂਰ ਸੰਗਠਨ) ਅਤੇ ਯੂਰਪੀ ਸੰਗਠਨ ਦੀ ਇੱਕ ਤਾਜ਼ਾ ਰਿਪੋਰਟ ਦੱਸਦੀ ਹੈ ਕਿ ਸੱਤ ਸਾਲ ਪਹਿਲਾਂ ਤੱਕ ਦੁਨੀਆਂ ਭਰ ਵਿਚ 2.80 ਕਰੋੜ ਲੋਕ ਜਬਰੀ ਮਜ਼ਦੂਰੀ ਵਾਲੀਆਂ ਹਾਲਤਾਂ 'ਚ ਕੰਮ ਕਰਦੇ ਸਨ। ਹੁਣ ਇਹ ਗਿਣਤੀ ਦਸ ਗੁਣਾ (28 ਕਰੋੜ ਤੋਂ ਵੱਧ) ਹੋ ਚੁੱਕੀ ਹੈ। ਕੀ ਇਹ ਮਨੁੱਖੀ ਹੱਕਾਂ ਦੀ ਉਲੰਘਣਾ ਨਹੀਂ ਹੈ ?

ਇਸ ਜਬਰੀ ਮਜ਼ਦੂਰੀ ਤੋਂ ਬਿਨ੍ਹਾਂ ਇੱਕ ਆਧੁਨਿਕ ਗੁਲਾਮੀ ਦਾ ਵੀ ਲੋਕ ਸ਼ਿਕਾਰ ਹਨ। ਇਨ੍ਹਾਂ ਦੀ ਗਿਣਤੀ 4.03 ਕਰੋੜ ਆਂਕੀ ਗਈ ਹੈ, ਜਿਨ੍ਹਾਂ 2.49 ਕਰੋੜ ਲੋਕਾਂ ਤੋਂ ਮਜਬੂਰਨ ਮਜ਼ਦੂਰੀ ਕਰਾਈ ਜਾ ਰਹੀ ਹੈ। ਦੇਸ਼ ਭਾਰਤ ਵਿਚ ਇਹੋ ਜਿਹੇ ਹਜ਼ਾਰਾਂ ਬੰਧੂਆ ਮਜ਼ਦੂਰ ਹਨ, ਜੋ ਘਰੇਲੂ ਕੰਮ, ਜਿਨ੍ਹਾਂ 'ਚ ਕੱਪੜੇ ਧੋਣਾ, ਖਾਣਾ ਬਣਾਉਣਾ, ਬੱਚਿਆਂ ਦੀ ਦੇਖਭਾਲ ਕਰਨਾ, ਬਾਗਬਾਨੀ ਆਦਿ ਦੇ ਕੰਮ ਕਰਦੇ ਹਨ। ਇਨ੍ਹਾਂ ਨੂੰ ਮਾਮੂਲੀ ਜਿਹੇ ਪੈਸੇ ਦਿੱਤੇ ਜਾਂਦੇ ਹਨ, ਉਹ ਵੀ ਸਮੇਂ 'ਤੇ ਨਹੀਂ। ਬਹੁਤ ਸਾਰੇ ਮਜ਼ਦੂਰਾਂ ਨੂੰ ਤਾਂ ਮਜ਼ਦੂਰੀ ਬਦਲੇ ਸਿਰਫ਼ ਖਾਣਾ, ਕੱਪੜਾ ਅਤੇ ਰਹਿਣ ਲਈ ਛੋਟੀ-ਮੋਟੀ ਰਿਹਾਇਸ਼ ਦਿੱਤੀ ਜਾਂਦੀ ਹੈ।

ਇੱਕ ਮੋਟਾ ਜਿਹਾ ਅੰਦਾਜ਼ਾ ਹੈ ਕਿ ਦੁਨੀਆਂ ਭਰ 'ਚ 6.8 ਕਰੋੜ ਔਰਤਾਂ ਅਤੇ ਮਰਦ ਘਰੇਲੂ ਨੌਕਰ ਦੇ ਤੌਰ 'ਤੇ ਕੰਮ ਕਰਦੇ ਹਨ। ਇਨ੍ਹਾਂ ਵਿਚੋਂ ਪਿੰਡਾਂ ਵਿਚ 80 ਫ਼ੀਸਦੀ ਔਰਤਾਂ ਅਤੇ ਲੜਕੀਆਂ ਹਨ। ਇਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਮਜ਼ਦੂਰ ਨਹੀਂ, ਸਗੋਂ ਮਦਦ ਕਰਨ ਵਾਲੇ ਕਾਮੇ ਸਮਝਿਆ ਜਾਂਦਾ ਹੈ। ਇਨ੍ਹਾਂ ਨੂੰ ਕੋਈ ਤਨਖ਼ਾਹ ਨਹੀਂ ਮਿਲਦੀ, ਛੁੱਟੀਆਂ ਦੀ ਤਾਂ ਗੱਲ ਹੀ ਛੱਡ ਦਿਉ। ਸਿਹਤ ਸਹੂਲਤਾਂ ਤਾਂ ਦੂਰ ਦੀ ਗੱਲ ਹੈ, ਸਮਾਜਿਕ ਸੁਰੱਖਿਆ ਤਾਂ ਇਨ੍ਹਾਂ 'ਚ ਮਿਲਣੀ ਹੀ ਕੀ ਹੈ। ਅਸਲ ਵਿਚ ਤਾਂ ਇਹ ਆਧੁਨਿਕ ਯੁੱਗ 'ਚ ਇਹੋ ਜਿਹੇ ਕਾਮੇ ਹਨ, ਜਿਨ੍ਹਾਂ ਦੀ ਆਵਾਜ਼ ਕੋਈ ਸੁਣਦਾ ਹੀ ਨਹੀਂ। ਇਹ ਲੋਕ ਖੇਤੀ ਖੇਤਰ 'ਚ ਕੰਮ ਵੀ ਕਰਦੇ ਹਨ, ਪੈਕਿੰਗ, ਇੱਟਾਂ ਦੇ ਭੱਠਿਆਂ 'ਤੇ, ਨਿਰਮਾਣ ਕੰਮਾਂ 'ਚ ਵੀ ਲੱਗੇ ਹਨ ਅਤੇ ਇਥੋਂ ਤੱਕ ਕਿ ਸਰੀਰ ਵੇਚਣ ਦੇ ਕਿੱਤੇ 'ਚ ਲੱਗੀਆਂ ਔਰਤਾਂ ਵੀ ਇਸੇ ਸ਼੍ਰੇਣੀ 'ਚ ਆਉਂਦੀਆਂ ਹਨ।

ਪ੍ਰਵਾਸ ਹੰਢਾਉਣ ਵਾਲੇ ਲੋਕ, ਗਰੀਬ ਦਲਿਤ, ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਬਗਾਰ ਜਾਂ ਗੁਲਾਮੀ ਦੇ ਜੀਵਨ ਵੱਲ ਧੱਕਣ ਦਾ ਯਤਨ ਹੁੰਦਾ ਹੈ। ਇੱਕਵੀਂ ਸਦੀ, ਜਿਸਨੂੰ ਆਧੁਨਿਕ ਸਦੀ ਕਿਹਾ ਜਾ ਰਿਹਾ ਹੈ, ਵਿਚ ਵੀ ਗੁਲਾਮੀ ਦਾ ਜੀਵਨ ਖ਼ਤਮ ਨਹੀਂ ਹੋਇਆ, ਸਿਰਫ਼ ਇਸ ਦਾ ਸਰੂਪ ਬਦਲਿਆ ਹੈ। ਬਗਾਰ ਭਾਵ ਮੁੱਲ ਚੁੱਕਤਾ ਕਰਨ ਬਿਨ੍ਹਾਂ ਮਜ਼ਦੂਰੀ ਕਰਾਉਣਾ। ਲੱਖ ਯਤਨ ਰਾਸ਼ਟਰ ਸੰਘ (ਯੂ.ਐੱਨ.ਓ.) ਵਲੋਂ ਕੀਤੇ ਜਾ ਰਹੇ ਹਨ, ਪਰ ਨਾ ਮਾਨਵ ਤਸਕਰੀ ਬੰਦ ਹੋਈ ਹੈ, ਨਾ ਬਗਾਰ, ਨਾ ਬਾਲ ਮਜ਼ਦੂਰੀ। ਮੌਜੂਦਾ ਸਾਮਰਾਜਵਾਦੀ ਯੁੱਗ 'ਚ ਸਾਮੰਤੀ, ਅਫ਼ਸਰਸ਼ਾਹੀ ਕਮਜ਼ੋਰ ਵਰਗ ਦੇ ਲੋਕਾਂ ਤੋਂ ਬਗਾਰ ਕਰਵਾ ਰਹੀ ਹੈ। ਉਸ ਕੋਲ ਸ਼ਕਤੀਆਂ ਦੀ ਭਰਮਾਰ ਹੈ। ਅੱਜ ਦੁਨੀਆਂ ਦੇ ਹਰੇਕ ਇਕ ਹਜ਼ਾਰ ਲੋਕਾਂ ਪਿੱਛੇ ਘੱਟੋ-ਘੱਟ ਤਿੰਨ ਵਿਅਕਤੀ ਬਗਾਰ ਕਰਨ ਲਈ ਮਜਬੂਰ ਹਨ।



ਦੁਨੀਆਂ ਵਿਚ ਇਹੋ ਜਿਹੀ ਗੁਲਾਮੀ, ਇਹੋ ਜਿਹੀ ਬਗਾਰ ਕਰਨ ਵਾਲੇ ਲੋਕਾਂ ਵਿਚ 50 ਫ਼ੀਸਦੀ ਤੋਂ ਵੱਧ ਏਸ਼ੀਆ ਮਹਾਂਸਾਗਰ ਖੇਤਰ ਵਿਚ ਹਨ। ਜਦੋਂ ਤੋਂ ਯੂਰਪੀਅਨ ਕਮਿਸ਼ਨ ਦੀ ਰਿਪੋਰਟ ਛਪੀ ਹੈ, ਦੁਨੀਆਂ 'ਚ ਹਾਹਾਕਾਰ ਮੱਚ ਗਈ ਹੈ। ਅਮਰੀਕਾ ਵਿਚ ਇਸ ਸਬੰਧੀ ਇੱਕ ਕਾਨੂੰਨ ਬਣਾ ਦਿੱਤਾ ਗਿਆ ਹੈ। ਸਯੁੰਕਤ ਰਾਸ਼ਟਰ ਦਾ ਅੰਤਰਰਾਸ਼ਟਰੀ ਲੇਬਰ ਕਮਿਸ਼ਨ ਇਸ ਸਬੰਧੀ ਹੋਰ ਵੀ ਚੌਕਸ ਹੋ ਗਿਆ ਹੈ।

ਭਾਰਤੀ ਸੰਵਿਧਾਨ ਦੀ ਧਾਰਾ-23 ਸਪੱਸ਼ਟ ਰੂਪ ਵਿਚ ਜਬਰੀ ਮਜ਼ਦੂਰੀ, ਭਾਵ ਬੰਧੂਆ ਮਜ਼ਦੂਰੀ, ਮਨੁੱਖੀ ਤਸਕਰੀ (ਵੇਚ ਵੱਟਤ) ਆਦਿ ਦਾ ਸਖ਼ਤ ਵਿਰੋਧ ਕਰਦੀ ਹੈ। ਬਾਲ ਮਜ਼ਦੂਰੀ ਸਬੰਧੀ 2016 'ਚ ਇਕ ਸੋਧ ਬਿੱਲ ਵੀ ਪਾਰਲੀਮੈਂਟ 'ਚ ਪਾਸ ਕੀਤਾ ਗਿਆ, ਜਿਸ ਵਿਚ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਕੰਮ ਲੈਣਾ ਕਾਨੂੰਨੀ ਅਪਰਾਧ ਹੈ, ਪਰ ਹੈਰਾਨੀ ਵਾਲੀ ਗੱਲ ਹੈ ਕਿ ਖੇਤੀ ਖੇਤਰ ਦੇ ਨਾਲ ਘਰੇਲੂ ਕਾਰੋਬਾਰ ਅਤੇ ਅਸੰਗਠਿਤ ਖੇਤਰ 'ਤੇ ਇਹ ਕਾਨੂੰਨ ਲਾਗੂ ਨਹੀਂ ਹੈ। ਕਾਨੂੰਨ ਅਨੁਸਾਰ 14 ਸਾਲ ਦੀ ਉਮਰ ਦੇ ਬੱਚੇ ਤੋਂ ਕਿਸੇ ਕਾਰਖਾਨੇ ਜਾਂ ਖਾਣਾਂ ਆਦਿ 'ਚ ਕੰਮ ਕਰਾਉਣਾ ਜ਼ੁਰਮ ਹੈ, ਭਾਵ ਉਨ੍ਹਾਂ ਨੂੰ ਉਥੇ ਰੁਜ਼ਗਾਰ 'ਤੇ ਨਹੀਂ ਲਾਇਆ ਜਾ ਸਕਦਾ, ਪਰ ਚਾਹ ਦੀਆਂ ਦੁਕਾਨਾਂ, ਢਾਬੇ, ਇੱਟਾਂ ਦੇ ਭੱਠੇ ਬਾਲ ਮਜ਼ਦੂਰਾਂ ਨਾਲ ਭਰੇ ਪਏ ਹਨ ਅਤੇ ਬਗਾਰ ਆਦਿ ਵੀ ਇਨ੍ਹਾਂ ਥਾਵਾਂ 'ਤੇ ਆਮ ਵੇਖਣ ਨੂੰ ਮਿਲਦੀ ਹੈ।

ਜਿਵੇਂ ਅਮਰੀਕਾ 'ਚ ਗੁਲਾਮਾਂ ਦੀ ਗਿਣਤੀ ਵੱਡੀ ਰਹੀ, ਕਾਲੇ ਲੋਕਾਂ ਨੂੰ ਗੁਲਾਮ ਬਣਾਕੇ, ਉਨ੍ਹਾਂ ਦੀ ਵਿਕਰੀ ਤੱਕ ਕੀਤੀ ਜਾਂਦੀ ਰਹੀ। ਦੁਨੀਆਂ ਦੇ ਹੋਰ ਖਿੱਤਿਆਂ 'ਚ ਵੀ ਇਹ ਵਰਤਾਰਾ ਲਗਾਤਾਰ ਵੇਖਣ ਨੂੰ ਮਿਲਦਾ ਰਿਹਾ। ਰਾਜਿਆਂ, ਮਹਾਰਾਜਿਆਂ ਦੇ ਮੁਹੱਲਾਂ 'ਚ ਕੰਮ ਕਰਦੇ ਲੋਕਾਂ, ਜਗੀਰਦਾਰਾਂ ਦੇ ਪਰਜਾ ਬਣਕੇ ਰਹਿੰਦੇ ਲੋਕਾਂ ਦੇ ਹੱਕ ਕਿਥੇ ਸਨ ? ਉਨ੍ਹਾਂ ਦਾ ਜੀਵਨ ਤਾਂ ਅੰਧਕਾਰ ਨਾਲ ਭਰਿਆ ਦਿਸਦਾ ਸੀ।

ਦੇਸ਼ ਭਾਰਤ 'ਚ ਖੇਤੀ ਖੇਤਰ 'ਚ ਕੰਮ ਕਰਦੇ ਸੀਰੀ, ਖੇਤ ਮਜ਼ਦੂਰ ਵੱਡਿਆਂ ਜ਼ਿਮੀਂਦਾਰਾਂ ਤੋਂ ਕਰਜ਼ਾ ਲੈ ਕੇ ਖੇਤੀ ਕਰਦੇ ਅਤੇ ਢਿੱਡ ਨੂੰ ਝੁਲਕਾ ਦੇਣ ਵਾਲੇ ਲੋਕਾਂ ਦਾ ਜੀਵਨ ਤਸੱਵਰ ਕਰਨਾ ਔਖਾ ਨਹੀਂ, ਭੈੜੀਆਂ ਹਾਲਤਾਂ 'ਚ ਕੰਮ ਕਰਨ ਵਾਲੇ, ਇਨ੍ਹਾਂ ਲੋਕਾਂ ਬਾਰੇ ਉਨ੍ਹਾਂ ਦੇ ਜੀਵਨ ਬਾਰੇ, ਉਨ੍ਹਾਂ ਦੀ ਔਲਾਦ ਬਾਰੇ ਕ੍ਰਾਂਤੀਕਾਰੀ ਕਵੀ ਸੰਤ ਰਾਮ ਉਦਾਸੀ ਦੇ ਬੋਲ ਕੌਣ ਭੁੱਲ ਸਕਦਾ ਹੈ:-

"ਜਿਥੇ ਬੰਦਾ ਜੰਮਦਾ ਸੀਰੀ ਹੈ, ਟਕਿਆਂ ਦੀ ਮੀਰੀ ਪੀਰੀ ਹੈ, ਜਿਥੇ ਕਰਜ਼ੇ ਹੇਠ ਪੰਜੀਰੀ ਹੈ, ਬਾਪੂ ਦੇ ਕਰਜ਼ ਦਾ ਸੂਦ ਨੇ ਪੁੱਤ ਜੰਮਦੇ ਜਿਹੜੇ।"

ਅੱਜ ਜਦੋਂ ਸਾਮਰਾਜੀ ਸਮਾਜ ਵਿਚ ਗਰੀਬ-ਅਮੀਰ ਦਾ ਪਾੜ ਵੱਧ ਰਿਹਾ ਹੈ, ਵੱਡੇ ਅਮੀਰਾਂ ਦੀ ਜਾਇਦਾਦ ਲਗਾਤਾਰ ਵੱਧ ਰਹੀ ਹੈ, ਸਮਾਜ ਵਿਚ ਵਿਸ਼ਵ ਪੱਧਰ 'ਤੇ ਹੀ ਗਰੀਬ ਅਤੇ ਜਾਇਦਾਦ ਵਿਹੂਣੇ ਲੋਕਾਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ, ਉਸ ਹਾਲਤ ਵਿਚ ਗਰੀਬਾਂ ਦਾ ਜੀਵਨ ਜੀਊਣਾ ਦੁੱਬਰ ਹੁੰਦਾ ਜਾ ਰਿਹਾ ਹੈ। ਜਦੋਂ ਸਿਰਫ਼ ਰੋਟੀ ਦਾ ਹੀ ਆਹਰ ਬੰਦੇ ਦੇ ਗਲ ਪਾ ਦਿੱਤਾ ਗਿਆ ਹੋਵੇ, ਉਸ ਨੇ ਆਪਣੇ ਹੱਕਾਂ ਬਾਰੇ ਕਿਵੇਂ ਸੋਚਣਾ ਹੈ। ਉਸਨੂੰ ਤਾਂ ਢਿੱਡ ਝੁਲਕਾ ਦੇਣ ਲਈ ਮਾੜੇ-ਮੋਟੇ, ਮਾੜੇ-ਪਤਲੇ, ਹਰ ਕਿਸਮ ਦੇ ਕੰਮ ਬਗਾਰ ਦੇ ਰੂਪ 'ਚ ਕਰਨੇ ਹੀ ਪੈਂਦੇ ਹਨ। ਇਹ ਆਧੁਨਿਕ ਬਗਾਰ-ਵਰਤਾਰਾ ਸਲੱਮ ਏਰੀਆ ਦੀਆਂ ਝੌਂਪੜੀਆਂ ਤੋਂ ਲੈ ਕੇ ਵੱਡੀਆਂ ਗੁੰਬਦਾਂ ਵਾਲੀਆਂ ਕੋਠੀਆਂ ਦੇ ਪੈਰਾਂ 'ਚ ਰਹਿੰਦੇ ਇਨਸਾਨ ਰੂਪੀ ਮਜ਼ਦੂਰਾਂ ਦੇ ਗਲ ਪਿਆ ਹੋਇਆ ਹੈ। ਇਥੇ ਤਾਂ ਇੱਛਾਵਾਂ, ਆਸ਼ਾਵਾਂ ਦਾ ਕਤਲ ਹੁੰਦਾ ਹੈ। ਇਥੇ ਤਾਂ ਬੰਦਾ ਉੱਚੀ ਚੀਕ ਮਾਰਨ ਦੇ ਯੋਗ ਵੀ ਨਹੀਂ ਰਹਿੰਦਾ। ਮਨ 'ਚੋਂ ਉਭਾਲ ਕਢਣਾ, ਉਦਾਸੀ, ਖੁਸ਼ੀ ਪ੍ਰਗਟ ਕਰਨਾ ਕਿਥੇ ਰਹਿ ਜਾਂਦਾ ਹੈ ਉਸਦੇ ਪੱਲੇ ? ਉਹ ਤਾਂ ਇੱਕ ਲਾਸ਼ ਬਣਿਆ ਦਿਸਦਾ ਹੈ। ਇਹੋ ਜਿਹੀਆਂ ਹਾਲਤਾਂ 'ਚ ਕਿਥੇ ਰਹਿ ਜਾਂਦੇ ਹਨ ਮਨੁੱਖੀ ਹੱਕ ?

ਯੂ.ਐੱਨ. ਅਨੁਸਾਰ ਮਨੁੱਖ ਦੇ 30 ਹੱਕ ਹਨ ਇਸ ਸ੍ਰਿਸ਼ਟੀ 'ਤੇ। ਜ਼ਿੰਦਗੀ ਜੀਊਣ ਦਾ ਹੱਕ, ਸਿੱਖਿਆ ਦਾ ਹੱਕ ਅਤੇ ਜ਼ਿੰਦਗੀ 'ਚ ਚੰਗਾ ਵਰਤਾਰਾ ਪ੍ਰਾਪਤ ਕਰਨ ਦਾ ਹੱਕ ਅਤੇ ਇਸ ਤੋਂ ਵੀ ਵੱਡਾ ਹੱਕ ਹੈ ਗੁਲਾਮੀ ਅਤੇ ਤਸੀਹੇ ਰਹਿਤ ਜ਼ਿੰਦਗੀ ਜੀਊਣ ਦਾ ਹੱਕ।

ਪਰ ਬਗਾਰ ਤਾਂ ਤਸੀਹੇ ਭਰੀ ਵੀ ਹੈ ਅਤੇ ਜ਼ਿੰਦਗੀ ਜੀਊਣ ਦੇ ਹੱਕ ਉਤੇ ਵੀ ਵੱਡਾ ਡਾਕਾ ਹੈ। ਬਗਾਰ ਭਰੀ ਜ਼ਿੰਦਗੀ, ਸੁਖਾਵੀਂ ਕਿਵੇਂ ਹੋ ਸਕਦੀ ਹੈ ? ਸ਼ਾਹੂਕਾਰ ਦਾ ਕਰਜ਼ਾ ਸਿਰ 'ਤੇ ਹੋਵੇ, ਜਾਂ ਬੈਂਕ ਦਾ, ਮਾਨਸਿਕ ਗੁਲਾਮੀ ਨੂੰ ਸੱਦਾ ਤਾਂ ਦਿੰਦਾ ਹੀ ਹੈ। ਮਨੁੱਖ ਦੀ ਜ਼ਿੰਦਗੀ, ਆਜ਼ਾਦੀ ਅਤੇ ਖੁਸ਼ੀ ਉਤੇ ਪ੍ਰਭਾਵ ਤਾਂ ਪੈਂਦਾ ਹੀ ਹੈ।

ਅੱਜ ਜਦਕਿ ਵਿਸ਼ਵ ਇੱਕ ਪਿੰਡ ਵਜੋਂ ਵਿਚਰ ਰਿਹਾ ਹੈ, ਇਸ ਵਿਚ ਮਨੁੱਖੀ ਹੱਕਾਂ ਦੇ ਢੋਲ ਬਜਾਏ ਜਾ ਰਹੇ ਹਨ। ਇਕੱਠੇ ਹੋਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਆਧੁਨਿਕ ਯੁੱਗ 'ਚ ਧਰਮ, ਜਾਤ, ਦੇਸ਼ ਦੇ ਪਾੜੇ ਨੂੰ ਮਿਟਾਉਣ ਲਈ ਯਤਨ ਕੀਤੇ ਜਾਣ ਦੀ ਗੱਲ ਕੀਤੀ ਜਾ ਰਹੀ ਹੈ। ਸਭ ਲਈ ਬਰੋਬਰ ਕਾਨੂੰਨ, ਸਭ ਲਈ ਚੰਗੀ ਸਿਹਤ, ਸਿੱਖਿਆ ਦਾ ਢਿੰਡੋਰਾ ਪਿੱਟਿਆ ਜਾ ਰਿਹਾ ਹੈ, ਤਾਂ ਫਿਰ ਸਵਾਲ ਉੱਠਦਾ ਹੈ ਕਿ ਆਖ਼ਿਰ ਇਸ ਯੁੱਗ ਵਿਚ ਗੁਲਾਮੀ, ਬਗਾਰ, ਪਾੜਾ, ਤਸੀਹੇ ਕਿਉਂ ਵਧ ਰਹੇ ਹਨ ?

ਸਾਮੰਤੀ ਸੋਚ ਵਾਲੇ ਲੋਕਾਂ ਵਲੋਂ ਆਪਣੇ ਨਿੱਜੀ ਹਿੱਤਾਂ ਅਤੇ ਸੁੱਖ ਸਹੂਲਤਾਂ ਲਈ ਬਗਾਰ ਤੇ ਗੁਲਾਮੀ ਦੀ ਜ਼ਿੰਦਗੀ ਮੁੜ ਲਿਆਉਣ ਦਾ ਯਤਨ, ਕਾਨੂੰਨ ਲਾਗੂ ਕਰਨ ਦੇ ਨਾਅ 'ਤੇ ਪੁਲਿਸ ਮੁਕਾਬਲੇ, ਮਜ਼ਹਬ, ਧਰਮ ਦੇ ਨਾਂਅ ਉਤੇ ਮਾਰ-ਵੱਢ, ਜਾਤ, ਲਿੰਗ ਦੇ ਨਾਅ ਉਤੇ ਮਨੁੱਖੀ ਤਸ਼ੱਦਦ ਦਾ ਵਧਣਾ, ਵਧਾਉਣਾ ਕੀ ਆਧੁਨਿਕ ਯੁੱਗ 'ਚ ਜੰਗਲੀ ਵਰਤਾਰੇ ਦੀ ਮੁੜ ਦਸਤਕ ਨਹੀਂ ਹੈ ?

ਮਨੁੱਖ ਉਸ ਨਿਆਂਪੂਰਨ ਸਮਾਜ ਦੀ ਸਥਾਪਨਾ ਚਾਹੁੰਦਾ ਹੈ, ਜਿਥੇ ਹਰ ਇੱਕ ਲਈ ਬਰਾਬਰ ਦੇ ਮੌਕੇ ਹੋਣ, ਜਿਥੇ ਬੁਨਿਆਦੀ ਹੱਕ ਹੋਣ, ਜਿਥੇ ਆਜ਼ਾਦੀ ਹੋਵੇ। ਬਗਾਰੀ ਅਤੇ ਮਨੁੱਖੀ ਹੱਕਾਂ ਦਾ ਘਾਣ ਮਾਨਵਤਾ ਵਿਰੁੱਧ ਇੱਕ ਅਪਰਾਧ ਹੈ।

ਚੇਤੰਨ ਬੁੱਧੀ ਵਾਲੇ ਲੋਕ ਹਿੱਕ ਕੱਢਕੇ ਇਸ ਪ੍ਰਵਿਰਤੀ ਅਤੇ ਵਰਤਾਰੇ ਵਿਰੁੱਧ ਲੜਦੇ ਰਹੇ ਹਨ ਅਤੇ ਹੁਣ ਵੀ ਸੰਘਰਸ਼ਸ਼ੀਲ ਹਨ।


ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

Dr. Bindra Clinic

Dental Care & Hair Transplant
COSMETIC - IMPLANT - RESTORATIVE

ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in

Dr. Simranpal Singh Bindra
M.D.S, Endodontist

Dr. Samarpan Kaur
B.D.S, M.H.M



Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil



Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com



Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.

ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਇਤਿਹਾਸਕ ਗੁਰਦੁਆਰਾ ਸ੍ਰੀ ਗੋਬਿੰਦਗੜ੍ਹ ਸਾਹਿਬ, ਪਿੰਡ ਰਾਣਵਾਂ, ਸ੍ਰੀ ਫਤਹਿਗੜ੍ਹ ਸਾਹਿਬ

## ਸਾਲਾਨਾ ਜੋੜ ਮੇਲੇ 'ਤੇ ਵਿਸ਼ੇਸ਼

ਤਸਵਿੰਦਰ ਸਿੰਘ ਬੜੈਚ
ਪਿੰਡ ਦੀਵਾਲਾ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ।
ਮੋਬ : 75279-31887
(Punjab Mail USA)



ਗੁਰਦੁਆਰਾ ਸ੍ਰੀ ਗੋਬਿੰਦਗੜ੍ਹ ਸਾਹਿਬ ਰਾਣਵਾਂ ਉਹ ਪਾਵਨ ਅਸਥਾਨ ਹੈ, ਜਿਸ ਨੂੰ ਗੁਰੂ ਹਰਿਗੋਬਿੰਦ ਸਾਹਿਬ ਤੇ ਦਸਮੇਸ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ 1634 ਈਸਵੀ ਵਿਚ ਮਹਿਰਾਜ ਦੀ ਜੰਗ ਜਿੱਤਣ ਤੋਂ ਬਾਅਦ ਮਾਲਵੇ ਦੀ ਯਾਤਰਾ ਕਰਨ ਸਮੇਂ ਪਿੰਡ ਕਾਂਗੜ, ਛਪਾਰ, ਤਖਤੂਪੁਰਾ, ਹਠੂਰ, ਪੱਖੋਂ, ਗੁਜਰਵਾਲ, ਰਾੜਾ, ਧੁਡਾਣੀ, ਧਮੋਟ, ਜੰਡਾਲੀ, ਅਲੂਣਾ, ਈਸੜੂ, ਇਕੋਲਾਹਾ, ਲੋਪੋਂ ਹੁੰਦੇ ਹੋਏ ਸੰਘੋਲ ਅਤੇ ਖਮਾਣੋਂ ਦੇ ਵਿਚਕਾਰ ਇਸ ਜਗ੍ਹਾ ਦੇ ਉੱਤੇ ਗੁਰੂ ਸਾਹਿਬ ਜੀ ਨੇ ਆਪਣੀਆਂ ਫੌਜਾਂ ਸਮੇਤ ਵਿਸ਼ਰਾਮ ਕੀਤਾ ਅਤੇ ਇਸ ਜਗ੍ਹਾ ਨੂੰ ਭਾਗ ਲਾਏ। ਗੁਰੂ ਸਾਹਿਬ ਜੀ ਕੁੱਝ ਪਲ ਏਥੇ ਰੁਕ ਕੇ, ਵਿਸ਼ਰਾਮ ਕਰਕੇ ਇਥੋਂ ਹੀ ਕੀਰਤਪੁਰ ਸਾਹਿਬ ਨੂੰ ਚਾਲੇ ਪਾਏ।


ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ 1759 ਨੂੰ ਬਿਕਰਮੀ ਮਹੀਨਾ ਹਾੜ ਨੂੰ ਕੁਰੂਕਸ਼ੇਤਰ ਤੋਂ ਆਪਣੀਆਂ ਫੌਜਾਂ ਸਮੇਤ ਅਨੰਦਪੁਰ ਸਾਹਿਬ ਨੂੰ ਜਾਂਦੇ ਹੋਏ ਇਸ ਜਗ੍ਹਾ ਦੇ ਉੱਤੇ ਆਪਣੇ ਚਰਨ ਪਾ ਕੇ ਇਸ ਜਗ੍ਹਾ ਨੂੰ ਪਵਿੱਤਰ ਕੀਤਾ। ਇਸੇ ਅਸਥਾਨ 'ਤੇ ਕਹਿਲੂਰ ਦਾ ਰਾਜਾ ਤਾਰਾ ਚੰਦ ਰੋਪੜ ਦੇ ਪਠਾਣਾਂ ਤੋਂ ਤੰਗ ਆ ਕੇ ਇਸੀ ਜਗ੍ਹਾ ਗੁਰੂ ਜੀ ਦੀ ਸ਼ਰਨ ਵਿਚ ਆਇਆ ਤੇ ਗੁਰੂ ਜੀ ਨੂੰ ਆਪਣੀ ਸਾਰੀ ਵਿੱਥਿਆ ਸੁਣਾਈ ਅਤੇ ਬੇਨਤੀ ਕੀਤੀ ਕਿ ਗੁਰੂ ਸਾਹਿਬ ਜੀ ਸਾਡੀ ਰੱਖਿਆ ਕਰੋ, ਕਿਉਂਕਿ ਰੋਪੜ ਦਾ ਜੋ ਪਠਾਨ ਸੀ ਉਹ ਗੁਰੂ ਸਾਹਿਬ ਜੀ ਤੋਂ ਖਾਰ ਖਾਂਦਾ ਸੀ ਤੇ ਆਸ-ਪਾਸ ਦੇ ਪਹਾੜੀ ਰਾਜਿਆਂ ਨੂੰ ਬਹੁਤ ਤੰਗ ਕਰਦਾ ਸੀ। ਜਦੋਂ ਇਸ ਗੱਲ ਦਾ ਪਤਾ ਰੋਪੜ ਦੇ ਖਾਨ ਨੂੰ ਲੱਗਾ, ਤਾਂ ਉਹ ਗੁੱਸੇ ਵਿਚ ਆ ਕੇ ਤਕਰੀਬਨ 5000 ਫੌਜ ਲੈ ਕੇ ਸੂਬਾ ਸੈਦ ਬੇਗ ਨੇ ਅਲਫ ਖਾਂ ਨੂੰ ਰੋਕਿਆ, ਜੋ ਲਹੌਰ ਨੂੰ ਜਾ ਰਿਹਾ ਸੀ ਤੇ ਉਸਦੇ ਨਾਲ ਖਾਨ ਨੇ ਸੌਦਾ ਕੀਤਾ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਪਕੜਨਾ ਹੈ ਤੇ ਆਪਣੀ ਸਾਰੀ ਫੌਜ ਮੈਨੂੰ ਦੇ ਦਿਓ। ਉਸਦੇ ਬਦਲੇ ਉਸ ਨੇ ਦੋ ਹਜ਼ਾਰ ਰੁਪਿਆ ਇਕ ਦਿਨ ਦਾ ਦੇਣ ਦਾ ਸੌਦਾ ਵੀ ਕੀਤਾ। ਗੁਰੂ ਗੋਬਿੰਦ ਸਿੰਘ ਜੀ ਇਸ ਜਗ੍ਹਾ, ਜਿਸ ਜਗ੍ਹਾ ਗੁਰਦੁਆਰਾ ਗੋਬਿੰਦਗੜ੍ਹ ਸਾਹਿਬ ਸੁਸ਼ੋਭਿਤ ਹੈ, ਆਪਣੀਆਂ ਫੌਜਾਂ ਸਮੇਤ ਮਾਤਾ ਗੁਜਰੀ ਅਤੇ ਮਹਿਲਾਂ ਸਮੇਤ ਰੁਕੇ ਹੋਏ ਸਨ, ਵਿਸ਼ਰਾਮ ਕਰ ਰਹੇ ਸਨ। ਗੁਰੂ ਜੀ ਨੂੰ ਇਸਦੀ ਸਾਰੀ ਖਬਰ ਮਿਲ ਗਈ। ਤਕਰੀਬਨ 5000 ਫੌਜ ਗੁਰੂ ਜੀ ਨੂੰ ਫੜਨ ਵਾਸਤੇ ਆ ਰਹੀ ਹੈ। ਉਸ ਸਮੇਂ ਗੁਰੂ ਜੀ ਪਾਸ ਥੋੜ੍ਹੇ ਹੀ ਸਿੰਘ ਸਨ। ਜੰਗ ਸ਼ੁਰੂ ਹੋ ਗਿਆ। ਘਮਾਸਾਨ ਦਾ ਜੰਗ ਹੋਇਆ। ਗੁਰੂ ਸਾਹਿਬ ਦੇ ਲਾਡਲੇ-ਪਿਆਰੇ ਸਿੰਘ ਇਸ ਜੰਗ ਵਿਚ ਜੋਸ਼ ਨਾਲ ਲੜੇ। ਜੰਗ ਦੇ ਦੌਰਾਨ ਖਬਰ ਅਨੰਦਪੁਰ ਸਾਹਿਬ ਵੀ ਪਹੁੰਚ ਗਈ ਕਿ ਗੁਰੂ ਗੋਬਿੰਦ ਸਿੰਘ ਮਹਾਰਾਜ ਚਮਕੌਰ ਸਾਹਿਬ ਦੇ ਰਸਤੇ ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਆ ਰਹੇ ਸਨ ਕਿ ਰੋਪੜ ਦੇ ਪਠਾਣਾਂ ਨੇ ਮੁਗਲ ਫੌਜ ਦੇ ਨਾਲ ਰਲ ਕੇ ਗੁਰੂ ਸਾਹਿਬ ਨੂੰ ਘੇਰ ਲਿਆ ਹੈ। ਸ੍ਰੀ ਅਨੰਦਪੁਰ ਸਾਹਿਬ ਤੋਂ ਦੋ ਸੌ ਘੌੜ ਸਵਾਰ ਸਿੰਘਾਂ ਦਾ ਜੱਥਾ ਆ ਕੇ ਗੁਰੂ ਸਾਹਿਬ ਜੀ ਦੀ ਸਹਾਇਤਾ ਵਾਸਤੇ ਮੈਦਾਨੇ ਜੰਗ ਵਿਚ ਜੂਝ ਗਿਆ। ਬਹੁਤ ਹੀ ਘਮਾਸਾਨ ਦਾ ਜੰਗ ਹੋਇਆ। ਜੰਗ ਦੋ ਦਿਨ ਚੱਲਿਆ। ਦੋ ਦਿਨ ਜੰਗ ਤੋਂ ਬਾਅਦ ਸੈਦ ਬੇਗ ਹਾਰ ਖਾ ਕੇ ਜਾਨ ਬਖਸਾਉਣ ਲਈ ਗੁਰੂ ਸਾਹਿਬ ਦੀ ਸ਼ਰਨ 'ਚ ਆਇਆ। ਜਦੋਂ ਅਲਫ ਖਾਂ ਨੂੰ ਪਤਾ ਲੱਗਾ ਕਿ ਸੈਦ ਬੇਗ ਗੁਰੂ ਸਾਹਿਬ ਨਾਲ ਜਾ ਮਿਲਿਆ ਹੈ, ਤਾਂ ਉਹ ਵੀ ਟਾਕਰੇ ਦੀ ਤਾਕਤ ਨਾ ਰੱਖਦਾ ਹੋਇਆ ਦਰਿਆ ਸਤਲੁਜ ਪਾਰ ਕਰਕੇ ਲਾਹੌਰ ਵੱਲ ਨੱਸ ਗਿਆ ਤੇ ਰੋਪੜ ਦੇ ਪਠਾਣਾਂ ਦੀ ਹਾਰ ਹੋ ਗਈ। ਸਿੰਘ ਸਾਹਿਬ ਫਤਹਿ ਦੇ ਜੈਕਾਰੇ ਗਜਾਉਂਦੇ ਹੋਏ ਚਮਕੌਰ ਵਿਚੋਂ ਦੀ ਹੁੰਦੇ ਹੋਏ ਅਨੰਦਪੁਰ ਸਾਹਿਬ ਪੁੱਜ ਗਏ।

ਸੋ ਇਹ ਪਵਿੱਤਰ ਅਸਥਾਨ ਪਾਤਸ਼ਾਹੀ ਛੇਵੀਂ ਅਤੇ ਪਾਤਸ਼ਾਹੀ ਦਸਵੀਂ ਦੇ ਪਾਵਨ ਚਰਨ ਪਾਉਣ ਦੀ ਯਾਦਗਾਰ ਵਿਚ ਸੁਸ਼ੋਭਿਤ ਹੈ। ਹਰ ਸਾਲ 22 ਵੈਸਾਖ ਨੂੰ ਇਸ ਅਸਥਾਨ 'ਤੇ ਭਾਰੀ ਜੋੜ ਮੇਲਾ ਮਨਾਇਆ ਜਾਂਦਾ ਹੈ। ਇਸ ਸਾਲ ਇਹ ਸਾਲਾਨਾ ਜੋੜ ਮੇਲਾ 3, 4, 5 ਮਈ ਨੂੰ ਸ਼ਰਧਾਪੂਰਵਕ ਮਨਾਇਆ ਜਾ ਰਿਹਾ ਹੈ। ਜੋੜ ਮੇਲੇ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ 3 ਮਈ ਨੂੰ ਪ੍ਰਾਰੰਭ ਕਰਵਾਏ ਜਾਣਗੇ। 5 ਮਈ ਨੂੰ ਸਵੇਰੇ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ, ਉਪਰੰਤ ਧਾਰਮਿਕ ਸਮਾਗਮ ਕਰਵਾਏ ਜਾਣਗੇ। ਭਾਈ ਕਿਸ਼ਨ ਸਿੰਘ ਕੁੱਟੀਆ ਸ੍ਰੀ ਅੰਮ੍ਰਿਤਸਰ ਸਾਹਿਬ ਵਾਲੇ ਕਥਾ ਵਿਚਾਰਾਂ ਕਰਨਗੇ। ਪੰਥ ਦੇ ਮਹਾਨ ਢਾਡੀ, ਕਵੀਸ਼ਰ ਅਤੇ ਰਾਗੀ ਜੱਥੇ ਹਰ ਜਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਇਹ ਇਤਿਹਾਸਕ ਅਸਥਾਨ ਪਿੰਡ ਰਾਣਵਾਂ, ਡਾਕਘਰ ਸੰਘੋਲ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਚ ਲੁਧਿਆਣਾ ਤੋਂ ਚੰਡੀਗੜ੍ਹ ਰੋਡ 'ਤੇ ਖਮਾਣੋਂ ਤੋਂ ਤਿੰਨ ਕਿਲੋਮੀਟਰ ਅਤੇ ਸਰਹਿੰਦ-ਲੰਗਲ ਰੇਲਵੇ 'ਤੇ ਮੁਰਿੰਡਾ ਰੇਲਵੇ ਸਟੇਸ਼ਨ ਤੋਂ 13 ਕਿਲੋਮੀਟਰ ਦੀ ਦੂਰੀ 'ਤੇ ਸੁਸ਼ੋਭਿਤ ਹੈ।



# ਵੈਕਸੀਨੇਸ਼ਨ ਕਰਾਓ-ਤੰਦਰੁਸਤੀ ਲਈ

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)



*"ਟੀਕਾਕਰਨ ਦਾ ਮਕਸਦ, ਸਾਰਿਆਂ ਦੀ ਲੰਬੀ ਉਮਰ, ਤੰਦਰੁਸਤ ਜ਼ਿੰਦਗੀ ਜੀਉਣ ਲਈ, ਹੱਲ ਲੱਭਣ ਤੇ ਜਾਗਰੂਕ ਕਰਨ ਬਾਰੇ ਹੈ। ਟੀਕਾਕਰਨ ਲਾਈਫ 'ਚ ਖਤਰਨਾਕ ਛੂਤ ਦੀਆਂ ਬੀਮਾਰੀਆਂ ਨੂੰ ਕੰਟਰੋਲ ਕਰਨ ਅਤੇ ਖਤਮ ਕਰਨ ਲਈ ਇੱਕ ਕਾਰਗਰ ਸਾਧਨ ਹੈ" – ਅਨਿਲ ਧੀਰ*







ਅੱਜ ਪੂਰੀ ਦੂਨੀਆਂ ਵਿਚ ਆ ਰਹੇ ਨਵੇਂ-ਨਵੇਂ ਵੇਰੀਏਂਟਸ, ਬੈਕਟੀਰੀਆ ਕਾਰਨ ਬਿਮਾਰੀਆਂ ਨੇ ਚਿੰਤਾ ਵਧਾ ਦਿੱਤੀ ਹੈ। ਵਿਸ਼ਵ ਟੀਕਾਕਰਨ ਵੀਕ 2023 ਦੇ ਮੌਕੇ 'ਤੇ ਵਿਸ਼ਵ ਸਿਹਤ ਸੰਸਥਾ ਨੇ ਕਿਹਾ ਕਿ ਟੀਕੇ ਸਾਨੂੰ ਨਜ਼ਦੀਕ ਲੈ ਕੇ ਆਉਂਦੇ ਹਨ। ਪੂਰਾ ਵਿਸ਼ਵ ਟੀਕਾਕਰਨ ਨੂੰ ਪਹਿਲ ਦੇ ਰਿਹਾ ਹੈ। ਅਜੇ ਭੀ ਮਹਾਂਮਾਰੀ ਕੋਵਿਡ-19 ਦੇ ਵੇਰੀਐਂਟਸ ਵਿਸ਼ਵ ਭਰ ਲਈ ਚੁਣੌਤੀ ਬਣੇ ਹੋਏ ਹਨ। ਕੋਵਿਡ-19 ਵੇਰੀਐਂਟਸ ਦੇ ਖਿਲਾਫ ਵੈਕਸੀਨ ਦੀ 1,2,3, ਅਤੇ ਚੌਥੀ ਡੋਜ਼ ਦੇ ਨਾਲ ਰੋਗੀਆਂ ਦਾ ਅੰਕੜਾ ਵੀ ਘਟਿਆ ਹੈ। ਵਿਸ਼ਵ ਟੀਕਾਕਰਨ ਹਫਤੇ ਦਾ ਉਦੇਸ਼ ਜਾਗਰੂਕਤਾ ਦੇ ਨਾਲ-ਨਾਲ ਬੱਚਿਆਂ ਤੋਂ ਲੈ ਕੇ ਹਰ ਉਮਰ ਦੇ ਵਿਅਕਤੀ ਨੂੰ ਇਨਫੈਕਸ਼ਨ ਛੂਤ ਵਰਗੀਆਂ ਖਤਰਨਾਕ ਬਿਮਾਰੀਆਂ ਤੋਂ ਬਚਾਉਣ ਲਈ ਵੈਕਸੀਨ ਦੀ ਵਰਤੋਂ ਪ੍ਰਤੀ ਉਤਸ਼ਾਹਤ ਕਰਨਾ ਹੈ। ਅੱਜ ਵੀ ਵਿਸ਼ਵ ਭਰ ਵਿਚ ਕਰੀਬਨ 21 ਮਿਲੀਅਨ ਤੋਂ ਵੱਧ ਬੱਚੇ ਲੋੜੀਂਦੇ ਟੀਕਿਆਂ ਤੋਂ ਬਿਨਾ ਰਹਿ ਜਾਂਦੇ ਹਨ। ਹਰ ਸਾਲ ਟੀਕਾਕਰਨ ਲੱਖਾਂ ਲੋਕਾਂ ਨੂੰ ਬਚਾਉਂਦਾ ਹੈ। 200 ਤੋਂ ਵੱਧ ਸਾਲਾਂ ਤੋਂ ਖਤਰਨਾਕ ਬਿਮਾਰੀਆਂ ਦੀ ਛੂਤ ਤੋਂ ਕੇਵਲ ਟੀਕਿਆਂ ਨੇ ਦੁਨੀਆਂ ਨੂੰ ਬਚਾਇਆ ਹੈ। ਇਮਿਊਨਿਟੀ ਲਈ ਜਾਨਲੇਵਾ ਬਿਮਾਰੀ ਕੋਵਿਡ-19 ਵੈਕਸੀਨ, ਟੀਕੇ ਨਾਲ ਬੱਚੇਦਾਨੀ ਦੇ ਕੈਂਸਰ, ਟੀ.ਬੀ., ਬਚਪਨ ਦੇ ਰੋਗ ਖਸਰਾ ਵਗੈਰਾ ਤੋਂ ਬਚਾਅ ਹੋ ਜਾਂਦਾ ਹੈ। ਆਪਣੇ ਬੱਚਿਆਂ ਨੂੰ ਟੀਕਾਕਰਨ ਦੁਆਰਾ ਬਿਹਤਰ ਇਮਿਊਨਿਟੀ ਦਿਓ ਅਤੇ ਗੰਭੀਰ ਬਿਮਾਰੀਆਂ ਤੋਂ ਬਚਾਓ।

## ਬਿਮਾਰੀਆਂ ਅਤੇ ਟੀਕੇ:

ਬੈਕਟੀਰੀਆ, ਵਾਇਰਸ ਤੇ ਵੇਰੀਐਂਟਸ ਦੀ ਇਨਫੈਕਸ਼ਨ ਤੋਂ ਪੈਦਾ ਹੋਣ ਵਾਲੀ ਬਿਮਾਰੀ ਨਾਲ ਲੜਨ ਤੇ ਬਚਣ ਲਈ ਸਰੀਰ ਅੰਦਰ ਇਮਿਊਨਿਟੀ ਦੀ ਲੋੜ ਹੁੰਦੀ ਹੈ। ਇਨਫੈਕਸ਼ਨ ਨਾਲ ਲੜਨ ਲਈ ਚਿੱਟੇ ਸੈੱਲ, ਮੈਕਰੋਫੇਜ, ਬੀ-ਲਿੰਫੋਸਾਈਟਸ ਅਤੇ ਟੀ ਲਿੰਫੋਸਾਈਟਸ, ਟਿਸ਼ੂ ਅਤੇ ਸਰੀਰਕ ਅੰਗਾਂ ਨੂੰ ਆਕਸੀਜਨ ਪਹੁੰਚਾਉਂਦੇ ਹਨ। ਇਹ ਟੀਕੇ ਸਰੀਰ ਅੰਦਰ ਬਿਮਾਰੀਆਂ ਨਾਲ ਲੜਨ ਦੀ ਤਾਕਤ ਦਿੰਦੇ ਹਨ। ਅੱਗੇ ਬਿਮਾਰੀਆਂ ਮੁਤਾਬਕ ਟੀਕਾਕਰਨ ਕਰਨ ਨਾਲ ਪੂਰੇ ਸਮਾਜ ਨੂੰ ਬਚਾਇਆ ਜਾ ਸਕਦਾ ਹੈ।

ਭਵਿੱਖ ਵਿਚ ਖਤਰਨਾਕ ਬਿਮਾਰੀਆਂ ਡਿਪਥੀਰੀਆ, ਹੀਮੋਫਿਲਸ ਇਨਫਲੂਐਨਜ਼ਾ, ਹੈਪੇਟਾਇਟਸ ਏ-ਬੀ; ਸ਼ਿੰਗਲਸ; ਸੈਕਸ-ਰੋਗ ਐੱਚ.ਪੀ.ਵੀ.; ਮੀਸਲਜ਼; ਦਿਮਾਗੀ ਰੋਗ ਮੇਨਿੰਗੋਕੋਕਲ; ਮੰਮਪਸ; ਕੁਕਰ ਖਾਂਸੀ; ਨੀਉਮੋਕੋਕਲ; ਰੋਟਾਵਾਇਰਸ, ਰੂਬੇਲਾ, ਟੈਟਨਸ ਤੋਂ ਬਚਣ ਲਈ ਪ੍ਰੈਗਨੈਂਸੀ ਤੋਂ ਪਹਿਲਾਂ ਐੱਮ.ਐੱਮ.ਆਰ. 'ਤੇ ਵੀ ਵੈਕਸੀਨ; ਅਤੇ ਬਾਕੀ ਟੀਡੈਪ ਅਤੇ ਫਲੂ ਵੈਕਸੀਨ; ਜਨਮ ਤੋਂ ਬਾਅਦ ਹੈਪੇਟਾਇਟਸ ਬੀ; ਡੀ.ਟੀ.ਏ.ਪੀ.; ਹਿਬ; ਪੋਲਿਓ (ਆਈ.ਪੀ.ਵੀ.); ਪੀ.ਸੀ.ਵੀ.-13; ਅਤੇ ਆਰਵੀ; ਚਿਕਨਪੋਕਸ; ਐੱਚ.ਪੀ.ਵੀ.; ਮੈਨਏਸੀਡਬਲਿਊ ਵਾਈ; ਅਤੇ ਮੈਨ ਬੀ; ਐੱਚ.ਏ.ਐੱਚ.ਵੀ.; ਐੱਲ.ਜ਼ੈਡ.ਵੀ.; ਆਰ.ਜ਼ੈਡ.ਵੀ.; ਐੱਚ.ਪੀ.ਵੀ. ਵੈਕਸੀਨ; ਆਈ.ਵੀ.-3; ਐੱਲ.ਏ.ਵੀ.3-4; ਪੀਅਨ ਈ.ਯੂ. ਸੀ.-10, 13, ਪੀ.ਐੱਨ.ਈ.ਯੂ.ਪੀ.-23; ਰੋਟ-5 ਅਤੇ ਰੋਟ-1 ਵਗੈਰਾ ਦਿੱਤੇ ਜਾਂਦੇ ਹਨ।

ਨਵੇਂ-ਨਵੇਂ ਵੇਰੀਐਂਟਸ, ਵਾਇਰਸ-ਬੈਕਟੀਰੀਆ ਦੇ ਰੋਗਾਂ ਤੋਂ ਬਚਾਅ ਅਤੇ ਇਮਿਊਨ ਸਿਸਟਮ ਦੀ ਤਾਕਤ ਬਰਕਰਾਰ ਰੱਖਣ ਲਈ ਅੱਗੇ ਲਿਖੇ ਉਪਾਅ ਕਰ ਸਕਦੇ ਹੋ:

- ਫੇਫੜਿਆਂ ਨੂੰ ਮਜ਼ਬੂਤ ਕਰਨ ਲਈ ਲੰਬੇ ਸਾਹ ਲਵੋ-ਰੋਕੋ-ਛੱਡਣ ਦੀ ਕ੍ਰਿਆ ਬਾਰ-ਬਾਰ ਕਰੋ। ਯੋਗਾ ਕਰਨ ਵਾਲੇ ਮੈਡੀਟੇਸ਼ਨ, ਪ੍ਰਾਨਾਯਾਮ, ਕਪਾਲਭਾਤੀ, ਤੇ ਮੂੰਹ ਅੰਦਰ ਹਵਾ ਭਰੋ ਤੇ ਛੱਡੋ ਦੀ ਕ੍ਰਿਆ ਰੋਜ਼ਾਨਾ ਕਰਨ।
- ਐਂਟੀ-ਆਕਸੀਡੈਂਟ ਡਾਰਕ ਗ੍ਰੀਨ ਮੌਸਮੀ ਰੰਗਦਾਰ ਸਬਜ਼ੀਆਂ ਬ੍ਰੋਕਲੀ, ਪਾਲਕ, ਕੇਲ, ਐਵੋਕੇਡਾ, ਬੀਟਰੂਟ, ਬੈਂਗਨ, ਛੱਲ਼ੀ-ਸਵੀਟ ਕੋਰਨ, ਗਾਜ਼ਰ, ਸ਼ਕਰਕੰਦੀ, ਮਸ਼ਰੂਮ, ਨਿੰਬੂ ਤੇ ਮਿਕਸ ਵੇਜ਼ੀਟੇਬਲ ਸੂਪ ਅਤੇ ਫਲ ਬਲੂ ਬੇਰੀਜ਼, ਲਾਲ-ਹਰੇ-ਕਾਲੇ ਅੰਗੂਰ, ਪਰੂਨ, ਰੇਸਿਨ, ਖਜੂਰ, ਚੇਰੀਜ਼, ਲਾਲ ਬੈਲ-ਪੀਪਰ ਦੀ ਵਰਤੋਂ ਜ਼ਿਆਦਾ ਕਰੋ।
- ਸਵੇਰੇ-ਸ਼ਾਮ ਤਾਜ਼ਾ ਜਿੰਜਰ ਜੂਸ ਸ਼ਹਿਦ 'ਚ ਮਿਲਾ ਕੇ ਲਵੋ।
- ਸਟ੍ਰੈਸ ਘਟਾਉਣ ਦਾ ਯਤਨ ਕਰੋ ਅਤੇ ਡੇਲੀ 8 ਘੰਟੇ ਨੀਂਦ ਜ਼ਰੂਰ ਲੈਣੀ ਚਾਹੀਦੀ ਹੈ।
- ਤਾਜ਼ੀ ਹਲਦੀ ਦਾ ਸਲਾਦ ਵਿਚ ਖੀਰਾ, ਇੰਗਲਿਸ਼ ਕੁਕੂਮਬਰ, ਲੇਟਸ, ਲਾਲ ਪਿਆਜ਼, ਚੁਕੰਦਰ, ਜ਼ਿਆਦਾ ਖਾਓ।
- ਸਵੇਰੇ ਜਾਗਦੇ ਹੀ ਲਸਨ ਕਲੋਵ 1, ਅੱਧਾ ਚਮਚ ਹਲਦੀ ਪਾਊਡਰ, 1 ਕੱਪ ਦੁੱਧ ਵਿਚ ਉਬਾਲ ਕੇ ਇਸਤੇਮਾਲ ਕਰੋ।
- ਵਾਇਰਸ-ਬੈਕਟੀਰੀਆ ਤੋਂ ਬਚਾਅ ਲਈ ਪਰਸਨਲ ਹਾਈਜ਼ੀਨ ਦਾ ਖਾਸ ਖਿਆਲ ਰੱਖੋ।
- ਡਾਰਕ-ਚਾਕਲੇਟ, ਗ੍ਰੀਨ-ਟੀ, ਸੈਸਮੇ ਤੇ ਸਨਫਲਾਵਰ ਸੀਡਜ਼ ਨੂੰ ਖੁਰਾਕ ਵਿਚ ਸ਼ਾਮਲ ਕਰੋ।
- ਦੁੱਧ, ਦਹੀਂ, ਕਾਟੇਜ ਚੀਜ਼, ਪ੍ਰੋਬਾਇਓਟਿਕਸ ਇਸਤੇਮਾਲ ਕਰੋ।
- ਆਯੂਰਵੈਦਿਕ ਚਵਨਪ੍ਰਾਸ਼, ਔਲੇ ਦਾ ਮੁਰੱਬਾ ਰੋਜ਼ਾਨਾ ਇਸਤੇਮਾਲ ਕਰਕੇ ਸਰੀਰ ਅੰਦਰ ਰੋਗਾਂ ਨਾਲ ਲੜਨ ਦੀ ਤਾਕਤ ਪੈਦਾ ਕਰੋ।
- ਸ਼ਰਾਬ, ਚੀਨੀ ਘੱਟ ਤੇ ਤੰਬਾਕੂ ਦਾ ਇਸਤੇਮਾਲ, ਯਾਨੀ ਸਮੋਕਿੰਗ ਤੋਂ ਬਚੋ।
- ਮਲਟੀ-ਵਿਟਾਮਿਨ ਜ਼ਿੰਕ, ਸੇਲੀਨੀਅਮ, ਕੋਪਰ, ਫੋਲਿਕ ਏਸਿਡ, ਵਿਟਾਮਿਨ-ਏ, ਬੀ-6, ਸੀ ਅਤੇ ਈ ਆਦਿ ਸਪਲੀਮੈਂਟਸ ਮਾਹਿਰ ਦੀ ਸਲਾਹ ਨਾਲ ਸ਼ੁਰੂ ਕਰਨੇ ਚਾਹੀਦੇ ਹਨ।

ਨੋਟ: ਤੰਦਰੁਸਤੀ ਲਈ ਟੀਕਾਕਰਣ ਕਰਾਓ, ਜ਼ਿੰਦਗੀ ਬਚਾਓ।

ਉਸ ਨੇ ਹਮਾਰੇ ਜ਼ਖਮ ਕਾ ਯੂੰ ਕੀਆ ਇਲਾਜ,
ਮਰ੍ਹਮ ਵੀ ਲਗਾਇਆ ਤੋ ਕਾਂਟੋ ਕੀ ਨੋਕ ਸੇ।

# ਪੰਜਾਬ ਦੀ ਸਿਆਸਤ ਦਾ ਬਾਬਾ ਬੋਹੜ 95 ਸਾਲ ਦੀ ਉਮਰ ਭੋਗ ਕੇ ਢਿੱਗਿਆ

## ਇਸ ਬੋਹੜ ਹੇਠ ਸਭ ਹਰਿਆਵਲੇ ਬੂਟੇ ਸੁੱਕ ਗਏ, ਪੰਜਾਬ ਬੰਜਰ ਹੁੰਦਾ ਗਿਆ

ਕੁਲਵੰਤ ਸਿੰਘ ਢੇਸੀ
ਯੂ.ਕੇ.
kulwantsinghdhesi@hotmail.com
(Punjab Mail USA)



ਮੰਗਲਵਾਰ 25 ਅਪ੍ਰੈਲ ਦੇਰ ਰਾਤ ਸ. ਪ੍ਰਕਾਸ਼ ਸਿੰਘ ਬਾਦਲ 95 ਸਾਲ ਦੀ ਲੰਬੀ ਉਮਰ ਹੰਢਾ ਕੇ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਚ ਆਖਰੀ ਦਮ ਲੈ ਕੇ ਰੱਬ ਨੂੰ ਪਿਆਰੇ ਹੋ ਗਏ। ਉਨ੍ਹਾਂ ਦੇ ਜਾਣ ਸਾਰ ਉਨ੍ਹਾਂ ਦੇ ਚਹੇਤਿਆਂ ਨੇ ਜਿਥੇ ਉਨ੍ਹਾਂ ਦੀ ਉਪਮਾ ਵਿਚ ਪੁਲ ਬਨ੍ਹਣੇ ਸ਼ੁਰੂ ਕਰ ਦਿੱਤੇ, ਉਥੇ ਉਨ੍ਹਾਂ ਦੇ ਨਿੰਦਕਾਂ ਨੇ ਸਮੇਂ, ਸ਼ਿਸ਼ਟਾਚਾਰ ਅਤੇ ਇਖਲਾਕੀ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗ ਕੇ ਮਾੜੀ ਤੋਂ ਮਾੜੀ ਸ਼ਬਦਾਵਲੀ ਵਿਚ ਉਨ੍ਹਾਂ ਨੂੰ ਭੰਡਣਾ ਸ਼ੁਰੂ ਕਰ ਦਿੱਤਾ। ਇਸ ਲੇਖ ਵਿਚ ਅਸੀਂ ਉਨ੍ਹਾਂ ਦੇ ਰਾਜਸੀ ਜੀਵਨ 'ਤੇ ਸੰਖੇਪ ਜਹੀ ਝਾਤ ਮਾਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਸਾਡਾ ਮਕਸਦ ਨਾ ਤਾਂ ਉਨ੍ਹਾਂ ਦੀ ਅੰਧਾਧੁੰਦ ਉਸਤਿਤ ਕਰਨਾ ਹੈ ਅਤੇ ਨਾ ਹੀ ਅੰਧਾਧੁੰਦ ਨਿੰਦਾ ਕਰਨੀ ਹੈ। ਕਿਸੇ ਵੀ ਖਿੱਤੇ ਦੀ ਤਰੱਕੀ ਦਾ ਮੁੱਖ ਅਧਾਰ ਉਸ ਖਿੱਤੇ ਦੇ ਆਗੂਆਂ 'ਤੇ ਨਿਰਭਰ ਹੁੰਦਾ ਹੈ, ਖਾਸ ਤੌਰ 'ਤੇ ਰਾਜਨੀਤਕ ਆਗੂਆਂ 'ਤੇ। ਅੱਜ ਪੰਜਾਬ ਦੇ ਬਜਟ ਦਾ 22,000 ਕਰੋੜ ਰੁਪਿਆ ਕਰਜ਼ੇ ਦੇ ਵਿਆਜ ਦੀ ਕਿਸ਼ਤ ਵਿਚ ਜਾ ਰਿਹਾ ਹੈ, ਜੋ ਕਿ ਪੰਜਾਬ ਦੀ ਜੀ.ਡੀ.ਪੀ. ਦਾ 48.6% ਦੱਸਿਆ ਜਾ ਰਿਹਾ ਹੈ। ਜੋ ਪੰਜਾਬ ਭਾਰਤ ਭਰ ਦੀਆਂ ਮੋਹਰਲੀਆਂ ਸਫਾਂ ਦਾ ਸੂਬਾ ਸੀ, ਅੱਜ ਉਸ ਦੀ ਪਰ ਕੈਪਿਟਾ ਇਨਕਮ ਡਿੱਗਦੀ-ਡਿੱਗਦੀ ਭਾਰਤੀ ਸੂਬਿਆਂ ਦੀ ਰੈਂਕਿੰਗ ਦੇ 17ਵੇਂ ਸਥਾਨ 'ਤੇ ਜਾ ਪਹੁੰਚੀ ਹੈ। ਨੈਕਸਲਾਈਟ ਮੂਵਮੈਂਟ ਅਤੇ ਚੁਰਾਸੀ ਦੇ ਹਮਲੇ ਸਮੇਂ ਪੰਜਾਬ ਦੀ ਨੌਜਵਾਨੀ ਦੀ ਵੱਡੀ ਨਸਲਕੁਸ਼ੀ ਹੋਈ। ਪੰਜਾਬ ਦੀ ਨੌਜਵਾਨੀ ਦਾ ਵੱਡਾ ਹਿੱਸਾ ਚਿੱਟੇ ਨੇ ਖਾ ਲਿਆ, ਜਦਕਿ ਬਲੈਕੀਆਂ ਵਿਚ ਬਾਦਲਾਂ ਦੇ ਨੇੜਲੇ ਰਿਸ਼ਤੇਦਾਰਾਂ ਦੇ ਨਾਮ ਬੋਲਦੇ ਰਹੇ ਹਨ। ਇਨ੍ਹਾਂ ਹਾਲਤਾਂ ਵਿਚ ਅਸੀਂ ਉਸ ਵਿਅਕਤੀ ਨੂੰ ਜਾਂ ਉਸ ਰਾਜਨੀਤਿਕ ਦਲ ਨੂੰ ਅਣਗੌਲਿਆ ਨਹੀਂ ਕਰ ਸਕਦੇ, ਜਿਨ੍ਹਾਂ ਨੇ ਲੰਬਾ ਸਮਾਂ ਪੰਜਾਬ 'ਤੇ ਰਾਜ ਕੀਤਾ ਹੈ। ਅਕਾਲੀ ਦਲ ਨੇ ਹੀ ਅਨੰਦਪੁਰ ਸਾਹਿਬ ਦਾ ਮਤਾ ਪਾਸ ਕੀਤਾ ਸੀ, ਜਿਸ ਦੀ ਪ੍ਰਾਪਤੀ ਲਈ ਅਕਾਲੀ ਦਲ ਨੇ ਹੀ ਧਰਮ ਯੁੱਧ ਮੋਰਚਾ ਲਾਇਆ ਸੀ। ਏਨਾ ਲੰਬਾ ਸਮਾਂ ਰਾਜ ਕਰਕੇ ਵੀ ਪ੍ਰਕਾਸ਼ ਸਿੰਘ ਬਾਦਲ ਪੰਜਾਬ ਦੀਆਂ ਹੱਕੀ ਮੰਗਾਂ ਵਿਚੋਂ ਕੋਈ ਇੱਕ ਵੀ ਕੇਂਦਰ ਤੋਂ ਨਹੀਂ ਮਨਵਾ ਸਕੇ, ਖਾਸ ਕਰਕੇ ਉਸ ਹਾਲਤ ਵਿਚ ਜਦੋਂ ਕੇਂਦਰ ਵਿਚ ਰਾਜ ਕਰ ਰਹੀ ਭਾਜਪਾ ਨਾਲ ਅਕਾਲੀ ਦਲ ਦਾ ਰਾਜਨੀਤਿਕ ਗੱਠਜੋੜ ਸੀ। ਪੰਜਾਬ ਦਾ ਵਾਰਸ ਅਖਵਾਉਣ ਵਾਲਾ ਅਕਾਲੀ ਦਲ ਅੱਜ ਆਪਣੇ 100 ਸਾਲਾਂ ਦੇ ਇਤਿਹਾਸ ਵਿਚ ਰਾਜਨੀਤਿਕ ਨਿਘਾਰ ਦੇ ਪਤਾਲ 'ਤੇ ਜਾ ਡਿੱਗਿਆ ਹੈ, ਜਿਸ ਦਾ ਮੁੜ ਸੁਰਜੀਤ ਹੋਣਾ ਇੱਕ ਗੰਭੀਰ ਮੁੱਦਾ ਬਣਿਆ ਹੋਇਆ ਹੈ।

ਇਸ ਵਿਚ ਸ਼ੱਕ ਨਹੀਂ ਕਿ ਪ੍ਰਕਾਸ਼ ਸਿੰਘ ਬਾਦਲ 1970 ਵਿਚ 43 ਸਾਲ ਦੀ ਉਮਰ ਵਿਚ ਪਹਿਲੀ ਵਾਰ ਕਿਸੇ ਭਾਰਤੀ ਸੂਬੇ ਦੇ ਮੁੱਖ ਮੰਤਰੀ ਬਣਨ ਵਾਲੇ ਸਭ ਤੋਂ ਛੋਟੀ ਉਮਰ ਦੇ ਆਗੂ ਸਨ। 2017 ਨੂੰ ਮੁੱਖ ਮੰਤਰੀ ਬਣਨ ਵੇਲੇ ਉਨ੍ਹਾਂ ਦੀ ਉਮਰ 90 ਸਾਲ ਸੀ, ਜੋ ਭਾਰਤ ਦੇ ਕਿਸੇ ਵੀ ਸੂਬੇ ਦੇ ਮੁੱਖ ਮੰਤਰੀ ਦੇ ਮੁਕਾਬਲੇ ਵੱਡੀ ਉਮਰ ਦੇ ਮੁੱਖ ਮੰਤਰੀ ਸਨ। ਉਨ੍ਹਾਂ ਦੀਆਂ ਪ੍ਰਾਪਤੀਆਂ ਵਿਚ ਮੰਡੀਆਂ ਨੂੰ ਸ਼ਹਿਰਾਂ ਤੋਂ ਪਿੰਡਾਂ ਦੇ ਫੋਕਲ ਪੁਆਇੰਟਾਂ ਵਿਚ ਲਿਆਉਣਾ, ਲਿੰਕ ਸੜਕਾਂ ਦਾ ਜਾਲ ਵਿਛਾਉਣਾ, ਕਿਸਾਨਾਂ ਦੇ ਬਿਜਲੀ ਦੇ ਬਿੱਲ ਮਾਫ ਕਰਨੇ ਅਤੇ ਆਟਾ-ਦਾਲ ਸਕੀਮ ਤੋਂ ਇਲਾਵਾ ਕੇਂਦਰ ਦੇ ਦਮਨ ਤੋਂ ਨਿਰਾਸ਼ ਸਿੱਖ ਲੀਡਰਸ਼ਿਪ ਨੂੰ ਮੁੜ ਕੌਮੀ ਮੁੱਖ ਧਾਰਾ ਵਿਚ ਲਿਆਉਣਾ ਅਤੇ ਸਿੱਖ-ਹਿੰਦੂ ਸਾਂਝ ਨੂੰ ਕਾਇਮ ਰੱਖਣਾ ਮੰਨਿਆ ਜਾਂਦਾ ਹੈ। ਜਦਕਿ ਇਨ੍ਹਾਂ ਪ੍ਰਾਪਤੀਆਂ ਪ੍ਰਤੀ ਕੁਝ ਸੰਜੀਦਾ ਸਵਾਲ ਜਵਾਬ ਮੰਗਦੇ ਹਨ, ਜਿਵੇਂ ਕਿ ਬਿਜਲੀ ਦੇ ਬਿੱਲ ਮੁਫਤ ਕਰਨ ਨਾਲ ਪੰਜਾਬ ਦੇ ਜ਼ਮੀਨਦੋਜ਼ ਪਾਣੀ ਦਾ ਸੰਕਟ ਸਗੋਂ ਹੋਰ ਗੰਭੀਰ ਹੋਇਆ ਹੈ ਅਤੇ ਪੰਜਾਬ ਦੀਆਂ ਮੰਡੀਆਂ 'ਤੇ ਹੁਣ ਤੱਕ ਮੌਸਮ ਦੀ ਕਰੋਪੀ ਤੋਂ ਬਚਣ ਲਈ ਛੱਤਾਂ ਨਾ ਪੈ ਸਕੀਆਂ, ਜਦਕਿ ਭਾਜਪਾ ਨਾਲ ਗੱਠਜੋੜ ਵਿਚ ਤਾਂ ਭਾਜਪਾ ਦੇ ਪੈਰ ਪੰਜਾਬ ਵਿਚ ਪੱਕੇ ਹੋਏ ਤੇ ਪੰਜਾਬ ਦੀਆਂ ਹੱਕੀ ਮੰਗਾਂ 'ਤੇ ਭਾਜਪਾ ਦੀ ਸਦਾ ਹੀ ਬੇਰੁਖੀ ਰਹੀ ਹੈ।

ਸ. ਬਾਦਲ 5 ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ ਪਰ ਸਵਾਲ ਪੈਦਾ ਹੁੰਦਾ ਹੈ ਕਿ ਉਨ੍ਹਾਂ ਨੇ ਪੰਜਾਬ ਦੇ ਪੱਲੇ ਕੀ ਪਾਇਆ।

### ਪਿੰਡ ਦੀ ਸਰਪੰਚੀ ਤੋਂ ਸ: ਬਾਦਲ ਦੇ ਸਿਆਸੀ ਜੀਵਨ ਦੀ ਸ਼ੁਰੂਆਤ

1957 ਨੂੰ ਬਾਦਲ ਪਹਿਲੀ ਵਿਧਾਨ ਸਭਾ ਚੋਣਾਂ ਵਿਚ ਅਕਾਲੀਆਂ ਦੇ ਉਮੀਦਵਾਰ ਹੁੰਦੇ ਹੋਏ ਕਾਂਗਰਸ ਦੇ 'ਬਲਦਾਂ ਦੀ ਜੋੜੀ' ਚੋਣ ਨਿਸ਼ਾਨ ਹੇਠ ਚੋਣ ਲੜੇ ਤੇ ਕਾਮਰੇਡ ਚਰੰਜੀ ਲਾਲ ਨੂੰ 1100 ਵੋਟ 'ਤੇ ਹਰਾ ਕੇ ਜਿੱਤ ਪ੍ਰਾਪਤ ਕੀਤੀ। 1962 ਦੀ ਚੋਣ ਲੜੀ ਨਾ ਅਤੇ 1967 ਦੀ ਚੋਣ ਵਿਚ ਜਿੱਤ ਪ੍ਰਾਪਤ ਨਾ ਹੋਈ। ਜਨਸੰਘ ਦੇ ਸਹਿਯੋਗ ਨਾਲ ਬਣੀ ਜਸਟਿਸ ਗੁਰਨਾਮ ਸਿੰਘ ਦੀ ਸਰਕਾਰ ਵਿਚ 1969 ਨੂੰ ਚੋਣ ਜਿੱਤ ਕੇ ਕਾਮਯਾਬ ਹੋਏ ਅਤੇ ਵਿਕਾਸ ਵਿਭਾਗ ਦੇ ਮੰਤਰੀ ਬਣੇ। 1970 ਵਿਚ ਫਤਹਿ ਸਿੰਘ ਨੇ ਜਸਟਿਸ ਗੁਰਨਾਮ ਸਿੰਘ ਦੀ ਛੁੱਟੀ ਕਰਕੇ ਪ੍ਰਕਾਸ਼ ਸਿੰਘ ਬਾਦਲ ਨੂੰ ਮੁੱਖ ਮੰਤਰੀ ਬਣਾ ਦਿੱਤਾ। 1977 ਵਿਚ ਮੁੜ ਜਨਤਾ ਪਾਰਟੀ ਨਾਲ ਗਠਜੋੜ ਸਰਕਾਰ ਵਿਚ ਮੁੱਖ ਮੰਤਰੀ ਬਣੇ ਅਤੇ 1980 ਤੱਕ ਰਹੇ। 1997 ਤੋਂ 2002 ਤੱਕ ਤੀਜੀ ਵਾਰ ਮੁੱਖ ਮੰਤਰੀ ਬਣ ਕੇ ਪੂਰੀ ਟਰਮ ਰਾਜ ਕੀਤਾ। ਚੌਥੀ ਵਾਰ 2007 ਤੋਂ 2012 ਤੱਕ ਅਤੇ ਪੰਜਵੀਂ ਵਾਰ 2012 ਤੋਂ 2017 ਤੱਕ ਮੁੱਖ ਮੰਤਰੀ ਰਹੇ। 1969 ਤੋਂ 2017 ਤੱਕ ਸ. ਬਾਦਲ ਲੰਬੀ ਤੋਂ ਲਗਾਤਾਰ ਜਿੱਤਦੇ ਰਹੇ। 2022 ਨੂੰ ਆਮ ਆਦਮੀ ਪਾਰਟੀ ਦੇ ਗੁਰਮੀਤ ਸਿੰਘ ਖੁੱਡੀਆਂ ਤੋਂ ਹਾਰੇ, ਜੋ ਕਿ ਉਨ੍ਹਾਂ ਦੀ ਆਖਰੀ ਚੋਣ ਸੀ।

ਸੱਤਰਵਿਆਂ ਤੋਂ ਬਾਅਦ ਹੌਲੀ-ਹੌਲੀ ਅਕਾਲੀ ਦਲ ਦੀ ਸਿਆਸਤ ਬਾਦਲ ਸਿਆਸਤ ਬਣ ਗਈ ਅਤੇ ਬਾਦਲ ਸਿਆਸਤ ਦਾ ਅਧਾਰ ਇਹ ਸੀ ਕਿ ਜੇਕਰ ਰਾਜਨੀਤਿਕ ਸੱਤਾ ਹਾਸਲ ਹੋ ਜਾਂਦੀ ਹੈ, ਤਾਂ ਪੰਜਾਬ ਦੀਆਂ ਹੱਕੀ ਮੰਗਾਂ ਨੂੰ ਠੰਢੇ ਬਸਤੇ ਵਿਚ ਪਾ ਦਿੱਤਾ ਜਾਂਦਾ ਅਤੇ ਜੇਕਰ ਉਹ ਸੱਤਾ ਤੋਂ ਲਾਂਭੇ ਹੋ ਜਾਂਦੇ, ਤਾਂ ਪੰਜਾਬ ਦੀਆਂ ਮੰਗਾਂ ਦੇ ਮੁੱਦੇ ਮੁੜ ਉਠਾ ਲਏ ਜਾਂਦੇ ਅਤੇ ਪੰਥ ਖਤਰੇ ਵਿਚ ਦੇ ਨਾਅਰੇ ਵੀ ਲੱਗਣੇ ਸ਼ੁਰੂ ਹੋ ਜਾਂਦੇ। ਸੋਚਣ ਵਾਲੀ ਗੱਲ ਹੈ ਕਿ 1973 ਨੂੰ ਆਰੰਭ ਕੀਤਾ ਅਨੰਦਪੁਰ ਸਾਹਿਬ ਦਾ ਮਤਾ ਸੰਨ 1978 ਵਿਚ ਅਲੋਪ ਕਿਉਂ ਹੋ ਜਾਂਦਾ ਹੈ। ਜਦਕਿ ਕੁਝ ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਸੰਨ 1975 ਨੂੰ ਐਮਰਜੈਂਸੀ ਦੇ ਖਿਲਾਫ ਅਕਾਲੀ ਦਲ ਵਲੋਂ ਮੋਰਚਾ ਲਾਉਣ ਸਮੇਂ ਸ. ਬਾਦਲ ਦਾ ਇੰਦਰਾ ਕਾਂਗਰਸ ਖਿਲਾਫ ਦ੍ਰਿੜ੍ਹ ਸਟੈਂਡ ਸੀ, ਉਸ ਸਮੇਂ ਜੇ ਸ. ਬਾਦਲ ਚਾਹੁੰਦੇ ਤਾਂ ਇੰਦਰਾ ਨਾਲ ਲੈਣ-ਦੇਣ ਕਰ ਸਕਦੇ ਸਨ ਪਰ ਉਨ੍ਹਾਂ ਨੇ ਐਮਰਜੈਂਸੀ ਦੇ ਖਿਲਾਫ ਜਥੇ ਸਮੇਤ ਗ੍ਰਿਫਤਾਰੀ ਦੇ ਕੇ 19 ਮਹੀਨੇ ਜਿਹਲ ਕੱਟੀ। ਸ. ਬਾਦਲ ਵਲੋਂ ਅਕਸਰ ਇਹ ਕਿਹਾ ਜਾਂਦਾ ਰਿਹਾ ਹੈ ਕਿ ਉਨ੍ਹਾਂ ਨੇ ਕੁਲ ਮਿਲਾ ਕੇ 17 ਸਾਲ ਜਿਹਲ ਕੱਟੀ, ਸ਼ਾਇਦ ਇਸੇ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਨੂੰ ਭਾਰਤ ਦਾ ਨੈਲਸਨ ਮੰਡੇਲਾ ਕਿਹਾ ਸੀ ਪਰ ਪੱਤਰਕਾਰ ਜਗਤਾਰ ਸਿੰਘ ਨੇ ਆਰ.ਟੀ.ਆਈ. ਰਾਹੀਂ ਜਦੋਂ ਸ. ਬਾਦਲ ਦੇ ਜਿਹਲ ਜਾਣ ਦੇ ਆਂਕੜੇ ਇੱਕਠੇ ਕੀਤੇ, ਤਾਂ ਇਹ ਸਮਾਂ ਕੁੱਲ ਮਿਲਾ ਕੇ 5 ਸਾਲ ਬਣਦਾ ਹੈ।

ਕੁੱਲ ਮਿਲਾ ਕੇ ਸ: ਬਾਦਲ ਨੇ 11 ਵਿਧਾਨ ਸਭਾ ਚੋਣਾ ਜਿੱਤੀਆਂ। 1977 ਵਿਚ ਇੱਕ ਪਾਰਲੀਮੈਂਟ ਦੀ ਸੀਟ ਵੀ ਜਿੱਤੀ। ਸੰਨ 1979 ਨੂੰ ਚੌਧਰੀ ਚਰਨ ਸਿੰਘ ਦੀ ਸਰਕਾਰ ਵੇਲੇ ਸ. ਬਾਦਲ ਸੈਂਟਰ ਵਿਚ ਖੇਤੀਬਾੜੀ ਮੰਤਰੀ ਰਹੇ। ਇਹ ਸਰਕਾਰ ਇੱਕ ਸਾਲ ਹੀ ਚੱਲੀ ਸੀ।

### ਬਾਦਲ ਨੇ ਭਾਜਪਾ ਨਾਲ ਗਠਜੋੜ ਕਰਕੇ ਪੰਜਾਬ ਵਿਚ ਭਾਜਪਾ ਦੇ ਪੈਰ ਲਾਏ

1997 ਦੀਆਂ ਚੋਣਾਂ ਵਿਚ ਅਕਾਲੀ-ਭਾਜਪਾ ਗਠਜੋੜ ਨੂੰ 75 ਸੀਟਾਂ ਮਿਲੀਆਂ। ਭਾਜਪਾ ਦੇ 23 ਵਿਚੋਂ 18 ਐੱਮ.ਐੱਲ.ਏ. ਚੁਣੇ ਗਏ। ਭਾਜਪਾ ਜਾਂ ਜਨਸੰਘ ਦਾ ਇਹ ਖਾਸਾ ਰਿਹਾ ਹੈ ਕਿ ਇਸ ਨੇ ਹਮੇਸ਼ਾਂ ਹੀ ਪੰਜਾਬੀ ਬੋਲੀ ਦਾ ਡੱਟ ਕੇ ਵਿਰੋਧ ਕੀਤਾ ਅਤੇ ਮਰਦਮਸ਼ੁਮਾਰੀ ਵਿਚ ਪੰਜਾਬੀ ਹਿੰਦੂਆਂ ਨੂੰ ਆਪਣੀ ਬੋਲੀ ਹਿੰਦੀ ਲਿਖਵਾਉਣ ਲਈ ਪ੍ਰੇਰਿਤ ਕੀਤਾ। ਸੰਨ ਚੁਰਾਸੀ ਦੇ ਹਮਲੇ ਸਮੇਂ ਵੀ ਅਡਵਾਨੀ ਵਰਗੇ ਕੱਟੜ ਭਾਜਪਾਈ ਲੋਕਾਂ ਦਾ ਇਹ ਹੀ ਕਹਿਣਾ ਸੀ ਕਿ ਇੰਦਰਾ ਤਾਂ ਦਰਬਾਰ ਸਾਹਿਬ 'ਤੇ ਹਮਲਾ ਕਰਨਾ ਨਹੀਂ ਸੀ ਚਾਹੁੰਦੀ ਪਰ ਅਸੀਂ ਉਸ ਨੂੰ ਮਜਬੂਰ ਕੀਤਾ। ਇਹ ਹੀ ਕਾਰਨ ਸੀ ਕਿ ਦਰਬਾਰ ਸਾਹਿਬ 'ਤੇ ਹਮਲਾ ਕਰਨ ਮਗਰੋਂ ਵਾਜਪਾਈ ਨੇ ਇੰਦਰਾਂ ਨੂੰ ਦੁਰਗਾ ਦਾ ਰੂਪ ਕਿਹਾ ਸੀ। ਆਰ.ਐੱਸ.ਐੱਸ. ਦੇ ਕੱਟੜ ਆਗੂ ਟੰਡਨ ਵਰਗਿਆਂ ਵਲੋਂ ਤਾਂ ਗੁਰੂ ਨਾਨਕ ਦਾਸ ਯੂਨੀਵਰਸਿਟੀ ਦਾ ਵੀ ਰੱਜ ਕੇ ਵਿਰੋਧ ਕੀਤਾ ਗਿਆ ਸੀ।

ਭਾਜਪਾ ਨਾਲ ਗੱਠਜੋੜ ਕਰਨ ਸਮੇਂ ਜੋ ਸਭ ਤੋਂ ਗੰਭੀਰ ਭੁੱਲ ਸ. ਬਾਦਲ ਨੇ ਕੀਤੀ, ਉਹ ਸੀ ਭਾਜਪਾ ਨੂੰ ਬਿਨਾ ਸ਼ਰਤ ਹਿਮਾਇਤ ਦੇਣੀ। ਰਾਜਨੀਤੀ ਵਿਚ ਬਿਨਾ ਸ਼ਰਤ ਹਿਮਾਇਤ ਦਾ ਮਤਲਬ ਹੀ ਰਾਜਨੀਤਿਕ ਖੁਦਕੁਸ਼ੀ ਹੁੰਦਾ ਹੈ। ਇਸ ਨਜ਼ਰੀਏ ਤੋਂ ਬਾਦਲ ਬਾਰੇ ਇਹ ਕਹਿਣਾ ਬਣਦਾ ਹੈ ਕਿ ਬਾਦਲ ਰਾਜਨੀਤੀ ਦਾ ਬੋਹੜ ਤਾਂ ਸੀ ਪਰ ਬਾਬਾ ਨਹੀਂ ਸੀ।

### ਸਬਜ਼ਬਾਗ ਦਿਖਾਉਣ ਵਾਲਾ ਆਗੂ

ਸ. ਬਾਦਲ ਪੰਜਾਬ ਨੂੰ ਕੈਲੀਫੋਰਨੀਆ ਬਨਾਉਣ ਦੇ ਲੰਬੇ ਸਮੇਂ ਤੋਂ ਸਬਜ਼ਬਾਗ ਦਿਖਾਉਂਦਾ ਰਿਹਾ। ਪੰਜਾਬ ਦੇ ਭੋਲੇ-ਭਾਲੇ ਲੋਕ ਹਰ ਵਾਰ ਇਸ ਦੇ ਲਾਰਿਆਂ ਵਿਚ ਪਰਚਦੇ ਰਹੇ। ਬਾਦਲ ਨੇ ਲੋਕਾਂ ਨੂੰ ਮੁਫਤਖੋਰੀ ਦੀ ਆਦਤ ਪਾਈ ਅਤੇ ਉਹ ਮੁਫਤਖੋਰੀ ਪੰਜਾਬ ਨੂੰ ਕਿਸ ਭਾਅ ਪਈ, ਇਸ ਦਾ ਅਜੇ ਤੱਕ ਕੋਈ ਅੰਦਾਜ਼ਾ ਨਹੀਂ ਸੀ। ਕਿਸਾਨਾਂ ਨੂੰ ਮੁਫਤ ਬਿਜਲੀ ਨੇ ਪੰਜਾਬ ਵਿਚ ਆ ਰਹੇ ਪਾਣੀ ਦੇ ਸੰਕਟ ਵਿਚ ਵਾਧਾ ਕੀਤਾ। ਇਸੇ ਤਰ੍ਹਾਂ ਦਾਲ-ਆਟਾ ਸਕੀਮ ਸਿਰਫ ਗਰੀਬ ਲੋਕਾਂ ਦੀ ਵੋਟ ਹਥਿਆਉਣ ਲਈ ਸੀ, ਜਦਕਿ ਲੋਕਾਂ ਦੀ ਲੋੜ ਰੁਜ਼ਗਾਰ ਸੀ, ਨਾ ਕਿ ਖੈਰਾਤ ਦੀ।

ਧਰਮ ਯੁੱਧ ਮੋਰਚੇ ਦੀ ਸ਼ੁਰੂਆਤ ਕਪੂਰੀ ਮੋਰਚੇ ਤੋਂ ਹੋਈ ਸੀ, ਜਿਸ ਦਾ ਕਾਰਨ ਬਾਦਲ ਹੀ ਸੀ, ਜਿਸ ਨੇ ਆਪਣੇ ਮਿੱਤਰ ਦੇਵੀ ਲਾਲ ਨੂੰ ਖੁਸ਼ ਕਰਨ ਲਈ ਸਤਲੁਜ-ਯਮਨਾ ਨਹਿਰ ਦੀ ਪਟਾਈ ਲਈ 2 ਕਰੋੜ ਦਾ ਚੈੱਕ ਲੈ ਕੇ ਟਕਰਾਓ ਦਾ ਵੱਡਾ ਕਾਰਨ ਪੈਦਾ ਕਰ ਦਿੱਤਾ ਸੀ ਅਤੇ ਫਿਰ ਕਾਂਗਰਸ ਦੀ ਸਰਕਾਰ ਸਮੇਂ ਕੈਪਟਨ ਅਮਰਿੰਦਰ ਸਿੰਘ ਨੇ ਇਸ ਨਹਿਰ ਦੀ ਪਟਾਈ ਲਈ ਚਾਂਦੀ ਦੀਆਂ ਕਹੀਆਂ ਨਾਲ ਆਪ ਟੱਕ ਲਵਾਇਆ ਸੀ। ਪੰਜਾਬ ਨੂੰ ਮਿਲਣ ਵਾਲੇ ਪਾਣੀ ਦੀ ਔਸਤ 70 ਫੀਸਦੀ ਹੋਣ ਦੀ ਬਜਾਏ 30 ਫੀਸਦੀ ਹੈ ਅਤੇ ਇਸ ਦਾ ਕਾਰਨ ਬਾਦਲ ਅਤੇ ਬਾਦਲ ਵਰਗੇ ਪੰਜਾਬ ਦੇ ਹੋਰ ਮੁੱਖ ਮੰਤਰੀ ਹਨ, ਜਿਨ੍ਹਾਂ ਨੇ ਆਪਣੀ ਕੁਰਸੀ ਦੀ ਸਲਾਮਤੀ ਲਈ ਪੰਜਾਬ ਦੇ ਹੱਕ ਵੇਚ ਦਿੱਤੇ।

1980 ਵਿਚ ਪੰਜਾਬ ਦਾ ਜਾਨੀ ਅਤੇ ਮਾਲੀ ਤੌਰ 'ਤੇ ਜੋ ਵੀ ਨੁਕਸਾਨ ਹੋਇਆ ਸੀ, ਉਸ ਬਾਰੇ ਖੋਜ ਕਰਨ ਲਈ ਜੋ ਟਰੁੱਥ ਕਮਿਸ਼ਨ ਕਾਇਮ ਕੀਤਾ ਗਿਆ ਸੀ, ਉਸ ਪ੍ਰਤੀ ਸ. ਬਾਦਲ ਨੇ ਸੱਤਾ ਵਿਚ ਆਉਂਦਿਆਂ ਪਿੱਠ ਫੇਰ ਲਈ ਸੀ।

### ਪੰਜਾਬ ਹੀ ਨਹੀਂ, ਭਾਰਤ ਦਾ ਸਭ ਤੋਂ ਵੱਡਾ ਕੁਨਬਾ ਪਰਵਰ ਆਗੂ ਸ: ਬਾਦਲ

ਇੱਕ ਵਾਰ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਇਹ ਵਿਅੰਗ ਕੀਤਾ ਸੀ ਕਿ ਬਾਦਲ ਜਦੋਂ ਵੀ ਉਨ੍ਹਾਂ ਨੂੰ ਮਿਲਦੇ ਹਨ, ਤਾਂ ਉਹ ਆਪਣੇ ਨਿੱਜੀ ਕੰਮਾਂ ਜਾਂ ਪਰਿਵਾਰਕ ਮਾਮਲਿਆਂ ਲਈ ਮਿਲਦੇ ਹਨ। ਸ. ਬਾਦਲ ਨੇ ਹੋਰ ਸੀਨੀਅਰ ਅਕਾਲੀ ਆਗੂਆਂ ਨੂੰ ਛੱਡ ਕੇ ਆਪਣੇ ਪੁੱਤਰ ਸੁਖਬੀਰ ਬਾਦਲ ਨੂੰ ਅਕਾਲੀ ਦਲ ਦਾ ਪ੍ਰਧਾਨ ਬਣਾ ਦਿੱਤਾ। ਆਪਣੇ ਸਕੇ ਭਤੀਜੇ ਮਨਪ੍ਰੀਤ ਬਾਦਲ ਨੂੰ ਵਿੱਤ ਮੰਤਰੀ ਦਾ ਅਹੁਦਾ ਦਿੱਤਾ, ਜੋ ਕਿ ਬਾਅਦ ਵਿਚ ਕਾਂਗਰਸ ਵਿਚ ਚਲਾ ਗਿਆ। ਉਨ੍ਹਾਂ ਆਪਣੇ ਜਵਾਈ ਅਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਸਿਵਲ ਸਪਲਾਈ ਦਾ ਮੰਤਰੀ ਬਣਾ ਦਿੱਤਾ ਅਤੇ ਆਪਣੀ ਨੂੰਹ ਰਾਣੀ ਹਰਸਿਮਰਤ ਕੌਰ ਨੂੰ ਕੇਂਦਰ ਵਿਚ ਮੰਤਰੀ ਬਣਾ ਕੇ ਉਸ ਦੇ ਭਰਾ ਬਿਕਰਮ ਸਿੰਘ ਮਜੀਠੀਆ ਨੂੰ ਲੋਕ ਸੰਪਰਕ ਮੰਤਰੀ ਬਣਾਇਆ। ਇਸ ਕਿਸਮ ਦਾ ਪਰਿਵਾਰਵਾਦ ਅਤੇ ਖੁਦਗਰਜ਼ੀ ਦੇਖ ਕੇ ਜਸਟਿਸ ਕਾਟਜੂ ਵਰਗੇ ਲੋਕਾਂ ਨੇ ਸ. ਬਾਦਲ 'ਤੇ ਬੜੇ ਵਿਅੰਗ ਕੀਤੇ ਅਤੇ ਲਾਹਨਤਾਂ ਪਾਈਆਂ ਸਨ।

### ਪੰਜਾਬ ਵਿਚ ਡੇਰੇਵਾਦ ਨੂੰ ਬੜਾਵਾ ਦੇਣ ਵਾਲਾ ਆਗੂ

ਸੰਨ 1978 ਨਿਰੰਕਾਰੀ ਨੇ ਜੋ ਅੰਮ੍ਰਿਤਸਰ ਵਿਚ 13 ਸਿੰਘਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ, ਤਾਂ ਪੰਜਾਬ ਦੇ ਦੁਖਾਂਤ ਦਾ ਮੁੱਢ ਉਸ ਸਾਕੇ ਨੇ ਬੰਨ੍ਹਿਆ। ਸਿੱਖ ਸਮੂਹ ਵਿਚ ਵੱਡਾ ਰੋਸ ਸੀ ਕਿ ਨਿਰੰਕਾਰੀ ਜਾਣਬੁੱਝ ਕੇ ਗੁਰੂ ਸਾਹਿਬਾਨ ਦੀ ਬੇਅਦਬੀ ਕਰਦੇ ਸਨ। ਉਸ ਵੇਲੇ ਬਾਦਲ ਮੁੱਖ ਮੰਤਰੀ ਸੀ, ਜਿਸ ਨੇ ਏਨੀ ਵੱਡੀ ਕਤਲੋਗਾਰਤ ਹੋਣ ਤੋਂ ਬਾਅਦ ਵੀ ਗੁਰਬਚਨੇ ਨੂੰ ਗ੍ਰਿਫਤਾਰ ਕਰਨ ਦੀ ਬਜਾਏ ਦਿੱਲੀ ਤੱਕ ਸੁਰੱਖਿਅਤ ਲਾਂਘਾ ਦਿੱਤਾ ਸੀ ਅਤੇ ਫਿਰ ਉਸ ਦਾ ਕੇਸ ਪਜਾਬ ਤੋਂ ਬਾਹਰ ਹਰਿਆਣੇ ਕਰਨਾਲ ਤੋਂ ਚਲਾਇਆ, ਜਿਸ ਵਿਚ ਉਹ ਬਰੀ ਹੋ ਗਿਆ ਸੀ।

ਜਦੋਂ ਤੋਂ ਬਾਦਲ ਨੇ ਡੇਰੇਵਾਦੀਆਂ ਦੇ ਜਾ ਕੇ ਮੱਥੇ ਟੇਕਣੇ ਸ਼ੁਰੂ ਕੀਤੇ, ਉਦੋਂ ਤੋਂ ਹੀ ਉਨ੍ਹਾਂ ਦਾ ਪੰਜਾਬ ਵਿਚ ਬੋਲਬਾਲਾ ਵਧਦਾ ਗਿਆ। ਨਿਰੰਕਾਰੀਆਂ ਤੋਂ ਬਾਅਦ ਇਸ ਦੀ ਸਭ ਤੋਂ ਭੱਦੀ ਤਸਵੀਰ ਸੌਦੇ ਵਾਲੇ ਦੇ ਪੈਰਾਂ 'ਤੇ ਡਿੱਗਣਾ ਸੀ। ਗੁਰਮੀਤ ਸੌਦੇ ਵਾਲੇ ਨੂੰ ਅਕਾਲ ਤਖਤ ਦੇ ਜਥੇਦਾਰ ਗੁਰਬਚਨ ਸਿੰਘ ਕੋਲੋਂ ਕਲੀਨ ਚਿੱਟ ਦਵਾਉਣੀ ਸ. ਬਾਦਲ ਦੀ ਸਭ ਤੋਂ ਖਤਰਨਾਕ ਪੰਥ ਵਿਰੋਧੀ ਹਰਕਤ ਸੀ। ਇਸ ਤੋਂ ਬਾਅਦ ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਟਕਿਆਂ ਦੀ ਬੇਅਦਬੀ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ। ਬੇਅਦਬੀ ਦੇ ਅੰਦੋਲਨ ਦੌਰਾਨ ਬਾਦਲ ਵਲੋਂ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀਕਾਂਡ ਨੇ ਉਸ ਨੂੰ 2017 ਦੀਆਂ ਚੋਣਾਂ ਵਿਚ ਬਾਹਰ ਦਾ ਰਾਹ ਦਿਖਾਇਆ ਸੀ। ਅਕਾਲੀ ਦਲ ਦੇ 100 ਸਾਲਾ ਇਤਹਾਸ ਵਿਚ ਇਸ ਵਾਰ ਦਾ ਸਭ ਤੋਂ ਮਾੜਾ ਪ੍ਰਦਰਸ਼ਨ ਸੀ। ਬਾਦਲ ਨੇ ਨੂਰਮਹਿਲੀਏ ਅਸ਼ੂਤੋਸ਼ ਅਤੇ ਹੋਰ ਪੰਥ ਵਿਰੋਧੀਆਂ ਨੂੰ ਬੜਾਵਾ ਦਿੱਤਾ। ਆਪ ਉਹ ਪੁੱਛਾਂ ਵਾਲਿਆਂ ਦੇ ਜਾਂਦਾ ਰਿਹਾ। ਪ੍ਰਕਾਸ਼ ਸਿੰਘ ਬਾਦਲ ਅਤੇ ਉਸ ਦੇ ਪੁੱਤਰ ਦੇ ਹੱਥੀਂ ਮੋਟੇ ਨਗਾਂ ਵਾਲੀਆਂ ਮੁੰਦੀਆਂ ਦਾ ਮਤਲਬ ਪਿਓ-ਪੁੱਤਰ ਜੋਤਸ਼ੀਆਂ ਵਿਚ ਯਕੀਨ ਰੱਖਦੇ ਸਨ।

### ਦਾਗੀ ਪੁਲਸੀਆਂ ਨੂੰ ਤਰੱਕੀਆਂ ਦੇਣੀਆਂ ਅਤੇ ਆਪਣੀ ਜਾਇਦਾਦ ਵਿਚ ਬੇਅੰਤ ਵਾਧਾ ਕਰਨਾ

ਸ. ਬਾਦਲ ਨੇ ਸੁਮੇਧ ਸੈਣੀ ਅਤੇ ਇਜ਼ਹਾਰ ਆਲਮ ਵਰਗੇ ਉਨ੍ਹਾਂ ਦਾਗੀ ਪੁਲਸੀਆਂ ਨੂੰ ਤਰੱਕੀਆਂ ਦਿੱਤੀਆਂ, ਜਿਨ੍ਹਾਂ ਦੇ ਹੱਥ ਸਿੱਖ ਨੌਜਵਾਨਾਂ ਦੇ ਲਹੂ ਨਾਲ ਰੰਗੇ ਹੋਏ ਸਨ। ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਖਿਲਾਫ ਬਹਿਬਲ ਗੋਲੀ ਕਾਂਡ ਵਿਜੀਲੈਂਸ ਦੀ ਪੜਤਾਲ ਜਾਰੀ ਹੈ। ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ ਦੀ ਸਾਥੀ ਰਹੀ ਨਿਰਪ੍ਰੀਤ ਕੌਰ ਨੇ ਇਲਜ਼ਾਮ ਲਾਇਆ ਸੀ ਕਿ ਸੈਣੀ ਨੇ ਭਾਈ ਜਟਾਣਾ ਦੇ ਪਰਿਵਾਰ ਨੂੰ ਜਿੰਦਾ ਸਾੜਿਆ ਸੀ। ਸਾਬਕਾ ਡੀ.ਜੀ.ਪੀ. ਇਜ਼ਹਾਰ ਆਲਮ ਦੀ ਪਤਨੀ ਫਰਜ਼ਾਨਾ ਆਲਮ ਨੂੰ ਇਸਤਰੀ ਅਕਾਲੀ ਦਲ ਦੀ ਜਨਰਲ ਸਕੱਤਰ ਬਣਾਇਆ ਗਿਆ, ਜਿਸ ਨੇ ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜੀ ਸੀ। ਸ. ਬਾਦਲ 'ਤੇ ਇਹ ਵੀ ਦੋਸ਼ ਰਿਹਾ ਹੈ ਕਿ ਉਸ ਦਾ ਕੇ.ਪੀ.ਐੱਸ. ਗਿੱਲ ਦੇ ਘਰ ਆਉਣਾ-ਜਾਣਾ ਰਿਹਾ ਹੈ, ਜਿਸ ਦਾ ਨਾਮ ਸਿੱਖ ਨੌਜਵਾਨਾਂ 'ਤੇ ਝੂਠੇ ਪੁਲਿਸ ਮੁਕਾਬਲਿਆਂ ਵਿਚ ਸਿੱਖਰ 'ਤੇ ਰਿਹਾ ਹੈ।

ਸ. ਬਾਦਲ ਨੇ ਆਪਣੇ ਰਾਜ ਵਿਚ ਆਪਣੀ ਜਾਇਦਾਦ ਵਿਚ ਬੇਹੱਦ ਵਾਧਾ ਕੀਤਾ, ਜਦ ਕਿ ਬੀਬੀ ਸੁਰਿੰਦਰ ਕੌਰ ਦਾ ਵਸੂਲੀ ਵਿਚ ਸ਼ਰੇਆਮ ਨਾਮ ਨਸ਼ਰ ਹੁੰਦਾ ਰਿਹਾ ਸੀ।

ਸੰਨ 2002 ਨੂੰ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੇਲੇ ਬਾਦਲ ਸਰਕਾਰ ਵਲੋਂ 3000 ਕਰੋੜ ਰੁਪਏ ਦੀ ਨਾਜਾਇਜ਼ ਜਾਇਦਾਦ ਦੇ ਤਫਤੀਸ਼ ਵਿਜੀਲੈਂਸ ਨੂੰ ਸੌਂਪੀ ਗਈ ਸੀ। 2003 ਵਿਚ ਇਸ ਸਬੰਧੀ ਦੋਵੇਂ ਪਿਓ-ਪੁੱਤਰ ਦੀ ਗ੍ਰਿਫਤਾਰੀ ਵੀ ਹੋਈ ਪਰ ਛੇਤੀ ਹੀ ਉਹ ਜ਼ਮਾਨਤ 'ਤੇ ਛੱਡ ਦਿੱਤੇ ਗਏ। ਇਸ ਕੇਸ ਵਿਚ ਵਿਜੀਲੈਂਸ ਬਿਓਰੋ ਨੇ 78 ਕਰੋੜ ਰੁਪਏ ਦੀ ਚਾਰਜਸ਼ੀਟ ਅਦਾਲਤ ਵਿਚ ਪੇਸ਼ ਕੀਤੀ ਸੀ। ਸੰਨ 2007 ਵਿਚ ਸ: ਬਾਦਲ ਜਦੋਂ ਮੁੜ ਸੱਤਾ ਵਿਚ ਆਏ, ਤਾਂ ਇਸ ਜਾਂਚ ਸਬੰਧੀ ਅਫਸਰ ਅਤੇ ਗਵਾਹ ਮੁੱਕਰ ਗਏ ਸਨ ਜਾਂ ਮੁਕਰਾ ਦਿੱਤੇ ਗਏ ਸਨ ਤੇ ਸਬੂਤਾਂ ਦੀ ਘਾਟ ਕਾਰਨ ਪਿਓ-ਪੁੱਤਰ ਬਰੀ ਹੋ ਗਏ ਸਨ। ਹਰਸਿਮਰਤ ਕੌਰ ਬਾਦਲ ਦੇ ਭਰਾ ਬਿਕਰਮ ਮਜੀਠੀਆ 'ਤੇ ਡਰੱਗ ਮਾਫੀਆ ਅਤੇ ਮਾਈਨਿੰਗ ਮਾਫੀਆਂ ਦੀ ਪੁਸ਼ਤਪਨਾਹੀ ਦੇ ਦੋਸ਼ ਲੱਗੇ ਪਰ ਉਹ ਗ੍ਰਿਫਤਾਰ ਹੋ ਕੇ ਮੁੜ ਰਿਹਾਅ ਹੋ ਗਿਆ।

ਏਨੇ ਗੰਭੀਰ ਇਲਜ਼ਾਮਾਂ ਦੇ ਹੁੰਦਿਆਂ ਹੋਇਆਂ ਵੀ ਸ. ਬਾਦਲ ਨੂੰ ਸ੍ਰੀ ਅਕਾਲ ਤਖਤ ਤੋਂ ਪੰਥ ਰਤਨ ਅਤੇ ਫਖਰੇ-ਏ-ਕੌਮ ਦੇ ਖਿਤਾਬ ਦੁਆਏ ਗਏ। ਭਾਜਪਾ ਦੇ ਪ੍ਰਭਾਵ ਹੇਠ ਸ: ਬਾਦਲ ਨੂੰ 'ਪਦਮ ਭੂਸ਼ਨ' ਵੀ ਦਿੱਤਾ ਗਿਆ।

### ਅਕਾਲੀ ਦਲ ਦੀ ਹੋਂਦ ਖਤਰੇ ਵਿਚ ਪੈ ਗਈ

ਸ. ਬਾਦਲ ਵਲੋਂ ਅਕਾਲੀ ਪਾਰਟੀ ਨੂੰ 'ਪੰਜਾਬ ਪਾਰਟੀ' ਐਲਾਨਣ ਨੂੰ ਕੁਝ ਲੋਕ ਤਾਂ ਸਿੱਖ ਰਾਜਨੀਤੀ ਦੇ ਹੱਕ ਵਿਚ ਸਮਝਦੇ ਹਨ, ਜਦਕਿ ਕੁਝ ਲੋਕਾਂ ਦਾ ਖਿਆਲ ਹੈ ਕਿ ਇਸ ਨਾਲ ਅਕਾਲੀ ਪਾਰਟੀ ਦੀ ਪਛਾਣ ਨੂੰ ਬਹੁਤ ਵੱਡਾ ਧੱਕਾ ਲੱਗਿਆ। ਸ਼੍ਰੋਮਣੀ ਅਕਾਲੀ ਦਲ ਦਾ ਗਠਨ 14 ਦਸੰਬਰ 1920 ਨੂੰ ਹੋਇਆ ਸੀ ਅਤੇ ਇਹ ਕਾਂਗਰਸ ਤੋਂ ਬਾਅਦ ਭਾਰਤ ਦੀ ਸਭ ਤੋਂ ਪੁਰਾਣੀ ਸਿਆਸੀ ਪਾਰਟੀ ਰਹੀ ਹੈ। ਜਿਸ ਗੰਭੀਰ ਸੰਕਟ ਵਿਚ ਬਾਦਲ ਨੇ ਅਕਾਲੀ ਦਲ ਨੂੰ ਛੱਡਿਆ ਹੈ, ਕੀ ਭਵਿੱਖ ਵਿਚ ਅਕਾਲੀ ਦਲ ਇਸ ਸੰਕਟ ਵਿਚੋਂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਵਾਪਸ ਪੈਰੀਂ ਆ ਸਕਦਾ ਹੈ, ਕਹਿਣਾ ਮੁਸ਼ਕਲ ਹੈ।

ਪ੍ਰਮੁੱਖ ਸਿੱਖ ਸੰਸਥਾਵਾਂ ਨੂੰ ਬਾਦਲ ਵਲੋਂ ਨਿੱਜੀ ਕਬਜ਼ੇ ਵਿਚ ਲੈਣਾ

ਸ਼੍ਰੋਮਣੀ ਕਮੇਟੀ ਅਤੇ ਉਸ ਦੇ ਪ੍ਰਧਾਨ ਦੀ ਸਾਰੀ ਤਾਕਤ ਅਤੇ ਪ੍ਰਧਾਨ ਥਾਪਣ ਦੇ ਸਾਰੇ ਅਧਿਕਾਰ ਬਾਦਲ ਨੇ ਆਪਣੇ ਹੱਥਾਂ ਹੇਠ ਲੈ ਲਏ ਸਨ। ਇਹ ਗੱਲ ਮਸ਼ਹੂਰ ਹੋ ਗਈ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਸ. ਬਾਦਲ ਦੇ ਲਿਫਾਫੇ ਵਿਚੋਂ ਨਿਕਲਦਾ ਹੈ। ਇਸੇ ਤਰ੍ਹਾਂ ਹੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਚੋਣ ਦੇ ਵੀ ਸਾਰੇ ਹੱਕ ਬਾਦਲ ਨੇ ਆਪਣੇ ਹੱਥਾਂ ਵਿਚ ਲੈ ਲਏ ਅਤੇ ਇਹ ਵੀ ਕਿਹਾ ਜਾਣ ਲੱਗ ਪਿਆ ਕਿ ਅਕਾਲ ਤਖਤ ਦਾ ਜਥੇਦਾਰ ਵੀ ਬਾਦਲ ਦੇ ਲਿਫਾਫੇ ਵਿਚੋਂ ਹੀ ਨਿਕਲਦਾ ਹੈ। ਅਕਾਲੀ ਦਲ ਦਾ ਏਕਾ-ਅਧਿਕਾਰ ਵੀ ਬਾਦਲ ਨੇ ਆਪਣੇ ਹੱਥਾਂ ਵਿਚ ਲੈ ਲਿਆ ਅਤੇ ਦਾੜ੍ਹੀ ਬੰਨ੍ਹਦੇ ਆਪਣੇ ਗੈਰ ਅੰਮ੍ਰਿਤਧਾਰੀ ਮੁੰਡੇ ਨੂੰ ਅਕਾਲੀ ਦਲ ਦਾ ਪ੍ਰਧਾਨ ਬਣਾ ਕੇ ਇਤਿਹਾਸਕ ਅਕਾਲੀ ਦਲ ਨੂੰ ਦਲ-ਦਲ ਵਿਚ ਧੱਕਣ ਦਾ ਰਾਹ ਪੱਧਰਾ ਕਰ ਦਿੱਤਾ।

ਪੁੱਤਰ ਮੋਹ ਵਿਚ ਟਕਸਾਲੀ ਅਕਾਲੀਆਂ ਨੂੰ ਅਲੱਗ-ਥਲੱਗ ਕਰ ਦਿੱਤਾ

ਅਕਾਲੀ ਦਲ ਵਿਚ ਆਪਣੇ ਵਿਰੋਧ ਦੀ ਹਰ ਸੰਭਾਵਨਾ ਨੂੰ ਖਤਮ ਕਰਨ ਲਈ ਬਾਦਲ ਨੇ ਕੱਦਾਵਰ ਆਗੂਆਂ ਨੂੰ ਬਾਹਰ ਦਾ ਰਾਹ ਵਿਖਾਉਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਵਿਚ ਕੁਲਦੀਪ ਸਿੰਘ ਵਡਾਲਾ, ਸ. ਮਨਜੀਤ ਸਿੰਘ ਕਲਕੱਤਾ, ਕੈਪਟਨ ਕੰਵਲਜੀਤ ਸਿੰਘ ਬਰਾੜ, ਰਣਜੀਤ ਸਿੰਘ ਬ੍ਰਹਮਪੁਰਾ ਅਤੇ ਸੁਖਦੇਵ ਸਿੰਘ ਢੀਂਡਸਾ ਵਰਗੇ ਅਨੇਕਾਂ ਨਾਮ ਲਏ ਜਾ ਸਕਦੇ ਹਨ।

ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਸਰਕਾਰ ਵਿਚ ਬਾਦਲ ਨੇ ਆਪਣੇ ਪੁੱਤਰ ਨੂੰ ਕੇਂਦਰ ਦੀ ਸੱਤਾ ਵਿਚ ਸਥਾਪਤ ਕੀਤਾ ਅਤੇ 2014 ਦੀ ਸਰਕਾਰ ਵੇਲੇ ਆਪਣੀ ਨੂੰਹ ਹਰਸਿਮਰਤ ਕੌਰ ਬਾਦਲ ਨੂੰ ਕੇਂਦਰ ਵਿਚ ਕੈਬਨਿਟ ਮਨਿਸਟਰ ਬਣਾਇਆ। ਆਪਣੀ ਵਜ਼ਾਰਤ ਵੇਲੇ ਇਨ੍ਹਾਂ ਦੇ ਪਰਿਵਾਰ ਪਸਾਰੇ ਵਿਚੋਂ ਵੀਹ ਤੋਂ ਵੱਧ ਐੱਮ.ਐੱਲ.ਏ. ਬਣੇ ਅਤੇ ਕਰੀਬ ਅੱਧੀ ਦਰਜਨ ਬਾਦਲ ਦੇ ਰਿਸ਼ਤੇਦਾਰਾਂ ਕੋਲ ਕੈਬਨਿਟ ਦੇ ਅਹੁੱਦੇ ਸਨ। ਹੁਣ ਸਿੱਖ ਨਾ ਤਾਂ ਬਾਦਲਾਂ ਦੀ ਪਰਿਵਾਰਕ ਅਗਵਾਈ ਨੂੰ ਮੰਨਣ ਲਈ ਤਿਆਰ ਹਨ ਅਤੇ ਨਾ ਹੀ ਪੰਜਾਬ ਦੇ ਕਿਸੇ ਵੀ ਹੋਰ ਮੁੱਦੇ 'ਤੇ ਬਾਦਲ ਪਰਿਵਾਰ ਨੂੰ ਵਿਸ਼ਵਾਸ ਪਾਤਰ ਸਮਝਿਆ ਜਾਂਦਾ ਹੈ।

ਬਾਦਲ ਦੇ ਜਾਣ ਬਾਅਦ

ਬਾਦਲ ਦੀ ਮੌਤ ਤੋਂ ਤਤਕਾਲ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਦਿੱਲੀ ਤੋਂ ਚੰਡੀਗੜ੍ਹ ਆ ਕੇ ਬਾਦਲ ਦੇ ਪੈਰਾਂ 'ਤੇ ਮੱਥਾ ਟੇਕਣਾ ਅਤੇ ਫਿਰ ਭਾਰਤੀ ਮੀਡੀਏ ਵਿਚ ਲੇਖ ਛਾਪ ਕੇ ਬਾਦਲ ਨੂੰ ਪਿਤਾ ਵਜੋਂ ਪੇਸ਼ ਕਰਨ ਵਰਗੀਆਂ ਹਰਕਤਾਂ ਤੋਂ ਜਾਪ ਰਿਹਾ ਹੈ ਕਿ ਬਾਦਲ ਅਕਾਲੀ ਦਲ ਅਤੇ ਭਾਜਪਾ ਦਾ ਮੁੜ ਗੱਠਜੋੜ ਦੀ ਸੰਭਾਵਨਾ ਹੈ।

ਇਸ ਵੇਲੇ ਅਕਾਲੀ ਦਲ ਦਾ ਗਠਜੋੜ ਬਹੁਜਨ ਸਮਾਜ ਪਾਰਟੀ ਨਾਲ ਹੈ ਅਤੇ ਇਹ ਦੂਜੀ ਵਾਰ ਹੈ, ਜਦੋਂ ਸ਼੍ਰੋਮਣੀ ਅਕਾਲੀ ਦਲ 'ਬਸਪਾ' ਨੂੰ ਠਿੱਬੀ ਲਉਣ ਦੀ ਤਾਕ ਵਿਚ ਹੈ। ਪਹਿਲਾਂ 1996 ਵਿਚ ਲੋਕ ਸਭਾ ਚੋਣਾਂ ਵੇਲੇ ਅਕਾਲੀ ਦਲ ਦਾ ਬਸਪਾ ਨਾਲ ਗਠਜੋੜ ਸੀ, ਜਦੋਂਕਿ ਪੰਜਾਬ ਦੀਆਂ 13 ਵਿਚੋਂ 11 ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ। ਉਸ ਵੇਲੇ ਦੇ ਗਠਜੋੜ ਵਿਚ 8 ਐੱਮ.ਪੀ. ਅਕਾਲੀ ਦਲ ਦੇ ਸਨ ਅਤੇ 3 ਬੀ.ਐੱਸ.ਪੀ. ਦੇ। ਪਰ ਕੀ ਬਸਪਾ ਨੂੰ ਛੱਡ ਕੇ ਬੀ.ਜੇ.ਪੀ. ਨਾਲ ਨੇੜਤਾ ਕਰਕੇ ਸੁਖਬੀਰ ਬਾਦਲ ਮੁੜ ਆਪਣੇ ਅਕਾਲੀ ਦਲ ਨੂੰ ਸੁਰਜੀਤ ਕਰ ਸਕੇਗਾ, ਇਹ ਤਾਂ ਸਮਾਂ ਹੀ ਦੱਸੇਗਾ, ਜਦਕਿ ਹੁਣ ਉਸ ਦੇ ਸਿਰ 'ਤੇ ਪੰਜਾਬ ਦੀ ਰਾਜਨੀਤੀ ਦੇ ਬਾਬੇ ਬੋਹੜ ਦਾ ਹੱਥ ਨਹੀਂ ਹੈ, ਜਿਸ ਦੇ ਪ੍ਰਛਾਵੇਂ ਹੇਠ ਪੰਜਾਬ ਬੰਜਰ ਹੁੰਦਾ ਚਲਾ ਗਿਆ।



# ਪੱਤਰਕਾਰੀ ਸੁਤੰਤਰਤਾ ਗੁਆ ਰਹੀ ਹੈ : ਡਾ. ਪ੍ਰਿਅੰਕਾ ਸੌਰਭ

## (3 ਮਈ ਪ੍ਰੈੱਸ ਆਜ਼ਾਦੀ ਦਿਵਸ ਵਿਸ਼ੇਸ਼)



ਮੀਡੀਆ ਲੋਕਤੰਤਰ ਵਿਚ ਜਨਤਕ ਹਿੱਤਾਂ ਦੇ ਰਾਖੇ ਵਜੋਂ ਕੰਮ ਕਰਦਾ ਹੈ। ਇਹ ਲੋਕਤੰਤਰ ਵਿਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ਅਤੇ ਲੋਕਾਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਹੱਤਵ ਦੀਆਂ ਘਟਨਾਵਾਂ ਬਾਰੇ ਸੂਚਿਤ ਕਰਨ ਲਈ ਕੰਮ ਕਰਦਾ ਹੈ। ਲੋਕਤੰਤਰੀ ਦੇਸ਼ਾਂ ਵਿਚ ਮੀਡੀਆ ਨੂੰ ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ ਦੇ ਨਾਲ "ਚੌਥੀ ਜਾਇਦਾਦ" ਮੰਨਿਆ ਜਾਂਦਾ ਹੈ। ਪਾਠਕਾਂ ਨੂੰ ਪ੍ਰਭਾਵਿਤ ਕਰਨ ਵਿਚ ਇਸਦੀ ਮਹੱਤਤਾ ਦਾ ਅੰਦਾਜ਼ਾ ਉਸ ਭੂਮਿਕਾ ਤੋਂ ਲਗਾਇਆ ਜਾ ਸਕਦਾ ਹੈ, ਜੋ ਇਸ ਨੇ ਸੁਤੰਤਰਤਾ ਸੰਗਰਾਮ ਦੌਰਾਨ ਨਿਭਾਈ, ਰਾਜਨੀਤਿਕ ਤੌਰ 'ਤੇ ਉਨ੍ਹਾਂ ਲੱਖਾਂ ਭਾਰਤੀਆਂ ਨੂੰ ਸਿੱਖਿਅਤ ਕੀਤਾ, ਜੋ ਬ੍ਰਿਟਿਸ਼ ਸਾਮਰਾਜਵਾਦ ਦੇ ਵਿਰੁੱਧ ਉਨ੍ਹਾਂ ਦੀ ਲੜਾਈ ਵਿਚ ਸ਼ਾਮਲ ਹੋਏ ਸਨ।

ਪੱਤਰਕਾਰੀ ਇੱਕ ਪੇਸ਼ਾ ਹੈ, ਜੋ ਸੇਵਾ ਕਰਦਾ ਹੈ। ਇਹ ਦੂਜਿਆਂ ਤੋਂ ਪੁੱਛ-ਗਿੱਛ ਕਰਨ ਦਾ ਸਨਮਾਨ ਵੀ ਖੋਹ ਲੈਂਦਾ ਹੈ। ਪੱਤਰਕਾਰੀ ਦਾ ਮੁੱਢਲਾ ਉਦੇਸ਼ ਲੋਕ ਹਿੱਤ ਦੇ ਮੁੱਦਿਆਂ 'ਤੇ ਨਿਰਪੱਖ, ਸਹੀ, ਨਿਰਪੱਖ ਅਤੇ ਸੱਭਿਅਕ ਢੰਗ ਨਾਲ ਅਤੇ ਭਾਸ਼ਾ ਵਿਚ ਖ਼ਬਰਾਂ, ਵਿਚਾਰਾਂ, ਟਿੱਪਣੀਆਂ ਅਤੇ ਜਾਣਕਾਰੀ ਨਾਲ ਲੋਕਾਂ ਦੀ ਸੇਵਾ ਕਰਨਾ ਹੈ। ਪ੍ਰੈੱਸ ਲੋਕਤੰਤਰ ਦਾ ਜ਼ਰੂਰੀ ਥੰਮ੍ਹ ਹੈ। ਇਹ ਜਨਤਕ ਰਾਏ ਨੂੰ ਸ਼ੁੱਧ ਅਤੇ ਆਕਾਰ ਦਿੰਦਾ ਹੈ। ਸੰਸਦੀ ਲੋਕਤੰਤਰ ਮੀਡੀਆ ਦੀਆਂ ਨਜ਼ਰਾਂ ਹੇਠ ਹੀ ਵਧ-ਫੁੱਲ ਸਕਦਾ ਹੈ। ਮੀਡੀਆ ਸਿਰਫ਼ ਰਿਪੋਰਟਾਂ ਹੀ ਨਹੀਂ ਦਿੰਦਾ, ਸਗੋਂ ਰਾਜ ਅਤੇ ਜਨਤਾ ਵਿਚਕਾਰ ਪੁਲ ਦਾ ਕੰਮ ਵੀ ਕਰਦਾ ਹੈ।


ਨਿੱਜੀ ਟੀ.ਵੀ. ਚੈਨਲਾਂ ਦੇ ਆਉਣ ਨਾਲ ਮੀਡੀਆ ਨੇ ਮਨੁੱਖੀ ਜੀਵਨ ਅਤੇ ਸਮਾਜ ਦੇ ਹਰ ਖੇਤਰ ਵਿਚ ਆਪਣੀ ਵਾਗਡੋਰ ਸੰਭਾਲ ਲਈ ਹੈ। ਮੀਡੀਆ ਅੱਜ ਚੌਥੀ ਸੰਪੱਤੀ ਵਜੋਂ ਸੰਤੁਸ਼ਟ ਨਹੀਂ ਹੈ, ਇਸਨੇ ਸਮਾਜ ਅਤੇ ਸ਼ਾਸਨ ਵਿਚ ਬਹੁਤ ਮਹੱਤਵ ਗ੍ਰਹਿਣ ਕਰ ਲਿਆ ਹੈ। ਮੁਖਬਰ ਦੀ ਭੂਮਿਕਾ ਨਿਭਾਉਣ ਦੇ ਨਾਲ-ਨਾਲ ਮੀਡੀਆ ਵੀ ਪ੍ਰੇਰਕ ਅਤੇ ਆਗੂ ਦਾ ਰੂਪ ਧਾਰ ਲੈਂਦਾ ਹੈ। ਮੀਡੀਆ ਦਾ ਅਜਿਹਾ ਪ੍ਰਭਾਵ ਹੈ ਕਿ ਇਹ ਕਿਸੇ ਵਿਅਕਤੀ, ਸੰਸਥਾ ਜਾਂ ਵਿਚਾਰ ਨੂੰ ਬਣਾ ਜਾਂ ਤੋੜ ਸਕਦਾ ਹੈ। ਇਸ ਲਈ ਅੱਜ ਸਮਾਜ ਉੱਤੇ ਸਭ ਵਿਆਪਕ ਅਤੇ ਸਰਬ-ਸ਼ਕਤੀਮਾਨ ਇਸਦਾ ਪ੍ਰਭਾਵ ਹੈ। ਇੰਨੀ ਸ਼ਕਤੀ ਅਤੇ ਅਧਿਕਾਰ ਦੇ ਨਾਲ, ਮੀਡੀਆ ਆਪਣੇ ਵਿਸ਼ੇਸ਼ ਅਧਿਕਾਰਾਂ, ਕਰਤੱਵਾਂ ਅਤੇ ਜ਼ਿੰਮੇਵਾਰੀਆਂ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ।

ਅੱਜ ਪੇਡ ਨਿਊਜ਼, ਮੀਡੀਆ ਟ੍ਰਾਇਲ, ਨਾਨ-ਮਸਲਿਆਂ ਨੂੰ ਅਸਲ ਖ਼ਬਰਾਂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ, ਜਦੋਂਕਿ ਅਸਲ ਮੁੱਦਿਆਂ ਨੂੰ ਦਰਕਿਨਾਰ ਕੀਤਾ ਜਾ ਰਿਹਾ ਹੈ, ਅਸਲ ਅਤੇ ਸਮਾਜਿਕ ਹਿੱਤਾਂ ਦੀਆਂ ਖ਼ਬਰਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ ਅਤੇ ਲਾਭ ਅਤੇ ਸਿਆਸੀ ਪੱਖ ਲਈ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ, ਜਾਅਲੀ ਖ਼ਬਰਾਂ, ਪੀਲੀ ਪੱਤਰਕਾਰੀ ਕੀਤੀ ਜਾ ਰਹੀ ਹੈ। ਪੇਡ ਨਿਊਜ਼ ਦੇ ਮਾਮਲਿਆਂ ਵਿਚ ਵਾਧੇ ਦੇ ਪਿੱਛੇ, ਭਾਰਤ ਵਿਚ ਜ਼ਿਆਦਾਤਰ ਮੀਡੀਆ ਸਮੂਹ ਵੱਡੇ ਕਾਰਪੋਰੇਟ ਘਰਾਣਿਆਂ ਦੇ ਹਨ, ਜੋ ਇਸ ਖੇਤਰ ਵਿਚ ਕੁਆਂਟਮ ਲਾਭ ਲਈ ਹਨ ਅਤੇ ਸਿਰਫ ਮੁਨਾਫੇ ਲਈ ਕੰਮ ਕਰਦੇ ਹਨ। ਪੱਤਰਕਾਰਾਂ ਦੀ ਘੱਟ ਤਨਖਾਹ ਅਤੇ ਜਲਦੀ ਮਸ਼ਹੂਰ ਹੋਣ ਦੀ ਲਾਲਸਾ ਵੀ ਪੀਲੀ ਪੱਤਰਕਾਰੀ ਦਾ ਇੱਕ ਕਾਰਨ ਹੈ।

ਅੰਕੜੇ ਇਹ ਭੇਤ ਵੀ ਉਜਾਗਰ ਕਰਦੇ ਹਨ ਕਿ ਜ਼ਿਆਦਾਤਰ ਸਿਆਸੀ ਪਾਰਟੀਆਂ ਦੇ ਕੁੱਲ ਬਜਟ ਦਾ 40 ਫੀਸਦੀ ਹਿੱਸਾ ਮੀਡੀਆ ਨਾਲ ਸਬੰਧਤ ਖਰਚਿਆਂ ਵੱਲ ਜਾਂਦਾ ਹੈ। ਚੋਣਾਂ ਵਿਚ ਪੈਸੇ ਦੀ ਤਾਕਤ, ਸ਼ਰਾਬ ਅਤੇ ਪੇਡ ਨਿਊਜ਼ ਦੀ ਵਰਤੋਂ ਅੱਜ ਗੰਭੀਰ ਚਿੰਤਾ ਦਾ ਵਿਸ਼ਾ ਹੈ। ਪ੍ਰੈੱਸ ਕੌਂਸਲ ਆਫ ਇੰਡੀਆ ਦੇ ਅਨੁਸਾਰ, ਨਕਦ ਜਾਂ ਹੋਰ ਲਾਭਾਂ ਲਈ ਪ੍ਰਿੰਟ ਜਾਂ ਇਲੈਕਟ੍ਰਾਨਿਕ ਮੀਡੀਆ ਵਿਚ ਪ੍ਰਸਾਰਿਤ ਹੋਣ ਵਾਲੀਆਂ ਖਬਰਾਂ ਨੂੰ ਪੇਡ ਨਿਊਜ਼ ਕਿਹਾ ਜਾਂਦਾ ਹੈ। ਪਰ ਇਹ ਸਾਬਤ ਕਰਨਾ ਬਹੁਤ ਔਖਾ ਕੰਮ ਹੈ ਕਿ ਕਿਸੇ ਵੀ ਚੈਨਲ 'ਤੇ ਦਿਖਾਈਆਂ ਜਾਣ ਵਾਲੀਆਂ ਖਾਸ ਖਬਰਾਂ ਜਾਂ ਅਖਬਾਰਾਂ ਵਿਚ ਛਪੀ ਖਬਰ ਪੇਡ ਨਿਊਜ਼ ਹੀ ਹੁੰਦੀ ਹੈ।

ਬਾਹਰਮੁਖੀ ਪੱਤਰਕਾਰੀ ਦੀ ਅਣਹੋਂਦ ਸਮਾਜ ਵਿਚ ਸੱਚ ਦੀ ਝੂਠੀ ਪੇਸ਼ਕਾਰੀ ਨੂੰ ਜਨਮ ਦਿੰਦੀ ਹੈ, ਜੋ ਲੋਕਾਂ ਦੀ ਧਾਰਨਾ ਅਤੇ ਵਿਚਾਰਾਂ ਨੂੰ ਪ੍ਰਭਾਵਿਤ ਕਰਦੀ ਹੈ। ਜਿਵੇਂ ਕਿ ਕੈਮਬ੍ਰਿਜ ਐਨਾਲਿਟਿਕਾ ਕੇਸ ਵਿਚ ਦੇਖਿਆ ਗਿਆ ਹੈ, ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਪੱਖਪਾਤੀ ਖ਼ਬਰਾਂ ਦੀ ਕਵਰੇਜ ਨੇ ਅਮਰੀਕੀ ਚੋਣਾਂ ਨੂੰ ਪ੍ਰਭਾਵਿਤ ਕੀਤਾ। ਭਾਰਤ ਵਿਚ 26/11 ਦੇ ਅੱਤਵਾਦੀ ਹਮਲਿਆਂ ਦੀ ਕਵਰੇਜ ਵਿਚ ਦੇਖੇ ਗਏ ਸਨਸਨੀਖੇਜ਼ਤਾ ਅਤੇ ਉੱਚ ਟੀ.ਆਰ.ਪੀ. ਦਰਾਂ ਦਾ ਪਿੱਛਾ ਕਰਨ ਲਈ, ਦੇਸ਼ ਦੀ ਅੰਦਰੂਨੀ ਸੁਰੱਖਿਆ ਨੂੰ ਖਤਰੇ ਵਿਚ ਪਾ ਦਿੱਤਾ ਸੀ। ਅਦਾਲਤੀ ਦਿਸ਼ਾ-ਨਿਰਦੇਸ਼ਾਂ ਦੇ ਬਾਵਜੂਦ ਸਨਸਨੀਖੇਜ਼ ਰਿਪੋਰਟਿੰਗ ਨੇ ਬਲਾਤਕਾਰ ਪੀੜਤਾਂ ਅਤੇ ਬਚਣ ਵਾਲਿਆਂ ਦੀ ਪਛਾਣ ਨਾਲ ਸਮਝੌਤਾ ਕੀਤਾ।

ਪ੍ਰਿਅੰਕਾ ਸੌਰਭ
ਰਾਜਨੀਤੀ ਵਿਗਿਆਨ ਵਿਚ ਖੋਜ
ਵਿਦਵਾਨ, ਹਿਸਾਰ, (ਹਰਿਆਣਾ)
ਮੋ : 70153-75570
(Punjab Mail USA)



ਅਦਾਇਗੀ ਖ਼ਬਰਾਂ ਅਤੇ ਜਾਅਲੀ ਖ਼ਬਰਾਂ ਜਨਤਕ ਧਾਰਨਾ ਨੂੰ ਵਿਗਾੜ ਸਕਦੀਆਂ ਹਨ ਅਤੇ ਸਮਾਜ ਦੇ ਅੰਦਰ ਵੱਖ-ਵੱਖ ਭਾਈਚਾਰਿਆਂ ਵਿਚਕਾਰ ਨਫ਼ਰਤ, ਹਿੰਸਾ ਅਤੇ ਅਸਹਿਮਤੀ ਪੈਦਾ ਕਰ ਸਕਦੀਆਂ ਹਨ। ਸੋਸ਼ਲ ਮੀਡੀਆ ਦੇ ਆਉਣ ਨਾਲ, ਤਕਨੀਕੀ ਤਬਦੀਲੀਆਂ, ਮੀਡੀਆ ਦੀ ਪਹੁੰਚ ਡੂੰਘਾਈ ਵਿਚ ਵਧੀ ਹੈ। ਜਨਤਕ ਰਾਏ ਨੂੰ ਪ੍ਰਭਾਵਤ ਕਰਨ ਵਿਚ ਇਸਦੀ ਪਹੁੰਚ ਅਤੇ ਭੂਮਿਕਾ ਪੱਤਰਕਾਰੀ ਨੈਤਿਕਤਾ ਨੂੰ ਲਾਗੂ ਕਰਨ ਲਈ ਇਸਦੀ ਨਿਰਪੱਖਤਾ, ਨਿਰਪੱਖਤਾ ਨੂੰ ਯਕੀਨੀ ਬਣਾਉਣ ਲਈ ਹੋਰ ਵੀ ਮਹੱਤਵਪੂਰਨ ਬਣਾਉਂਦੀ ਹੈ।

ਇਸ ਲਈ ਇਹ ਜ਼ਰੂਰੀ ਹੈ ਕਿ ਮੀਡੀਆ ਨੂੰ ਆਪਣੀ ਮਹੱਤਵਪੂਰਨ ਭੂਮਿਕਾ ਪ੍ਰਭਾਵਸ਼ਾਲੀ ਅਤੇ ਕੁਸ਼ਲਤਾ ਨਾਲ ਨਿਭਾਉਣ ਲਈ, ਮੀਡੀਆ ਨੂੰ ਆਪਣੀ ਸੁਤੰਤਰਤਾ ਅਤੇ ਸੰਪਾਦਕੀ ਸੁਤੰਤਰਤਾ ਨੂੰ ਕਾਇਮ ਰੱਖਦੇ ਹੋਏ ਇੱਕ ਚੰਗੀ ਤਰ੍ਹਾਂ ਪਰਿਭਾਸ਼ਿਤ ਆਚਾਰ ਸੰਹਿਤਾ ਦੇ ਅੰਦਰ ਕੰਮ ਕਰਨਾ ਚਾਹੀਦਾ ਹੈ। ਕਿਉਂਕਿ ਗੈਰ-ਜ਼ਿੰਮੇਵਾਰ ਪੱਤਰਕਾਰੀ ਪਾਬੰਦੀਆਂ ਨੂੰ ਸੱਦਾ ਦਿੰਦੀ ਹੈ, ਮੀਡੀਆ ਦੀ ਆਜ਼ਾਦੀ ਨੂੰ ਲੁੱਟਣਾ, ਪੇਸ਼ੇਵਰ ਆਚਰਣ ਅਤੇ ਨੈਤਿਕ ਅਭਿਆਸ ਮੀਡੀਆ ਦੀ ਆਜ਼ਾਦੀ ਦੀ ਰਾਖੀ ਕਰਨ ਅਤੇ ਮੀਡੀਆ ਵਿਚ ਜਨਤਾ ਦੇ ਨਿਵੇਸ਼ ਕੀਤੇ ਵਿਸ਼ਵਾਸ ਨੂੰ ਕਾਇਮ ਰੱਖਣ ਲਈ ਮਹੱਤਵਪੂਰਨ ਹਨ।

ਬਦਲਦੇ ਸਮੇਂ ਵਿਚ ਮੀਡੀਆ ਨਾਲ ਸਬੰਧਤ ਵਿਦਿਅਕ ਅਦਾਰਿਆਂ ਵਿਚ 'ਨੈਤਿਕਤਾ' ਦਾ ਪ੍ਰਚਾਰ ਹੋਣਾ ਚਾਹੀਦਾ ਹੈ। ਇੱਕ 'ਸੁਤੰਤਰ ਜਾਂਚ ਟੀਮ' ਬਣਾਈ ਜਾਵੇ, ਜੋ ਪੱਤਰਕਾਰੀ ਦੇ ਨਿਰਪੱਖ ਪ੍ਰਸਾਰਣ ਅਤੇ ਸੰਵੇਦਨਸ਼ੀਲ ਜਾਣਕਾਰੀ ਦੇ ਪ੍ਰਸਾਰਣ ਨਾਲ ਸਬੰਧਤ ਕੰਮ ਦੀ ਨਿਗਰਾਨੀ ਕਰੇਗੀ। ਸਮਾਜ ਵਿਗਿਆਨੀਆਂ ਅਤੇ ਮੀਡੀਆ ਵਾਲਿਆਂ ਦੀਆਂ ਮੀਟਿੰਗਾਂ ਨਿਯਮਤ ਅੰਤਰਾਲਾਂ 'ਤੇ ਹੋਣੀਆਂ ਚਾਹੀਦੀਆਂ ਹਨ, ਤਾਂ ਜੋ ਸਾਰੇ ਮਿਲ ਕੇ ਸਮਾਜਿਕ ਸਮੱਸਿਆਵਾਂ ਦੇ ਹੱਲ ਲੱਭ ਸਕਣ ਅਤੇ ਰਣਨੀਤੀ ਬਣਾ ਸਕਣ। ਮੀਡੀਆ ਨੂੰ ਸਿਆਸੀ ਦਬਾਅ ਤੋਂ ਮੁਕਤ ਕੀਤਾ ਜਾਣਾ ਚਾਹੀਦਾ ਹੈ, ਨਾਲ ਹੀ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ 'ਪੱਤਰਕਾਰੀ ਨਾਲ ਸਬੰਧਤ ਜ਼ਾਬਤੇ' ਦੀ ਪਾਲਣਾ ਕੀਤੀ ਜਾਵੇ।

ਅਜੋਕੇ ਦੌਰ ਵਿਚ ਡੇਰਿਆਂ ਵਿਚ ਵੰਡੀ ਪੱਤਰਕਾਰੀ ਸਮਾਜ ਨੂੰ ਗਲਤ ਦਿਸ਼ਾ ਵੱਲ ਲਿਜਾ ਰਹੀ ਹੈ, ਚੌਥਾ ਥੰਮ੍ਹ ਡਿੱਗ ਚੁੱਕਾ ਹੈ। ਕੁਝ ਲੋਕ ਪੱਤਰਕਾਰੀ/ਸਾਹਿਤ ਵਿਚ ਹਨ ਕਿਉਂਕਿ ਉਨ੍ਹਾਂ ਨੂੰ ਆਪਣੇ ਸੁਆਰਥ ਲਈ ਇਸਦੀ ਲੋੜ ਹੁੰਦੀ ਹੈ। ਜਦਕਿ ਕੁਝ ਲੋਕ ਇਸ ਲਈ ਹੁੰਦੇ ਹਨ ਕਿਉਂਕਿ ਪੱਤਰਕਾਰੀ ਅਤੇ ਸਾਹਿਤ ਨੂੰ ਉਨ੍ਹਾਂ ਦੀ ਲੋੜ ਹੁੰਦੀ ਹੈ, ਤਾਂ ਹੀ ਸਮਾਜ ਬਚਿਆ ਹੈ। ਕਈ ਅਜਿਹੇ ਵੀ ਹਨ, ਜੋ ਸੱਚ ਅਤੇ ਸੰਤੁਲਨ ਲਿਖਣ ਦੀ ਬਜਾਏ ਸਾਲਾਂ ਤੋਂ ਲਟਕਦੇ ਰਹੇ; ਉਨ੍ਹਾਂ ਨੂੰ ਆਪਣੀ ਮੁੱਢਲੀ ਇੱਛਾ ਨਾਲ ਇਨਸਾਫ ਕਰਨਾ ਚਾਹੀਦਾ ਹੈ। ਬਾਕੀ ਦੇਖਣਾ ਹੋਵੇਗਾ, ਪੱਤਰਕਾਰਾਂ ਦੀ ਆਉਣ ਵਾਲੀ ਪੀੜ੍ਹੀ ਨੂੰ ਸੰਤੁਲਿਤ ਫੈਸਲਾ ਲੈ ਕੇ ਅੱਗੇ ਵਧਣਾ ਪਵੇਗਾ, ਤਾਂ ਹੀ ਉਹ ਥੰਮ੍ਹ ਮਜ਼ਬੂਤੀ ਨਾਲ ਖੜ੍ਹਾ ਹੋ ਸਕਦਾ ਹੈ ਅਤੇ ਤਿੰਨਾਂ ਦੀ ਬਰਾਬਰੀ ਕਰ ਸਕਦਾ ਹੈ।

ਇੱਕ ਪਾਸੇ ਮੀਡੀਆ ਲੋਕਾਂ ਦੀ ਜਾਗਰੂਕਤਾ ਦਾ ਇੱਕ ਸ਼ਕਤੀਸ਼ਾਲੀ ਮਾਧਿਅਮ ਹੈ, ਦੂਜੇ ਪਾਸੇ ਇਹ ਸਰਕਾਰ ਨੂੰ ਦੇਸ਼ ਦੀਆਂ ਸਮੱਸਿਆਵਾਂ ਤੋਂ ਜਾਣੂ ਵੀ ਕਰਵਾਉਂਦਾ ਹੈ। ਮੀਡੀਆ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਮੰਨੇ ਜਾਣ ਕਾਰਨ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਦੇਸ਼ ਦੇ ਹਿੱਤ ਵਿਚ ਆਪਣਾ ਉਸਾਰੂ ਯੋਗਦਾਨ ਪਾਵੇ। ਅੱਜ ਦੇ ਬਦਲਦੇ ਸਮੇਂ ਵਿਚ ਮੀਡੀਆ ਦੀ ਭੂਮਿਕਾ ਦੇ ਨਾਲ-ਨਾਲ ਰਿਪੋਰਟਿੰਗ ਦਾ ਤਰੀਕਾ ਵੀ ਬਦਲ ਗਿਆ ਹੈ। ਸਮੇਂ ਨੂੰ ਦੇਖਦੇ ਹੋਏ ਮੀਡੀਆ ਨੂੰ ਆਪਣੇ ਸਵਾਰਥ ਲਈ ਗੀਤ ਗਾਉਣ ਦੀ ਬਜਾਏ ਨਿਰਪੱਖ ਰਾਖੇ ਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ।

# ਅਸਫ਼ਲਤਾ ਵਿਚੋਂ ਹੀ ਮਿਲਦੇ ਨੇ ਸਫ਼ਲਤਾ ਦੇ ਮੂਲ ਮੰਤਰ



ਮੈਂ ਯਤਨ ਕੀਤਾ ਤਾਂ ਅਸਫ਼ਲ ਹੋਇਆ, ਮੈਂ ਵਾਰ-ਵਾਰ ਯਤਨ ਕੀਤੇ, ਤਾਂ ਸਫ਼ਲ ਹੋਇਆ। ਇਹ ਵਿਚਾਰ ਹੈ ਪ੍ਰਸਿੱਧ ਵਿਗਿਆਨੀ ਅਤੇ ਡੇਅਰੀ ਉਦਯੋਗ ਦੇ ਪਿਤਾ ਗੇਲ ਬੌਰਡਨ ਜੋ ਇਹ ਦਰਸਾਉਂਦੇ ਹਨ ਕਿ ਵਾਰ-ਵਾਰ ਕੀਤੇ ਜਾਂਦੇ ਯਤਨ ਹੀ ਸਫ਼ਲਤਾ ਦੀ ਪ੍ਰਾਪਤੀ ਦਾ ਰਾਹ ਹਨ। ਇਸੇ ਤਰ੍ਹਾਂ ਬਲਬ ਦੇ ਨਾਲ-ਨਾਲ ਇੱਕ ਹਜ਼ਾਰ ਤੋਂ ਵੱਧ ਪੇਟੈਂਟ ਆਪਣੇ ਨਾਂ ਕਰਵਾਉਣ ਵਾਲੇ ਥਾਮਸ ਅਲਵਾ ਐਡੀਸਨ ਦੀ ਸੰਘਰਸ਼ਸ਼ੀਲ ਕਹਾਣੀ ਵੀ ਸਾਨੂੰ ਵਾਰ-ਵਾਰ ਸਫਲਤਾ ਦੀ ਪ੍ਰਾਪਤੀ ਲਈ ਕੀਤੇ ਜਾਂਦੇ ਯਤਨਾਂ ਲਈ ਵਚਨਬੱਧ ਹੋਣ ਲਈ ਪ੍ਰੇਰਿਤ ਕਰਦੇ ਹਨ।

ਸੰਸਾਰ ਵਿਚ ਜੋ ਵੀ ਖੋਜਾਂ ਹੋਈਆਂ, ਜਿੰਨੇ ਵੀ ਕੰਮ ਕੀਤੇ ਗਏ, ਉਹ ਪਹਿਲੇ ਗੇੜੇ ਕਦੇ ਵੀ ਨਹੀਂ ਹੋਏ। ਉਸ ਕੰਮ ਲਈ ਕੀਤਾ ਗਿਆ ਸੰਘਰਸ਼, ਕੰਮ ਕਰਦੇ ਪ੍ਰਾਪਤ ਹੋਈਆਂ ਅਸਫ਼ਲਤਾਵਾਂ, ਰਾਹ ਵਿਚ ਆਈਆਂ ਕਠਿਨਾਈਆਂ ਉਸ ਸਫ਼ਲਤਾ ਦੀ ਗਵਾਹੀ ਭਰਦੀਆਂ ਹਨ। ਸਿਆਣੇ ਕਹਿੰਦੇ ਹਨ ਕਿ ਜਿੰਨਾ ਗੁੜ ਪਾਵਾਂਗੇ, ਓਨਾ ਹੀ ਮਿੱਠਾ ਹੋਵੇਗਾ, ਉਸੇ ਕੜੀ ਤਹਿਤ ਜਿੰਨੀ ਨਿਰਸਵਾਰਥ ਮਿਹਨਤ ਕੀਤੀ ਜਾਵੇਗੀ, ਜਿੰਨੀ ਲਗਨ ਨਾਲ ਕਾਰਜ ਕੀਤਾ ਜਾਵੇਗਾ, ਓਨਾ ਜਲਦੀ ਹੀ ਸਫ਼ਲਤਾ ਸਾਡੇ ਪੈਰ ਚੁੰਮੇਗੀ।

**ਗਲਤੀਆਂ ਤੋਂ ਸਿੱਖਣ ਦਾ ਸਮਾਂ:** ਕੰਮ ਕਰਦੇ ਸਮੇਂ ਗਲਤੀਆਂ ਹੋ ਜਾਂਦੀਆਂ ਹਨ। ਗਲਤੀਆਂ ਨੂੰ ਸੁਧਾਰਨ ਲਈ ਤਜ਼ੁਰਬੇ ਦੀ ਜ਼ਰੂਰਤ ਹੁੰਦੀ ਹੈ, ਪਰ ਅਸਲੀ ਤਜ਼ੁਰਬਾ ਗਲਤੀਆਂ ਤੋਂ ਹੀ ਪ੍ਰਾਪਤ ਹੁੰਦਾ ਹੈ। ਪੁਰਾਣੀਆਂ ਗਲਤੀਆਂ ਤੋਂ ਸਿੱਖਣਾ, ਉਨ੍ਹਾਂ ਦੀ ਪੜਚੋਲ ਕਰਨਾ, ਨਵੀਂ ਯੋਜਨਾ ਉਲੀਕ ਕੇ ਉਸ 'ਤੇ ਪਾਰਦਰਸ਼ੀ, ਮਿਹਨਤ ਅਤੇ ਲਗਨ ਨਾਲ ਕੰਮ ਕਰਨਾ ਹੀ ਸਫ਼ਲਤਾ ਦਾ ਭੇਦ ਹੈ।

**ਪ੍ਰੇਰਨਾ ਜ਼ਰੂਰੀ ਹੈ-** ਕਿਸੇ ਵੀ ਕੰਮ ਦੇ ਲਈ ਪ੍ਰੇਰਨਾ ਦਾ ਹੋਣਾ ਸੋਨੇ ਉੱਤੇ ਸੁਹਾਗੇ ਦਾ ਕੰਮ ਕਰਦਾ ਹੈ। ਇਹ ਪ੍ਰੇਰਨਾ ਸਾਨੂੰ ਕੁਦਰਤ ਦੇ ਵਿਚੋਂ ਕਿਤੋਂ ਵੀ ਸਾਡੇ ਸਮਾਜ ਵਿਚੋਂ ਕਿਤੋਂ ਵੀ ਮਿਲ ਸਕਦੀ ਹੈ। ਚੰਗੀਆਂ ਕਿਤਾਬਾਂ ਇਸ ਦਾ ਮੁੱਖ ਸਰੋਤ ਹਨ। ਮਹਾਨ ਵਿਅਕਤੀਆਂ ਦਾ ਮਹਾਨ ਜੀਵਨ ਚੰਗੇ ਕੰਮਾਂ ਲਈ ਨਵੇਂ ਵਿਚਾਰਾਂ ਨੂੰ ਜਨਮ ਦਿੰਦੇ ਹਨ। ਇਹ ਵਿਚਾਰ ਨਵੇਂ ਹੋਣ ਕਰਕੇ, ਸਾਡਾ ਇਨ੍ਹਾਂ ਵਿਚਾਰਾਂ ਲਈ ਨਵਾਂ ਹੋਣ ਕਰਕੇ ਹੋ ਸਕਦਾ ਹੈ, ਕੁਝ ਸਮੇਂ ਲਈ ਸਾਡੇ ਪੈਰਾਂ ਲਈ ਕੰਡਿਆਂ ਦਾ ਕੰਮ ਕਰਨ। ਆਲੋਚਨਾਵਾਂ ਦਾ ਕਾਰਨ ਬਣਨ ਪਰ ਸਦੀਵੀਂ ਅਤੇ ਅਸਥਾਈ ਨਹੀਂ ਹੁੰਦੀਆਂ, ਦੇਰ-ਸਵੇਰ ਇਹੀ ਕੰਡਿਆਲੀ ਰਾਹ ਸਫਲਤਾ ਦੀ ਖ਼ੁਸ਼ਬੂ ਲੈਅ ਕੇ ਸਾਡੀ ਜ਼ਿੰਦਗੀ ਨੂੰ ਮਹਿਕਾਂ ਦਿੰਦੇ ਹਨ।

**ਸਮਾਂ ਸਾਰਣੀ ਕਿੰਨੀ ਜ਼ਰੂਰੀ:-** ਸਫਲਤਾ ਦੀ ਪ੍ਰਾਪਤੀ ਲਈ ਸਮਾਂ ਸਾਰਣੀ ਕਿੰਨੀ ਜ਼ਰੂਰੀ ਹੈ, ਇਸ ਦਾ ਅੰਦਾਜ਼ਾ ਇੱਕ ਵਿਦਿਆਰਥੀ ਦੇ ਜੀਵਨ ਤੋਂ ਲਗਾਇਆ ਜਾ ਸਕਦਾ ਹੈ। ਵਿਦਿਆਰਥੀ ਹਰ ਰੋਜ਼ ਨਿਰੰਤਰ ਸਕੂਲ ਜਾਂਦਾ ਹੈ, ਹਰ ਰੋਜ਼ ਨਿਰੰਤਰ ਲੋੜੀਂਦੇ ਸਮਾਂਬੰਧ ਸਮੇਂ ਵਿਚ ਅਲੱਗ-ਅਲੱਗ ਵਿਸ਼ਿਆਂ ਨੂੰ ਪੜ੍ਹਦਾ ਹੈ। ਉਸ ਦੀ ਰੋਜ਼ ਦੀ ਪੜ੍ਹਾਈ ਸਾਲਾਨਾ ਨਤੀਜਿਆਂ ਨੂੰ ਪ੍ਰਭਾਵਿਤ ਕਰਦੀ ਹੈ, ਕਦੇ-ਕਦੇ ਪੜ੍ਹਨ ਵਾਲੇ ਵੱਧ ਤੋਂ ਵੱਧ ਕਲਰਕ ਲੱਗਦੇ ਹਨ ਪਰ ਹਰ ਰੋਜ਼ ਨਿਰੰਤਰ ਪੜ੍ਹਨ ਵਾਲੇ ਅਫ਼ਸਰ ਬਣਦੇ ਹਨ। ਇਹ ਰੋਜ਼ ਪੜ੍ਹਨ ਦਾ ਲਾਭ ਹੈ। ਸਮਾਂ ਸਾਰਣੀ ਬਣਾਕੇ ਵੇਲੇ ਸਿਰ ਕੀਤਾ ਕੰਮ ਸਫਲਤਾ ਨੂੰ ਜਨਮ ਦਿੰਦਾ ਹੈ, ਜਦਕਿ ਸਮਾਂ ਖੁੰਝ ਜਾਣ ਪਿੱਛੋਂ ਕੀਤਾ ਕੰਮ ਦੁੱਖ ਅਤੇ ਤਕਲੀਫ ਪੈਦਾ ਕਰਦੇ ਹਨ। ਇਸੇ ਕਰਕੇ ਤਾਂ ਇੱਕ ਕਹਾਵਤ ਵਿਸ਼ਵ ਪ੍ਰਸਿੱਧ ਹੈ, 'ਵੇਲੇ ਦੀ ਨਮਾਜ਼ ਤੇ ਕੁਵੇਲੇ ਦੀਆਂ ਟੱਕਰਾਂ', ਜੋ ਸਮੇਂ ਦੇ ਸਦਉਪਯੋਗ ਵੱਲ ਇਸ਼ਾਰਾ ਕਰਦੇ ਹਨ।

ਰਜਵਿੰਦਰ ਪਾਲ ਸ਼ਰਮਾ
ਪਿੰਡ ਕਾਲਝਰਾਣੀ
ਡਾਕਖਾਨਾ ਚੱਕ ਅਤਰ ਸਿੰਘ ਵਾਲਾ
ਤਹਿ ਅਤੇ ਜ਼ਿਲ੍ਹਾ-ਬਠਿੰਡਾ
70873-67969
(Punjab Mail USA)



**ਅਨੁਸ਼ਾਸਨ ਦੀ ਲੋੜ:-** ਅਨੁਸ਼ਾਸਨ ਜ਼ਿੰਦਗੀ ਦਾ ਮੂਲ ਹੈ, ਅਨੁਸ਼ਾਸਨ ਵਿਚ ਕੀਤਾ ਕੰਮ ਸਫਲਤਾ ਦਿੰਦਾ ਹੈ। ਇਹ ਅਨੁਸ਼ਾਸਨ ਹੀ ਹੈ, ਜੋ ਸਾਨੂੰ ਕੁਝ ਨਿਯਮਾਂ ਵਿਚ ਬੰਨ੍ਹ ਕੇ ਰੱਖਦਾ ਹੈ। ਜੇਕਰ ਅਨੁਸ਼ਾਸਨ ਨਾ ਹੁੰਦਾ, ਤਾਂ ਕਦੋਂ ਦੀ ਹੁਣ ਤੱਕ ਅਰਾਜਕਤਾ ਫੈਲ ਜਾਣੀ ਸੀ। ਅਨੁਸ਼ਾਸਨ ਹੀ ਸਾਨੂੰ ਇੱਕ ਚੰਗੇ ਨਾਗਰਿਕ ਬਣਾਉਣ ਵਿਚ ਸਹਾਇਕ ਸਿੱਧ ਹੁੰਦਾ ਹੈ ਅਤੇ ਸਫਲਤਾ ਦੀ ਪ੍ਰਾਪਤੀ ਦਾ ਰਾਹ ਦਸੇਰਾ ਬਣਦੀਆਂ ਹੈ।

**ਸਖ਼ਤ ਮਿਹਨਤ ਕਰੋ:-** ਮਿਹਨਤ ਅੱਗੇ ਲੱਛਮੀ ਅਤੇ ਪੱਖੇ ਅੱਗੇ ਪੌਣ। ਮਿਹਨਤ ਦਾ ਇਸ ਦੁਨੀਆਂ 'ਤੇ ਕੋਈ ਸ਼ਾਰਟਕੱਟ ਨਹੀਂ ਹੈ। ਜੇਕਰ ਸਫਲਤਾ ਪ੍ਰਾਪਤ ਕਰਨੀ ਹੈ, ਤਾਂ ਇੱਕੋ ਇੱਕ ਰਸਤਾ ਸਖ਼ਤ ਮਿਹਨਤ ਹੀ ਹੈ, ਹੋਰ ਕੋਈ ਨਹੀਂ।

**ਨੈਤਿਕ ਕਦਰਾਂ-ਕੀਮਤਾਂ:-** ਨੈਤਿਕ ਕਦਰਾਂ-ਕੀਮਤਾਂ ਦੀ ਵੀ ਆਪਣੀ ਮਹੱਤਤਾ ਹੈ। ਦੂਜਿਆਂ ਨਾਲ ਸਾਡਾ ਕੀਤਾ ਜਾਂਦਾ ਵਿਵਹਾਰ ਅਤੇ ਵਤੀਰਾ ਸਾਡੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਪ੍ਰਗਟਾਉਂਦਾ ਹੈ। ਇਸ ਕਰਕੇ ਨੈਤਿਕ ਸਿੱਖਿਆ ਨੂੰ ਵੀ ਜ਼ਿੰਦਗੀ ਵਿਚ ਅਪਣਾਉਣਾ ਬਹੁਤ ਜ਼ਰੂਰੀ ਹੈ।

**ਬੁਰੀ ਸੰਗਤ ਤੋਂ ਬਚੋ:-** ਬੁਰੀ ਸੰਗਤ ਸਾਨੂੰ ਕੇਵਲ ਵਿਗਾੜਦੀ ਹੀ ਨਹੀਂ, ਸਗੋਂ ਸਾਨੂੰ ਨਸ਼ਿਆਂ ਵਰਗੀਆਂ ਦਲਦਲਾਂ ਵਿਚ ਵੀ ਧੱਕਣ ਦਾ ਕੰਮ ਕਰਦੀ ਹੈ। ਕੁਝ ਕੁ ਲੋਕ ਆਪਣੇ ਨਿੱਜੀ ਫਾਇਦਿਆਂ ਲਈ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਕਰਦੇ ਹਨ, ਜੋ ਕਿ ਸਮਾਜਿਕ ਬੁਰਾਈ ਦੇ ਨਾਲ-ਨਾਲ ਇੱਕ ਕਾਨੂੰਨੀ ਜੁਰਮ ਵੀ ਹੈ।

**ਅਧਿਆਪਕ ਅਤੇ ਗੁਰੂ ਦਾ ਕਹਿਣਾ ਮੰਨੋ:-** ਮਾਪਿਆਂ ਅਤੇ ਅਧਿਆਪਕਾਂ ਦਾ ਇੱਕੋ ਜਿਹਾ ਰਿਸ਼ਤਾ ਹੈ। ਦੋਵੇਂ ਬੱਚਿਆਂ ਦੀ ਭਲਾਈ ਅਤੇ ਸਰਵਪੱਖੀ ਵਿਕਾਸ ਲਈ ਕਾਰਜਸ਼ੀਲ ਰਹਿੰਦੇ ਹਨ। ਅਧਿਆਪਕ ਦੀ ਝਿੜਕ ਮਾਂ-ਬਾਪ ਦੇ ਪਿਆਰ ਨਾਲੋਂ ਚੰਗੀ ਹੁੰਦੀ ਹੈ। ਲੋੜ ਹੈ ਅੱਜ ਅਧਿਆਪਕਾਂ ਅਤੇ ਬੱਚਿਆਂ ਵਿਚ ਮੁੜ ਅਪੱਣਤ ਦਾ ਰਿਸ਼ਤਾ ਕਾਇਮ ਕਰਨ ਦੀ, ਉਨ੍ਹਾਂ ਦੀ ਕੁੜੱਤਣ ਨੂੰ ਦੂਰ ਕਰਕੇ ਬੱਚਿਆਂ ਨੂੰ ਸਹੀ ਰਾਹ ਪਾਉਣ ਦੀ, ਜਿਸ ਵਿਚ ਸਕੂਲਾਂ, ਕਾਲਜਾਂ ਅਤੇ ਹਰ ਇੱਕ ਵਿਅਕਤੀ ਨੂੰ ਲੋੜੀਂਦਾ ਯੋਗਦਾਨ ਪਾਉਣਾ ਹੋਵੇਗਾ, ਤਾਂ ਜੋ ਬੱਚੇ ਸਮੇਂ ਸਿਰ ਸਫਲਤਾ ਨੂੰ ਸਰ ਕਰ ਸਕਣ।

ਜੋ ਵਿਅਕਤੀ ਜ਼ਿੰਦਗੀ ਵਿਚ ਕਾਮਯਾਬ ਹੁੰਦੇ ਹਨ, ਉਹ ਸਾਡੇ ਵਰਗੇ ਹੀ ਹੁੰਦੇ ਹਨ। ਉਨ੍ਹਾਂ ਦੇ ਵੀ ਪ੍ਰਮਾਤਮਾ ਨੇ ਦੋ ਕੰਨ ਅਤੇ ਦੋ ਹੱਥ ਦਿੱਤੇ ਹੁੰਦੇ ਹਨ। ਉਹ ਆਪਣੀ ਕਾਬਲੀਅਤ ਅਤੇ ਮਿਹਨਤ ਨੂੰ ਸਰ ਕਰਕੇ ਆਮ ਤੋਂ ਖ਼ਾਸ ਬਣ ਜਾਂਦੇ ਹਨ। ਵਾਹਿਗੁਰੂ ਸਾਨੂੰ ਸਾਰਿਆਂ ਨੂੰ ਇੱਕੋ ਜਿਹੇ ਮੌਕਾ ਦਿੰਦਾ ਹੈ, ਕੁਝ ਵਿਅਕਤੀ ਉਨ੍ਹਾਂ ਮੌਕਿਆਂ ਦਾ ਲਾਭ ਉਠਾਉਂਦੇ ਹੋਏ ਅੱਗੇ ਵਧਦੇ ਹਨ ਅਤੇ ਕੁਝ ਲੋਕ ਉਨ੍ਹਾਂ ਮੌਕਿਆਂ ਨੂੰ ਹੱਥੋਂ ਗਵਾ ਕੇ ਮਗਰੋਂ ਹੱਥ ਮਲਦੇ ਰਹਿੰਦੇ ਹਨ। ਆਉ ਸਾਰੇ ਮਿਲਕੇ ਅਸਫ਼ਲਤਾ ਤੋਂ ਸਿੱਖਦੇ ਹੋਈਏ ਅੱਗੇ ਵਧੀਏ ਤੇ ਆਪਣੀਆਂ ਨਿਰਧਾਰਿਤ ਮੰਜ਼ਿਲਾਂ ਨੂੰ ਪ੍ਰਾਪਤ ਕਰੀਏ, ਤਾਂ ਜੋ ਮਾਪਿਆਂ, ਅਧਿਆਪਕਾਂ, ਆਪਣੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਜਾ ਸਕੇ।


## ‘ਜੋ ਦਿਖਾ, ਸੋ ਲਿਖਾ’


# ਜਲੰਧਰ ਜ਼ਿਮਨੀ ਚੋਣ ਲਈ ਲੱਗੀ ਸਿਰ ਧੜ ਦੀ ਬਾਜ਼ੀ

## ਵੋਟਰਾਂ ਨੂੰ ਲੁਭਾਉਣ ਲਈ ਲੀਡਰ ਹੋਏ ਪੱਬਾਂ ਭਾਰ











ਪੰਜਾਬ ਦੇ ਜਲੰਧਰ ਲੋਕ ਸਭਾ ਹਲਕੇ ਦੀ ਚੋਣ ਲਈ ਪ੍ਰਚਾਰ ਅਖਾੜਾ ਪੂਰੀ ਤਰ੍ਹਾਂ ਭਖ ਚੁੱਕੈ। 10 ਮਈ ਨੂੰ ਪੈਣਗੀਆਂ ਵੋਟਾਂ ਅਤੇ 13 ਮਈ ਨੂੰ ਆਵੇਗਾ ਨਤੀਜਾ। ਪੰਜਾਬ ਦੇ ਮੌਜੂਦਾ ਹਲਾਤਾਂ ਵਿਚ ਚੋਣ ਦੀ ਮੁੱਖ ਪਾਰਟੀਆਂ ਲਈ ਅਹਿਮੀਅਤ ਬਹੁਤ ਵਧ ਚੁੱਕੀ ਹੈ। ਚੋਣ ਪ੍ਰਚਾਰ ਲਈ ਗਿਣਤੀ ਦੇ ਦਿਨ ਹੀ ਬਾਕੀ ਬਚੇ ਨੇ। ਚੋਣ ਮੈਦਾਨ ਵਿਚ ਕਾਂਗਰਸ, ਆਮ ਆਦਮੀ ਪਾਰਟੀ, ਬੀ.ਜੇ.ਪੀ. ਅਤੇ ਅਕਾਲੀ ਦਲ ਫਸਵੀਂ

**ਦਰਸ਼ਨ ਸਿੰਘ ਸ਼ੰਕਰ**
ਜ਼ਿਲ੍ਹਾ ਲੋਕ ਸੰਪਰਕ
ਅਫਸਰ (ਰਿਟਾ.)
ਫੋਨ: 99158-36543
(Punjab Mail USA)



ਟੱਕਰ ਵਿਚ ਮੰਨੀਆਂ ਜਾਂਦੀਆਂ ਨੇ। 2019 ਵਿਚ ਸੀਟ ਕਾਂਗਰਸ ਦੇ ਚੌਧਰੀ ਸੰਤੋਖ ਸਿੰਘ ਨੇ ਅਕਾਲੀ ਦਲ-ਬੀ.ਜੇ.ਪੀ. ਦੇ ਚਰਨਜੀਤ ਸਿੰਘ ਅਟਵਾਲ ਨੂੰ 19491 ਵੋਟਾਂ ਦੇ ਫਰਕ ਨਾਲ ਹਰਾ ਕੇ ਜਿੱਤੀ ਸੀ। ਬੀ.ਐੱਸ.ਪੀ. ਦੇ ਉਮੀਦਵਾਰ ਨੂੰ 2.04 ਲੱਖ ਵੋਟਾਂ ਮਿਲੀਆਂ ਸਨ। ਇਸ ਸਮੇਂ 5 ਹਲਕਿਆਂ ਵਿਚ ਕਾਂਗਰਸ ਅਤੇ 4 ਤੋਂ ‘ਆਪ’ ਦੇ ਵਿਧਾਇਕ ਨੇ। ਹਲਕੇ ਵਿਚ 37.97% ਦਲਿਤ ਵੋਟਰਾਂ ’ਤੇ ਪਾਰਟੀਆਂ ਦਾ ਖਾਸ ਫੋਕਸ ਹੈ। ਪਾਰਟੀਆਂ ਨੇ ਆਪਣੇ ਵੱਡੇ ਲੀਡਰ ਚੋਣ ਪ੍ਰਚਾਰ ਲਈ ਝੌਂਕੇ ਹੋਏ ਨੇ। ਨਤੀਜਾ ਪਾਰਟੀਆਂ ਲਈ ਕਿਵੇਂ ਰਹੇਗਾ ਅਹਿਮ?

### ‘ਆਪ’ ਦੇ ਵਕਾਰ ਦਾ ਸਵਾਲ

ਸੱਤਾਧਾਰੀ ‘ਆਪ’ ਚੋਣ ਨੂੰ ਸੰਗਰੂਰ ਹਾਰ ਦੀ ਨਿਮੋਸ਼ੀ ਤੋਂ ਬਾਹਰ ਨਿਕਲਣ ਦੇ ਮੌਕੇ ਵਜੋਂ ਲੈ ਰਹੀ ਹੈ। ਪਾਰਟੀ ਨੇ ਆਪਣੇ ਸਾਰੇ ਵੱਡੇ ਲੀਡਰ ਮੈਦਾਨ ਵਿਚ ਉਤਾਰੇ ਨੇ। ਵਧਾਇਕ ਸਮੱਰਥਕਾਂ ਨਾਲ ਘਰ-ਘਰ ਜਾ ਕੇ ਪ੍ਰਚਾਰ ਕਰ ਰਹੇ ਨੇ। ਮੁੱਖ ਮੰਤਰੀ ਰੋਡ ਸ਼ੋਅ ਅਤੇ ਸਭਾਵਾਂ ਵਿਚ ਰੁੱਝੇ ਨੇ। ਦੂਜੀਆਂ ਪਾਰਟੀਆਂ ਦੇ ਲੀਡਰ ਪਾਰਟੀ ’ਚ ਸ਼ਾਮਲ ਕਰਾਏ ਜਾ ਰਹੇ ਨੇ। ਉਮੀਦਵਾਰ ਵੀ ਕਾਂਗਰਸ ਦੇ ਸਾਬਕਾ ਵਿਧਾਇਕ ਸੁਸ਼ੀਲ ਕੁਮਾਰ ਰਿੰਕੂ ਨੂੰ ਬਣਾਇਆ ਗਿਐ। ਕੇਜਰੀਵਾਲ ਦੌਰੇ ਕਰਕੇ ਚੋਣ ਗਾਰੰਟੀਆਂ ਲਾਗੂ ਕਰਨ ਦਾ ਵਿਸ਼ਵਾਸ ਦਵਾ ਰਹੇ ਨੇ। ਪਿਛਲੀਆਂ ਵਿਧਾਨ ਸਭਾ ਚੋਣਾਂ ਸਮੇਂ 9 ਵਿਚੋਂ 4 ਸੀਟਾਂ ਪਾਰਟੀ ਨੇ ਜਿੱਤੀਆਂ ਅਤੇ ਵੋਟ ਸ਼ੇਅਰ ਵੀ ਵਧਿਆ। ਇਸ ਦਾ ਫਾਇਦਾ ਮਿਲ ਸਕਦੈ। ਹਲਕੇ ਵਿਚ ਦਲਿਤ ਵੋਟਰਾਂ ਨੂੰ ਰਿਝਾਉਣ ਲਈ ਕੇਜਰੀਵਾਲ ਅਤੇ ਭਗਵੰਤ ਮਾਨ ਵਲੋਂ ਬੱਲਾਂ ਡੇਰੇ ਜਾ ਕੇ 25 ਕਰੋੜ ਦਾ ਚੈੱਕ ਭਗਤ ਰਵਿਦਾਸ ਖੋਜ ਕੇਂਦਰ ਲਈ ਸੌਂਪਿਆ ਗਿਐ। ਦਿੱਲੀ ਅਤੇ ਪੰਜਾਬ ਦੇ ਲੀਡਰਾਂ ’ਤੇ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਨਾਲ ਪਾਰਟੀ ਦਾ ਕੱਟੜ ਇਮਾਨਦਾਰੀ ਦਾ ਅਕਸ ਧੁੰਦਲਾ ਹੋ ਚੁੱਕੈ। ਵੱਡੇ ਸੁਰੱਖਿਆ ਘੇਰੇ ਅਤੇ ਕੋਠੀਆਂ ਨਾਲ ਆਮ ਆਦਮੀ ਵਾਲਾ ਅਕਸ ਵੀ ਨਹੀਂ ਰਿਹਾ। ਪਾਰਟੀ ਰਵਾਇਤੀ ਪਾਰਟੀਆਂ ਤੋਂ ਕਿਸੇ ਤਰ੍ਹਾਂ ਵੀ ਵੱਖਰੀ ਨਹੀਂ ਦਿਸਦੀ। ਪਾਰਟੀ ਨੂੰ ਸਿੱਖਿਆ, ਸਿਹਤ, ਮੁਫਤ ਬਿਜਲੀ, ਨੌਕਰੀਆਂ, ਭ੍ਰਿਸ਼ਟਾਂ ’ਤੇ ਕਾਰਵਾਈ ਵਰਗੇ ਕੰਮਾਂ ਦਾ ਲਾਭ ਜ਼ਰੂਰ ਮਿਲੇਗਾ। ਨਾਲ ਹੀ ਵਿਗੜੇ ਅਮਨ-ਕਾਨੂੰਨ ਅਤੇ ਰੁੱਕੇ ਵਿਕਾਸ ’ਤੇ ਵੀ ਸਵਾਲ ਉਠਦੇ ਨੇ। ਚੋਣ ਇੰਚਾਰਜ ਵਿੱਤ ਮੰਤਰੀ ਹਰਪਾਲ ਚੀਮਾ ਅਤੇ ਕੌਮੀ ਜਨਰਲ ਸਕੱਤਰ ਸੰਦੀਪ ਪਾਠਕ ਜਲੰਧਰ ਡੇਰੇ ਲਗਾ ਕੇ ਚੋਣ ਜਿੱਤਣ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੇ।

### ਕਾਂਗਰਸ ਦੀ ਰਵਾਇਤੀ ਸੀਟ

ਬਹੁਤੀ ਵਾਰ ਇਸ ਹਲਕੇ ਤੋਂ ਕਾਂਗਰਸ ਪਾਰਟੀ ਹੀ ਜਿੱਤਦੀ ਰਹੀ ਹੈ। 2019 ਚੋਣਾਂ ਵਿਚ ਜਿੱਤੇ ਕਾਂਗਰਸ ਦੇ ਚੌਧਰੀ ਸੰਤੋਖ ਸਿੰਘ ਦੀ ਮੌਤ ਕਾਰਨ ਹੀ ਜ਼ਿਮਨੀ ਚੋਣ ਹੋ ਰਹੀ ਹੈ। ਚੌਧਰੀ ਸੰਤੋਖ ਸਿੰਘ ਦੀ ਪਤਨੀ ਕਰਮਜੀਤ ਕੌਰ ਨੂੰ ਉਮੀਦਵਾਰ ਬਣਾਉਣ ਨਾਲ ਹਮਦਰਦੀ ਵੋਟ ਦੀ ਸੰਭਾਵਨਾ ਹੈ। ਟਕਸਾਲੀ ਕਾਂਗਰਸੀ ਚੌਧਰੀ ਪਰਿਵਾਰ ਦਾ ਜਲੰਧਰ ਵਿਚ ਕਾਫੀ ਪ੍ਰਭਾਵ ਸਮਝਿਆ ਜਾਂਦੈ। ਉਮੀਦਵਾਰ ਦਾ ਪੁੱਤਰ ਚੌਧਰੀ ਵਿਕਰਮ ਸਿੰਘ ਫਿਲੌਰ ਹਲਕੇ ਤੋਂ ਵਿਧਾਇਕ ਹੈ, ਜਿਸ ਦਾ ਲਾਭ ਪਾਰਟੀ ਨੂੰ ਮਿਲ ਸਕਦੈ।



ਸਾਬਕਾ ਮੰਤਰੀ ਰਾਣਾ ਗੁਰਜੀਤ ਸਿੰਘ ਨੂੰ ਪ੍ਰਚਾਰ ਮੁਹਿੰਮ ਇੰਚਾਰਜ ਬਣਾਇਆ ਗਿਐ। ਪਰ ਉਸ ਦੇ ਭਤੀਜੇ ਰਾਣਾ ਹਰਦੀਪ ਨੇ ‘ਆਪ’ ਵਿਚ ਸ਼ਾਮਲ ਹੋ ਕੇ ਝਟਕਾ ਜ਼ਰੂਰ ਦਿੱਤੈ। ਸ਼ੁਰੂਆਤੀ ਦਿਨਾਂ ਵਿਚ ਕਾਂਗਰਸ ਲੀਡਰਾਂ ਵਿਚ ਕਾਫੀ ਫੁੱਟ ਉਭਰੀ ਦਿਖਦੀ ਸੀ ਅਤੇ ਨਵਜੋਤ ਸਿੱਧੂ ਦੇ ਬਾਹਰ ਆਉਣ ’ਤੇ ਫੁੱਟ ਵਧਣ ਦੇ ਅੰਦੇਸ਼ੇ ਸਨ। ਪਰ ਇਸ ਸਮੇਂ ਸਿੱਧੂ ਸਮੇਤ ਸਾਰੇ ਵੱਡੇ ਲੀਡਰ ਪ੍ਰਚਾਰ ਵਿਚ ਇੱਕਜੁਟ ਦਿਖਾਈ ਦਿੰਦੇ ਨੇ। ਵਿਰੋਧੀ ਧਿਰ ਨੇਤਾ ਪ੍ਰਤਾਪ ਬਾਜਵਾ, ਸੂਬਾ ਪ੍ਰਧਾਨ ਰਾਜਾ ਵੜਿੰਗ, ਨਵਜੋਤ ਸਿੱਧੂ ਸਮੇਤ ਸਾਰੇ ਵੱਡੇ ਲੀਡਰ ਚੋਣ ਸਭਾਵਾਂ ਨੂੰ ਸੰਬੋਧਨ ਕਰ ਰਹੇ ਨੇ ਅਤੇ ‘ਆਪ’ ’ਤੇ ਵਾਅਦੇ ਪੂਰੇ ਨਾ ਕਰਨ ਅਤੇ ਵਿਗੜ ਚੁੱਕੀ ਅਮਨ-ਕਾਨੂੰਨ ਦੀ ਹਾਲਤ ’ਤੇ ਸੱਤਾਧਾਰੀ ਪਾਰਟੀ ’ਤੇ ਹਮਲੇ ਕਰ ਰਹੇ ਨੇ। ਪਾਰਟੀ ਦਾ ਸੂਬੇ ਵਿਚ ਖੋਇਆ ਆਧਾਰ ਮੁੜ ਉਭਾਰਨ ਲਈ ਚੋਣ ਬਹੁਤ ਅਹਿਮ ਬਣ ਚੁੱਕੀ ਹੈ।

### ਬੀ.ਜੇ.ਪੀ. ਜਿੱਤਣ ਲਈ ਗੰਭੀਰ

ਬੀ.ਜੇ.ਪੀ. ਨੇ ਸੂਬੇ ਵਿਚ ਆਧਾਰ ਵਧਿਆ ਸਾਬਿਤ ਕਰਨ ਲਈ ਚੋਣ ’ਤੇ ਪੂਰੀ ਤਾਕਤ ਲਗਾਈ ਹੈ। ਸਥਾਨਕ ਨੇਤਾਵਾਂ ਨਾਲ ਕੇਂਦਰੀ ਲੀਡਰ ਅਤੇ ਮੰਤਰੀ ਉਤਾਰੇ ਜਾ ਚੁੱਕੇ ਨੇ। ਬੀ.ਜੇ.ਪੀ. ਦੂਜੀਆਂ ਪਾਰਟੀਆਂ ਦੇ ਬਹੁਤ ਸਾਰੇ ਵੱਡੇ ਲੀਡਰਾਂ ਨੂੰ ਸ਼ਾਮਲ ਕਰਕੇ ਕਬੀਲਾ ਕਾਫੀ ਵਧਾ ਚੁੱਕੀ ਹੈ। ਪਾਰਟੀ ਅਕਾਲੀ ਦਲ ਨਾਲੋਂ ਗੱਠਜੋੜ ਟੁੱਟਣ ਪਿੱਛੋਂ ਸੰਗਰੂਰ ਦੀ ਜ਼ਿਮਨੀ ਚੋਣ ਵਿਚ ਅਕਾਲੀ ਦਲ ਤੋਂ ਵੱਧ ਵੋਟ ਹਾਸਲ ਕਰਕੇ ਕਾਫੀ ਉਤਸ਼ਾਹਿਤ ਹੈ। ਬੀ.ਜੇ.ਪੀ. ਦੇ ਪੱਖ ’ਚ ਕੇਂਦਰ ਵਿਚ ਸੱਤਾਧਾਰੀ ਹੋਣ ਦਾ ਲਾਭ ਵੀ ਦਿੱਸਦੈ। ਪਾਰਟੀ ਨੇ ਅਕਾਲੀ ਦਲ ਦੇ ਵੱਡੇ ਦਲਿਤ ਚਿਹਰੇ ਅਤੇ 2019 ਚੋਣਾਂ ਦੌਰਾਨ ਅਕਾਲੀ-ਭਾਜਪਾ ਦੇ ਉਮੀਦਵਾਰ ਚਰਨਜੀਤ ਸਿੰਘ ਅਟਵਾਲ ਦੇ ਪੁੱਤਰ ਸਾਬਕਾ ਵਿਧਾਇਕ ਇੰਦਰ ਇਕਬਾਲ ਸਿੰਘ ਅਟਵਾਲ ਨੂੰ ਉਮੀਦਵਾਰ ਬਣਾਇਆ ਹੈ। ਅਟਵਾਲ ਪਰਿਵਾਰ ਦਾ ਦੋਆਬੇ ਵਿਚ ਕਈ ਚੋਣਾਂ ਲੜਨ ਕਾਰਨ ਕਾਫੀ ਪ੍ਰਭਾਵ ਸਮਝਿਆ ਜਾਂਦੈ। ਸੁਖਦੇਵ ਸਿੰਘ ਢੀਂਡਸਾ ਦੇ ਅਕਾਲੀ ਦਲ ਅਤੇ ਬੈਂਸ ਭਰਾਵਾਂ ਨੇ ਵੀ ਬੀ.ਜੇ.ਪੀ. ਦੀ ਹਮਾਇਤ ਦਾ ਐਲਾਨ ਕੀਤੈ। ਬੀ.ਜੇ.ਪੀ. ਹਰ ਹਾਲਤ ਵਿਚ ਅਕਾਲੀ ਦਲ ਤੋਂ ਉੱਪਰ ਰਹਿਣ ਲਈ ਜ਼ੋਰ ਲਗਾਏਗੀ। ਪਾਰਟੀ ਚੋਣ ਨੂੰ 2024 ਦੀਆਂ ਚੋਣਾਂ ਲਈ ਸੂਬੇ ਵਿਚ ਆਪਣਾ ਆਧਾਰ ਵਧਾਉਣ ਲਈ ਅਹਿਮੀਅਤ ਦਿੰਦੀ ਹੈ। ਚੋਣ ਪੂਰੀ ਤਰ੍ਹਾਂ ਬੀ.ਜੇ.ਪੀ. ਦੇ ਵਕਾਰ ਦਾ ਸਵਾਲ ਬਣ ਚੁੱਕੀ ਹੈ।

### ਅਕਾਲੀ ਦਲ ਲਈ ਮਾਹਨੇ

ਪਿਛਲੇ 6 ਸਾਲਾਂ ਵਿਚ ਲਗਾਤਾਰ ਹਾਰਾਂ ਕਾਰਨ ਰਾਜਨੀਤੀ ਦੇ ਹਾਸ਼ੀਏ ’ਤੇ ਗਏ ਅਕਾਲੀ ਦਲ ਲਈ ਇਹ ਚੋਣ ਕਰੋ ਜਾਂ ਮਰੋ ਵਾਲੀ ਸਥਿਤੀ ਹੈ। ਇਸ ਵਾਰ ਅਕਾਲੀ ਦਲ-ਬੀ.ਐੱਸ.ਪੀ. ਗੱਠਜੋੜ ਵਲੋਂ ਬੰਗਾ ਤੋਂ ਅਕਾਲੀ ਦਲ ਦੇ ਵਿਧਾਇਕ ਡਾ. ਸੁਖਵਿੰਦਰ ਸੁੱਖੀ ਮੈਦਾਨ ਵਿਚ ਨੇ। ਪਿਛਲੀ ਵਾਰ ਅਕਾਲੀ-ਬੀ.ਜੇ.ਪੀ. ਗੱਠਜੋੜ ਦੇ ਉਮੀਦਵਾਰ ਚਰਨਜੀਤ ਸਿੰਘ ਅਟਵਾਲ ਪਾਰਟੀ ਛੱਡਕੇ ਬੀ.ਜੇ.ਪੀ. ਦੇ ਉਮੀਦਵਾਰ ਆਪਣੇ ਪੁੱਤਰ ਇੰਦਰ ਇਕਬਾਲ ਅਟਵਾਲ ਲਈ ਪ੍ਰਚਾਰ ਕਰ ਰਹੇ ਨੇ। ਸੁਖਬੀਰ ਤੋਂ ਨਾਰਾਜ਼ ਤਲਵੰਡੀ, ਢੀਂਡਸਾ, ਅਜਨਾਲਾ, ਅਟਵਾਲ ਅਤੇ ਬੀਬੀ ਜਗੀਰ ਕੌਰ ਅਦਿ ਟਕਸਾਲੀ ਪਰਿਵਾਰ ਪਾਰਟੀ ਛੱਡ ਚੁੱਕੇ ਨੇ। ਕੋਟਕਪੂਰਾ ਫਾਇਰਿੰਗ ਮਾਮਲੇ ’ਚ ਬਾਦਲਾਂ ਦੇ ਨਾਮ ਆਉਣ ਨਾਲ ਅਕਾਲੀ ਦਲ ਕਸੂਤੀ ਸਥਿਤੀ ਵਿਚ ਫਸਿਆ ਦਿੱਸਦੈ ਅਤੇ ਵਰਕਰ ਨਿਰਾਸ਼ਾ ਵਿਚ ਨੇ। ਅਕਾਲੀ ਦਲ 2019 ਵਿਚ ਬੀ.ਐੱਸ.ਪੀ. ਨੂੰ ਮਿਲੇ 2 ਲੱਖ ਵੋਟਾਂ ਨੂੰ ਵੱਡਾ ਸਹਾਰਾ ਮੰਨਦੈ। ਉਂਝ ਇਸ ਵਾਰ ਬੀ.ਜੇ.ਪੀ. ਵਾਲੀ ਵੋਟ ਦਾ ਵੱਡਾ ਨੁਕਸਾਨ ਵੀ ਰਹੇਗਾ। ਵੱਡੇ ਬਾਦਲ ਦੀ ਮੌਤ ਨਾਲ ਵੀ ਪਾਰਟੀ ਨੂੰ ਝੱਟਕਾ ਲੱਗਿਐ। ਸੁਰਜੀਤ ਜਿਆਣੀ ਦੇ ਬੀ.ਜੇ.ਪੀ. ਨਾਲ ਗਠਜੋੜ ਦੀ ਲੋੜ ਵਾਲੇ ਬਿਆਨ ’ਤੇ ਬਹੁਤੇ ਪਾਰਟੀ ਨੇਤਾਵਾਂ ਵਲੋਂ ਹਾਂਭੀ ਭਰਨ ਨਾਲ ਬਸਪਾ ਵਰਕਰਾਂ ਵਿਚ ਖੜ੍ਹੇ ਹੋਏ ਸ਼ੰਕੇ ਵੀ ਨੁਕਸਾਨਦੇਹ ਹੋ ਸਕਦੇ ਨੇ। ਵੱਡੇ ਬਾਦਲ ਨਮਿਤ 4 ਮਈ ਦੇ ਭੋਗ ਤੱਕ ਸੁਖਬੀਰ ਬਾਦਲ ਦੇ ਪ੍ਰਚਾਰ ਤੋਂ ਬਾਹਰ ਰਹਿਣ ਨਾਲ ਵੀ ਚੋਣ ਮੁਹਿੰਮ ਪ੍ਰਭਾਵਿਤ ਹੋਏਗੀ। ਪ੍ਰੰਤੂ ਬਾਕੀ ਸਾਰੀ ਲੀਡਰਸ਼ਿਪ ਮੁੜ ਪਰਤ ਕੇ ਮੋਰਚਾ ਸੰਭਾਲ ਚੁੱਕੀ ਹੈ। ਪਾਰਟੀ ਦੇ ਮੁੜ ਉਭਾਰ ਲਈ ਇਹ ਚੋਣ ਅਕਾਲੀ ਦਲ ਲਈ ਕਰੋ ਜਾਂ ਮਰੋ ਦੀ ਸਥਿਤੀ ਬਣ ਚੁੱਕੀ ਹੈ।

ਕੁੱਲ ਮਿਲਾ ਕੇ ਦੇਖਿਆ ਜਾਵੇ, ਤਾਂ ਸਾਰੀਆਂ ਪਾਰਟੀਆਂ ਚੋਣ ਜਿੱਤਣ ਲਈ ਪ੍ਰਚਾਰ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੀਆਂ। ਜਿੱਤ ਕਿਸੇ ਪਾਰਟੀ ਦੀ ਵੀ ਹੋਵੇ, ਪਰ ਇਸ ਦਾ ਨਤੀਜਾ ਸੂਬੇ ਵਿਚ ਭਵਿੱਖ ਦੀ ਰਾਜਨੀਤੀ ਦੀ ਦਿਸ਼ਾ ਜਰੂਰ ਤੈਅ ਕਰੇਗਾ।

# ਸਿੱਖ ਕੌਮ ਦੀ ਕੌਮਾਂਤਰੀ ਪਹਿਚਾਣ - ਦਸਤਾਰ

ਧੰਨਵਾਦ ਸਹਿਤ ਵਲੋਂ,
ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ
ਪੰਜਾਬ ਹਰਿਆਣਾ ਹਾਈ ਕੋਰਟ
ਚੰਡੀਗੜ੍ਹ, ਮੋ 78374-90309
(Punjab Mail USA)





ਪੰਜਾਬ ਦੇ ਅਮੀਰ ਸੱਭਿਆਚਾਰ ਦੀ ਸੰਸਾਰ ਵਿਚ ਵੱਖਰੀ ਪਹਿਚਾਣ ਹੈ, ਜਿਸ ਨੂੰ ਦੂਸਰੇ ਰਾਜਾਂ ਤੇ ਦੇਸ਼ਾਂ ਦੇ ਵਸਨੀਕ ਬੜੇ ਚਾਵਾਂ ਨਾਲ ਮਾਣਦੇ ਹਨ। ਵਿਰਸੇ ਵਿਚ ਮਿਲੇ ਸੰਸਕਾਰਾਂ ਕਾਰਨ ਮਿਹਨਤੀ ਸੁਭਾਅ, ਖਾਣ-ਪੀਣ, ਰਹਿਣ-ਸਹਿਣ ਤੇ ਸੱਜਣ-ਫੱਬਣ ਦੀ ਸ਼ੌਕੀਨਾਂ ਦਾ ਦੁਨੀਆਂ ਵਿਚ ਕੋਈ ਸਾਨੀ ਨਹੀਂ। ਇਨ੍ਹਾਂ ਦੀ ਸ਼ਾਨ ਨੂੰ ਗੁਰੂਆਂ ਵਲੋਂ ਬਖਸ਼ੀ ਅਲੌਕਿਕ ਸੌਗਾਤ "ਦਸਤਾਰ" ਹੋਰ ਵਧਾ ਦਿੰਦੀ ਹੈ, ਜਿਸ ਨੂੰ ਦੁਨੀਆਂ ਵਿਚ ਵੱਖ-ਵੱਖ ਨਾਵਾਂ ਨਾਲ ਜਿਵੇਂ ਫਰੈਂਚ ਵਿਚ ਟਰਬਨ ਜਾਂ ਟਲਬੈਂਡ, ਲਤੀਨੀ ਵਿਚ ਮਈਟਰ, ਤੁਰਕੀ ਵਿਚ ਸਾਰਿਕ, ਰੋਮਾਨੀ ਵਿਚ ਟੁਲੀਪਨ ਅਤੇ ਜਰਮਨ ਜਾਂ ਇੰਗਲਿਸ਼ ਵਿਚ ਟਰਬਨ ਤੇ ਠੇਠ ਪੰਜਾਬੀ ਵਿਚ ਪੱਗ ਜਾ ਦਸਤਾਰ ਕਿਹਾ ਜਾਂਦਾ ਹੈ। ਜਿਸਦੀ ਸੰਭਾਲ ਤੇ ਸਜਾਉਣ ਸਮੇਂ ਪੂਰਨ ਧਿਆਨ ਰੱਖਿਆ ਜਾਂਦਾ ਹੈ। ਜਦ ਵੀ ਪੱਗ ਵੱਲ ਉਂਗਲ ਉਠੀ, ਤਾਂ ਪੰਜਾਬੀ ਕੌਮ ਨੇ ਏਕਤਾ ਨਾਲ ਉਸਦਾ ਮੂੰਹ ਤੋੜਵਾ ਜਵਾਬ ਦਿੱਤਾ। ਮਿਸਾਲ ਵਜੋਂ ਫਰਵਰੀ 2016 ਵਿਚ ਫਰਾਂਸ ਸਰਕਾਰ ਨੇ ਜਨਤਕ ਥਾਵਾਂ 'ਤੇ ਦਸਤਾਰ ਸਜਾਕੇ ਜਾਣ ਦੀ ਮਨਾਹੀ ਕੀਤੀ ਪਰ ਸਥਾਨਕ ਅਤੇ ਦੁਨੀਆਂ ਭਰ ਤੋਂ ਪੰਜਾਬੀਆਂ ਦੇ ਰੋਅ ਅੱਗੇ ਝੁਕਦੀ ਸਰਕਾਰ ਨੂੰ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਦੀ ਆਜ਼ਾਦੀ ਸਬੰਧੀ ਕਾਨੂੰਨ ਬਣਾਉਣੇ ਪਏ। ਇਸੇ ਤਰ੍ਹਾਂ ਯੂ.ਐੱਸ.ਏ. ਏਅਰਫੋਰਸ ਵਿਚ ਹਰਪ੍ਰੀਤਇੰਦਰ ਸਿਘ ਬਾਜਵਾ ਫਸਟ ਕਲਾਸ ਏਅਰਮੈਨ ਭਰਤੀ ਹੋਏ ਪਰ ਅਮਰੀਕੀ ਕਾਨੂੰਨ ਅਨੁਸਾਰ ਸਾਬਤ-ਸਬੂਤ ਸਿੱਖ ਨੂੰ ਨੌਕਰੀ ਕਰਨ ਦੀ ਮਨਾਹੀ ਜਾਂ ਧਰਮ ਤਿਆਗ ਕੇ ਨੌਕਰੀ ਦੀ ਸ਼ਰਤ ਸੀ। ਸਾਲ ਭਰ ਚੱਲੇ ਲੰਮੇ ਕਾਨੂੰਨੀ ਸੰਘਰਸ਼ ਜਿੱਤਣ ਤੋਂ ਬਾਅਦ 2018 ਨੂੰ ਅਮਰੀਕੀ ਇਤਿਹਾਸ ਵਿਚ ਪਹਿਲੀ ਵਾਰ ਵਾਪਰਿਆ, ਜਦੋਂ ਦਸਤਾਰ, ਕੇਸ ਤੇ ਦਾੜ੍ਹੀ ਸੰਪੂਰਨ ਸਿੱਖ ਸੇਵਾਵਾ ਨਿਭਾ ਰਿਹਾ ਹੈ। ਇਥੋਂ ਤੱਕ ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਨੇ ਪੱਗ ਨੂੰ ਸਿੱਖਾਂ ਦੇ ਸਿਰ ਦਾ ਤਾਜ ਆਖ ਪ੍ਰਸ਼ੰਸਾ ਕੀਤੀ। ਅੱਜ ਸੰਸਾਰ ਦਾ ਅਜਿਹਾ ਕੋਈ ਦੇਸ਼ ਨਹੀਂ, ਜਿਸਦੇ ਰਾਜਨੀਤਿਕ, ਸਮਾਜਿਕ ਅਤੇ ਪ੍ਰਸ਼ਾਸਨਿਕ ਖੇਤਰ ਵਿਚ ਪੰਜਾਬੀਆਂ ਨੇ ਆਪਣਾ ਯੋਗਦਾਨ ਨਾ ਪਾਇਆ ਹੋਵੇ।

ਬੱਚਾ ਦਸਤਾਰ ਸਾਭਣ ਤੇ ਸਜਾਉਣ ਲਾਇਕ ਹੋ ਜਾਵੇ, ਤਾਂ ਬਾਕਾਇਦਾ "ਦਸਤਾਰਬੰਦੀ" ਦਾ ਸਮਾਗਮ ਰੱਖ ਖੁਸ਼ੀ ਮਨਾਈ ਜਾਂਦੀ ਹੈ। ਇਸ ਰਸਮ ਨੂੰ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਨਾਨਕੇ ਬੱਚੇ ਨੂੰ ਪਹਿਲੀ ਪੱਗ ਭੇਟ ਕਰਦੇ ਹਨ। ਦਸਤਾਰ ਸਜਾਉਣ ਵਾਲਾ ਕਦੇ ਨੰਗੇ ਸਿਰ ਘਰੋਂ ਬਾਹਰ ਨਹੀਂ ਜਾਂਦਾ, ਸਗੋਂ ਪਰਨੇ ਜਾਂ ਕੇਸਕੀ ਨਾਲ ਹਮੇਸ਼ਾ ਸਿਰ ਢੱਕ ਕੇ ਰੱਖਦਾ ਹੈ। ਪੁਰਾਣੇ ਸਮੇਂ ਵਿਚ ਬਜ਼ੁਰਗ ਮੁੰਡਾ ਜਾਂ ਕੁੜੀ ਦਾ ਨੰਗੇ ਸਿਰ ਘਰੋਂ ਬਾਹਰ ਜਾਣਾ ਚੰਗਾ ਨਹੀਂ ਮੰਨਦੇ ਸਨ। ਅਜੋਕੇ ਦੌਰ ਵਿਚ ਨੌਜਵਾਨ ਕਲੱਬ ਤੇ ਸਿੱਖ ਸੰਸਥਾਵਾ ਪੱਗ ਬੰਨਣ ਦੇ ਮੁਕਾਬਲੇ ਕਰਵਾਉਂਦੇ ਹਨ, ਤਾਂ ਜੋ ਨਵੀਂ ਪੀੜ੍ਹੀ ਇਸ ਪ੍ਰਤੀ ਆਕਰਸ਼ਿਤ ਹੋ ਜਾਵੇ। ਇਨ੍ਹਾਂ ਮੁਕਾਬਲਿਆਂ ਦੀ ਨੀਂਹ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਸਾਹਿਬ ਤੋਂ ਸ਼ੁਰੂ ਕੀਤੀ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਇਹ ਮੁਕਾਬਲੇ ਹੁੰਦੇ ਰਹੇ ਅਤੇ ਸੋਹਣੀ ਦਸਤਾਰ ਵਾਲੇ ਨੂੰ ਇਨਾਮ ਵੀ ਦਿੱਤੇ ਜਾਂਦੇ ਸਨ। ਅੱਜ ਇਨ੍ਹਾਂ ਮੁਕਾਬਲਿਆਂ ਦਾ ਘੇਰਾ ਪੂਰੀ ਦੁਨੀਆਂ ਵਿਚ ਫੈਲਿਆ ਹੋਇਆ ਹੈ। ਉਂਜ ਪੰਜਾਬੀ ਗਾਇਕੀ ਦੇ ਬੋਲ ਤੇ ਫਿਲਮਾਂਕਣ ਅੱਤ ਦਰਜੇ ਦੇ ਨੀਵੇਂ ਹਨ ਪਰ ਦਸਤਾਰ ਦੇ ਸਦਕੇ ਕਈ ਗਾਇਕ ਫਿਲਮੀ ਦੁਨੀਆਂ ਤੇ ਵਿਦੇਸ਼ਾਂ ਵਿਚ ਅਖਾੜੇ ਲਗਾ ਚੰਗਾ ਨਾਂਅ ਅਤੇ ਡਾਲਰ ਕਮਾ ਰਹੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ 13 ਅਪ੍ਰੈਲ, 1699 ਈਸਵੀ ਨੂੰ ਖਾਲਸਾ ਪੰਥ ਦੀ ਸਾਜਨਾ ਕਰ ਪੰਜ ਕਕਾਰਾਂ ਨੂੰ ਪਹਿਨਣ ਤੇ ਸਿਰ ਢੱਕ ਕੇ ਰੱਖਣ ਦੀ ਪਾਲਣਾ ਨਾਲ ਕੇਸਕੀ ਜਾਂ ਦਸਤਾਰ ਵੀ ਸਿੱਖਾਂ ਦਾ ਅਨਿੱਖੜਵਾਂ ਅੰਗ ਬਣ ਗਈ। ਸਭ ਧਰਮਾਂ ਦੇ ਗੁਰੂਆਂ ਨੇ ਦਸਤਾਰ ਨੂੰ ਬੜੇ ਸਤਿਕਾਰ ਤੇ ਅਦਬ ਨਾਲ ਸਜਾਇਆ ਪਰ ਸਿੱਖ ਧਰਮ ਵਿਚ ਇਸਦਾ ਆਪਣਾ ਹੀ ਇਕ ਵੱਖਰਾ ਹੀ ਮੁਕਾਮ ਹੈ।

ਪੰਜਾਬ ਦੇ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਸੱਭਿਆਚਾਰ ਖੇਤਰ ਵਿਚ ਵੀ ਦਸਤਾਰ ਦਾ ਅਹਿਮ ਯੋਗਦਾਨ ਹੈ। ਸਿੱਖ ਕੌਮ ਲਈ ਇਕ ਧਾਰਮਿਕ ਚਿੰਨ੍ਹ ਹੈ ਪਰ ਨਾਲੋਂ-ਨਾਲ ਨੀਲਾ ਤੇ ਕੇਸਰੀ ਰੰਗ ਵੀ ਇਸ ਧਰਮ ਨਾਲ ਜੁੜੇ ਹੋਏ ਹਨ। ਨਿਹੰਗ ਸਿੰਘ ਨੀਲੇ ਬਾਣਿਆਂ ਦੇ ਨਾਲ 30 ਤੋਂ 70 ਮੀਟਰ ਦੇ ਦੁਮਾਲੇ ਸਜਾਉਂਦੇ ਪਰ ਹੋਲੇ-ਮਹੱਲੇ ਸਮੇਂ ਨਿਹੰਗ ਬਸੰਤੀ ਦਸਤਾਰ ਜਾਂ ਖਾਲਸਾਈ ਨਿਸ਼ਾਨੀਆਂ ਨਾਲ ਸਜਾਏ ਵੱਡ ਅਕਾਰੀ ਦੁਮਾਲੇ ਤੇ ਘੋਟੇ ਦੇ ਰਗੜੇ ਲਗਾ ਖੁਸ਼ੀਆਂ ਵਿਚ ਮਦਮਸਤ ਹੁੰਦੇ ਹਨ ਅਤੇ ਗੁਰ ਗੋਬਿੰਦ ਦੀਆ ਲਾਡਲੀਆਂ ਫੌਜਾਂ ਯੁੱਧ ਦੌਰਾਨ ਕੇਸਰੀ ਦਸਤਾਰਾਂ ਸਜਾ ਕੇ ਬੇਖੌਫ ਵੈਰੀਆਂ ਨੂੰ ਢੇਰ ਕਰਦੀਆਂ ਸਨ। ਸਿੱਖਾਂ ਲਈ ਕੇਸਰੀ ਸ਼ਹਾਦਤ ਦਾ ਰੰਗ ਹੈ। ਕੁੱਲ ਦੁਨੀਆਂ ਵਿਚ ਦਸਤਾਰ ਨੇ ਸਰਦਾਰਾਂ ਨੂੰ ਨੇਕਦਿਲ, ਜ਼ੁਲਮ ਖਿਲਾਫ ਡੱਟਣ ਤੇ ਮਦਦਗਾਰ ਹੋਣ ਵਾਲੀ ਕੌਮ ਦੀ ਪਹਿਚਾਣ ਦਿੱਤੀ। ਇਹ ਆਮ ਧਾਰਨਾ ਹੈ ਕਿ ਵਿਦੇਸ਼ਾਂ ਜਾਂ ਭਾਰਤ ਵਿਚ ਬਸ ਜਾਂ ਕੈਬ ਸਫਰ ਅਤੇ ਭੀੜ ਵਾਲੀਆਂ ਥਾਵਾਂ 'ਤੇ ਔਰਤਾਂ ਸਰਦਾਰ ਵਿਅਕਤੀ ਦੇ ਹੁੰਦਿਆਂ ਸੁਰੱਖਿਅਤ ਸਮਝਦੀਆਂ ਹਨ, ਜੋ ਬਿਨ ਬੋਲੇ ਹੀ ਫਖਰ ਤੇ ਰਖਵਾਲੇ ਹੋਣ ਦੀ ਗਵਾਹੀ ਹੈ।

ਰਾਜਨੀਤੀ ਵਿਚ ਦਸਤਾਰ ਦਾ ਬਾਕਮਾਲ ਰੂਪ ਹੈ। ਵਿਸ਼ਵਾਸ, ਦ੍ਰਿੜ੍ਹਤਾ, ਸੁੱਚਤਾ ਤੇ ਨਿਰਵੈਰ ਦੇ ਜੜੇ ਪੇਚ-ਦਰ-ਪੇਚ ਵਰਗੇ ਗੁਣਾਂ ਦੇ ਕਾਰਨ ਕੁੱਝ ਪਗੜੀਧਾਰੀ ਸਿਆਸੀ ਲੀਡਰ ਲੋਕਾਂ ਨੂੰ ਇਨ੍ਹਾਂ ਦੀ ਆੜ ਜਲਦੀ ਭਰਮਾਂ ਲੈਂਦੇ ਹਨ। ਬਦਲੇ ਦੌਰ ਵਿਚ ਪਾਰਟੀਆਂ ਨੇ ਆਪਣਾ ਸੰਵਿਧਾਨ ਤੇ ਝੰਡਾ ਵਾਂਗ ਪੱਗਾਂ ਦੇ ਰੰਗ ਵੀ ਤੈਅ ਕਰ ਲਏ, ਜਿਵੇਂ ਕਾਂਗਰਸੀ ਚਿੱਟੀ, ਅਕਾਲੀ ਨੀਲੀ, ਕਾਮਰੇਡ ਲਾਲ, ਆਪ ਬਸੰਤੀ ਤੇ ਕਿਸਾਨ ਜਥੇਬੰਦੀਆਂ ਹਰੇ ਰੰਗ ਨੂੰ ਪਹਿਲ ਦਿੰਦੀਆਂ ਹਨ। ਪੰਜਾਬ ਦੇ ਸਿਆਸੀ ਗਲਿਆਰਿਆਂ ਵਿਚ ਵੀ ਮਸ਼ਹੂਰ ਹੈ ਕਿ ਪੰਜਾਬ ਵਿਚ ਰਾਜਨੀਤਿਕ ਪਾਰਟੀ ਬਦਲਣਾ ਕੋਈ ਅਸਮਾਨੋਂ ਤਾਰੇ ਤੋੜਨਾ ਨਹੀਂ, ਬੱਸ ਪੱਗ ਦਾ ਰੰਗ ਹੀ ਬਦਲਣਾ ਹੈ।

ਬਹੁਭਾਤੀ ਸੱਭਿਆਚਾਰ ਨੂੰ ਹੋਰ ਰੰਗੀਲਾ ਬਣਾਉਣ ਲਈ ਵੀ ਪੱਗਾਂ ਦੇ ਰੰਗਾਂ ਨੇ ਕੋਈ ਕਸਰ ਨਹੀਂ ਛੱਡੀ, ਜਿਵੇਂ ਭੰਗੜਾ ਗੂੜੇ ਰੰਗ ਦੀਆਂ ਜੈਕਟਾਂ ਨਾਲ ਮੇਲ ਖਾਂਦੀਆਂ ਟੇਡੀਆ ਸ਼ਮਲੇ ਤੇ ਫਰਲੇ ਵਾਲੀਆਂ ਪੱਗਾ ਤੋਂ ਬਿਨਾਂ ਨਹੀਂ ਸ਼ੋਭਦਾ, ਉਸੇ ਤਰ੍ਹਾਂ ਪੁਰਾਣੇ ਸਮੇਂ ਦੌਰਾਨ ਮੰਗਣੇ ਵਾਲੇ ਦਿਨ ਗੁਲਾਬੀ ਤੇ ਵਿਆਹ ਨੂੰ ਉਨਾਭੀ ਰੰਗ ਨੂੰ ਹੀ ਸ਼ੁੱਭ ਮੰਨਿਆ ਜਾਂਦਾ ਸੀ। ਨਵੇਂ ਜ਼ਮਾਨੇ ਦੇ ਫੈਸ਼ਨ ਵਿਚ ਪੱਗ ਨਾਲ ਸ਼ਰਟ ਜਾਂ ਟਾਈ ਦਾ ਮੇਲ (ਮੈਚਿੰਗ) ਪੂਰੀ ਦੁਨੀਆਂ ਵਿਚ ਮਸ਼ਹੂਰ ਹੈ। ਵਿਆਹ, ਸ਼ਾਦੀ ਵਿਚ ਨਵੇਂ ਜੋੜੇ ਸਮੇਤ ਬਾਕੀ ਜੋੜਿਆਂ ਦੀਆਂ ਚੁੰਨੀਆਂ, ਸੂਟ ਤੇ ਲਹਿੰਗੇ ਵੀ ਪੱਗ ਨਾਲ ਮੇਲ ਖਾਂਦੇ ਆਮ ਹੀ ਦਿਖ ਜਾਂਦੇ ਹਨ।

ਚੁੰਨੀ ਰੰਗਦੇ ਲਲਾਰੀਆ ਮੇਰੀ
ਵੇ ਸੱਜਣਾ ਦੀ ਪੱਗ ਨਾਲ ਦੀ

ਖੁਸ਼ੀ ਸਮੇਂ ਗੂੜੇ ਤੇ ਗਮੀ ਸਮੇਂ ਫਿੱਕਾ ਰੰਗਾ ਦੀ ਰੀਤ ਅੱਜ ਵੀ ਨਿਰਵਿਘਨ ਪੁਗਾਈ ਜਾਂਦੀ ਹੈ। ਉਮਰ ਦੇ ਪੜਾਵਾਂ ਨਾਲ ਇਹ ਦਸਤਾਰਾਂ ਦੇ ਰੰਗ ਕੁਦਰਤੀ ਬਦਲ ਜਾਂਦੇ, ਜਿਵੇਂ ਜਵਾਨੀ ਪਹਿਰੇ ਗੂੜੀਆਂ, ਢਲਦੀ ਉਮਰੇ ਵਿਚ ਸਫੈਦ, ਮੋਤੀਆਂ ਜਾਂ ਫਿੱਕੇ ਰੰਗ ਹੀ ਸੋਭਦੇ ਹਨ। ਪਹਿਲ਼ਾ ਮਾਵੇ ਵਾਲੀਆਂ ਨੋਕਦਾਰ, ਪੋਚਵੀ ਤੇ ਪਟਿਆਲਾ ਸ਼ਾਹੀ ਪੱਗਾਂ ਦਾ ਦੌਰ ਰਿਹਾ। ਹੁਣ ਪਰਤ ਕੇ ਪੁਰਾਣੇ ਸਮੇਂ ਦੀ ਵਟਾਂ ਵਾਲੀ ਦਸਤਾਰ ਨੂੰ ਨੌਜਵਾਨ ਤਰਜੀਹ ਦਿੰਦੇ ਹਨ। ਉਂਜ ਵੀ ਪੱਗ ਦੇ ਅਕਾਰ ਜਾਂ ਅੰਦਾਜ਼ ਕੋਈ ਨਿਸ਼ਚਿਤ ਨਹੀਂ, ਸਭ ਦਾ ਆਪਣਾ ਹੀ ਉਤਮ ਤੇ ਮਨਭਾਉਂਦਾ ਸਟਾਇਲ ਹੁੰਦਾ ਹੈ। ਦਸਤਾਰ ਚੜ੍ਹਦੀ ਕਲਾ ਦੀ ਨਿਸ਼ਾਨੀ ਹੈ, ਸੋ ਹਮੇਸ਼ਾ ਸਾਫ-ਸੁਥਰੀ ਰੱਖਣਾ ਤੇ ਰੋਜ ਸਜਾਉਣਾ ਜ਼ਰੂਰੀ ਪਰ ਪਹਿਲਾ ਸਜਾਈ ਪੱਗ ਨੂੰ ਟੋਪੀ ਵਾਂਗ ਸਿਰ ਉਪਰ ਪਾਉਣ ਤੋਂ ਗੁਰੇਜ ਕਰਨਾ ਚਾਹੀਦਾ ਹੈ।

ਭਾਰਤੀ ਫੌਜ ਵਿਚ ਸਿੱਖਾਂ ਦੇ ਨਿਡਰ ਜਜ਼ਬੇ ਤੇ ਧਾਰਮਿਕ ਸ਼ਰਧਾ ਦਾ ਮਾਣ-ਸਤਿਕਾਰ ਕਰਦਿਆਂ ਸਰਕਾਰ ਨੇ ਵੱਖਰੀ ਰੈਜੀਮੈਂਟ ਸਥਾਪਤ ਕੀਤੀ ਹੋਈ ਹੈ, ਜਿਸ ਵਿਚ ਜਵਾਨ ਧਾਰਮਿਕ ਮਰਿਆਦਾ ਵਿਚ ਰਹਿ ਕੇ ਦੇਸ਼ ਦਾ ਰਖਵਾਲੀ ਕਰਦੇ ਹਨ। ਅੱਜ ਵੀ ਕਈ ਚੇਲੇ ਗੁਣੀ ਗੁਰੂ ਧਾਰਨ ਸਮੇਂ ਪੱਗ ਭੇਟ ਕਰਕੇ ਸ਼ਗਿਰਦੀ ਹਾਸਲ ਕਰਦੇ ਹਨ। ਪੁਰਾਣੇ ਸਮੇਂ ਵਿਚ ਇਹ ਮਾਨ-ਤਾਣ ਜ਼ਿਆਦਾਤਰ ਗਾਇਕੀ ਤੇ ਪਹਿਲਵਾਨੀ ਅਖਾੜੇ ਦੀ ਪ੍ਰਚਲਿਤ ਰਵਾਇਤ ਸੀ। ਕੁਝ ਵਿਰਲੇ ਹੀ ਇਕੱਠੇ ਪੜ੍ਹਾਈ ਜਾ ਕੰਮ ਕਰਦੇ ਮਿੱਤਰ ਆਪਣੀ ਦੋਸਤੀ ਨੂੰ ਉਮਰਾਂ ਦੀ ਸਾਂਝ ਵਿਚ ਬਦਲਦਿਆਂ ਦਸਤਾਰਾਂ ਵਟਾ ਭਰਾਵਾਂ ਦੇ ਰਿਸ਼ਤੇ ਬਣਾਉਂਦੇ ਹਨ ਤੇ ਇਹ ਪੱਗ ਵੱਟ ਭਰਾ ਹਰ ਖੁਸ਼ੀ ਗਮੀ ਨੂੰ ਖਿੜੇ ਮੱਥੇ ਸਿੰਝਦਿਆਂ ਦਸਤਾਰ ਦਾ ਰੁਤਬਾ ਕਾਇਮ ਰੱਖਦੇ, ਜੋ ਰਿਸ਼ਤਿਆਂ ਦੀ ਅਟੁੱਟ ਸਾਂਝ ਦਾ ਪ੍ਰਗਟਾਵਾ ਕਰਦੀ ਹੈ। ਇਥੋਂ ਤੱਕ ਗੁਰਬਾਣੀ ਵਿਚ ਵੀ ਦਸਤਾਰ ਦੀ ਉਸਤਤ ਕਰਦੇ ਹੋਏ ਇਕ ਸੱਚਾ ਦਸਤਾਰਧਾਰੀ ਸਿੱਖ ਨੂੰ ਹਮੇਸ਼ਾ ਨਿਮਰ, ਸਾਦਾ ਤੇ ਮਿੱਠੀ ਬੋਲੀ ਦਾ ਧਾਰਨੀ ਦੱਸ ਕੇ ਉਸਤਤ ਕੀਤੀ ਹੈ।

ਖੂਬ ਤੇਰੀ ਪਗੜੀ ਮੀਠੇ ਤੇਰੇ ਬੋਲ
ਦੁਵਾਰਕਾ ਨਗਰੀ ਕਾਹੇ ਰੇ ਮਘੋਲ

ਬਚਪਨ ਤੋਂ ਲੈ ਕੇ ਮਰਨ ਤੱਕ ਪੱਗ ਨਾਲ ਰਹਿੰਦੀ ਹੈ, ਘਰ ਵਿਚ ਬਜ਼ੁਰਗ ਦੀ ਮੌਤ ਤੋਂ ਬਾਅਦ ਵੱਡੇ ਪੁੱਤਰ ਨੂੰ ਪੱਗ ਦੇ ਕੇ ਅੱਗੇ ਕਬੀਲਦਾਰੀ ਸੰਭਾਲਨ ਜ਼ੁੰਮਾ ਦਿੰਦੇ ਹਨ। ਘਰੇਲੂ ਸਮਾਗਮਾਂ ਅਤੇ ਸੱਭਿਆਚਾਰ ਮੇਲਿਆਂ ਵਿਚ ਇਸ ਨਾਲ ਕੀਤਾ ਸਨਮਾਨ ਵੱਡਾ ਮੰਨਿਆ ਜਾਂਦਾ ਹੈ। ਪੰਜਾਬੀਆਂ ਦੇ ਸਭ ਰੰਗਾਂ ਵਿਚ ਰੰਗੀ ਦਸਤਾਰ ਨੂੰ ਚੜ੍ਹਦੀ ਕਲਾ ਵਿਚ ਰੱਖਣ ਲਈ ਲੱਖਾ ਕੁਰਬਾਨੀਆਂ ਝੱਲੀਆਂ ਤੇ ਝੱਲ ਰਹੇ ਪਰ ਹਮੇਸ਼ਾ ਜੇਤੂ ਬਣ ਕੇ ਨਿੱਤਰੇ। ਆਉ, ਇਸ ਦੀ ਸ਼ਾਨ ਦਾ ਘੇਰਾ ਬਰਕਰਾਰ ਅਤੇ ਵਿਸ਼ਾਲ ਕਰਦੇ ਹੋਏ ਨਿਰਵੈਰ ਤੇ ਸਰਬੱਤ ਦੇ ਭਲੇ ਵਾਲੇ ਗੁਣਾਂ ਦਾ ਸਨੇਹਾ ਵੰਡੀਏ, ਤਾਂ ਜੋ ਇਹ ਰੱਬੀ ਦਾਤ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇ।

# ਔਰਤ ਦੀ ਤ੍ਰਾਸਦੀ ......

-ਅਮਨਦੀਪ ਕੌਰ ਬਠਿੰਡਾ
ਮੋਬਾਇਲ : 97801-74887
ਪੇਸ਼ਕਸ਼ - ਅੰਗਰੇਜ ਸਿੰਘ ਵਿੱਕੀ
(Punjab Mail USA)





ਇੱਕ ਔਰਤ ਜਦੋਂਕਿ ਉਹ ਕਮਾਊ ਵੀ ਹੋਵੇ, ਸਵੇਰੇ ਨਹੀਂ ਅੱਧੀ ਰਾਤ ਨੂੰ ਹੀ ਉੱਠ ਕੇ ਘਰ ਦੇ ਸਾਰੇ ਕੰਮ ਨਿਪਟਾਣੇ ਸ਼ੁਰੂ ਕਰ ਦਿੰਦੀ ਹੈ, ਤਾਂ ਕਿ ਉਹ ਡਿਊਟੀ ਜਾਣ ਤੋਂ ਪਹਿਲਾਂ ਕੋਈ ਕੰਮ ਛੱਡ ਕੇ ਨਾ ਜਾਵੇ। ਬਿਨਾਂ ਆਪਣੀ ਸਿਹਤ ਦੀ ਪਰਵਾਹ ਕੀਤੇ, ਜਲਦੀ ਨਾਲ ਡਿਊਟੀ ਪਹੁੰਚ ਕੇ ਸਾਰੀ ਜ਼ਿੰਮੇਵਾਰੀ ਪੂਰੀ ਕਰਦੇ ਹੋਏ ਸ਼ਾਮ ਨੂੰ ਜਦ ਘਰ ਪਹੁੰਚਦੀ ਹੈ, ਤਾਂ ਆਰਾਮ ਕਰਨ ਦੀ ਥਾਂ ਘਰ ਦਾ ਕੰਮ ਉਸ ਨੂੰ ਵਾਜਾਂ ਮਾਰ ਰਿਹਾ ਹੁੰਦਾ ਹੈ। ਉਹ ਬਿਨਾਂ ਆਰਾਮ ਕੀਤੇ ਫਿਰ ਘਰ ਦੇ ਸਾਰੇ ਕੰਮ ਕਰਨੇ ਸ਼ੁਰੂ ਕਰ ਦਿੰਦੀ ਹੈ, ਬਿਨਾਂ ਕੋਈ ਇਤਰਾਜ਼/ਰੋਸ ਜ਼ਾਹਿਰ ਕੀਤੇ। ਪਰ ਜੇ ਗਲਤੀ ਨਾਲ ਕੋਈ ਕੰਮ ਰਹਿ ਜਾਵੇ, ਤਾਂ ਪਰਿਵਾਰ ਤੋਂ ਸਾਥ ਨਹੀਂ, ਉਲਟਾ ਸੁਣਨ ਨੂੰ ਮਿਲਦਾ ਕਿ ਕੰਮ ਨਹੀਂ ਹੋਇਆ, ਸਵੇਰੇ ਤਿਆਰ ਹੋ ਕੇ ਚਲੀ ਜਾਨੀਂ ਏ। ਕੁਰਸੀ 'ਤੇ ਬੈਠਕੇ ਈ ਮੁੜਦੀ ਏ, ਕੀ ਔਖਾ ਕੁਰਸੀ 'ਤੇ ਬੈਠਕੇ ਕੰਮ ਕਰਨਾ, ਉਤੋਂ ਰਿਸ਼ਤੇਦਾਰ ਹੋਰ ਭੜਕਾਊ ਗੱਲਾਂ ਕਰਦੇ ਆ, ਬਥੇਰੀਆ ਔਰਤਾਂ ਡਿਊਟੀ ਕਰਦੀਆਂ ਪਰ ਸਾਰਾ ਕੰਮ ਕਰਕੇ ਜਾਂਦੀਆ, ਤੁਹਾਡੀ ਤਾਂ ਤਿਆਰ ਹੋ ਕੇ ਚਲੀ ਜਾਂਦੀ ਏ, ਕੰਮ ਭੋਰਾ ਨਹੀਂ ਕਰਦੀ। ਉਨ੍ਹਾਂ ਦੀ ਆਪਣੀ ਨੂੰਹ ਜਾਂ ਧੀ ਭਾਵੇਂ ਘਰੇਲੂ ਹੋਣ ਦੇ ਬਾਵਜੂਦ ਘਰ ਦਾ ਕੰਮ ਨਾ ਵੀ ਕਰਦੀ ਹੋਵੇ। ਇਹ ਸਭ ਗੱਲਾਂ ਮਾਨਸਿਕ ਤਨਾਓ ਨੂੰ ਹੋਰ ਵੀ ਵਧਾ ਦਿੰਦੀਆਂ। ਸਾਰਾ ਮਹੀਨਾ ਲਗਾਤਾਰ ਕੰਮ ਕਰਨ ਤੋਂ ਬਾਅਦ ਜਦ ਤਨਖਾਹ ਆਉਂਦੀ ਹੈ, ਤਾਂ ਆਪਣੇ ਹੀ ਏ.ਟੀ.ਐੱਮ 'ਤੇ ਫੋਨ ਦਾ ਪੇਅ.ਟੀ.ਐੱਮ ਦਾ ਪਾਸਵਰਡ ਕੋਡ ਉਸ ਨੂੰ ਨਹੀਂ, ਬਲਕਿ ਸਿਰਫ਼ ਉਸ ਦੇ ਪਤੀ ਨੂੰ ਪਤਾ ਹੁੰਦਾ ਤੇ ਆਪਣੇ ਕੁਝ ਕੁ ਖਰਚਿਆ ਲਈ ਵੀ ਉਸ ਨੂੰ ਪਤੀ ਤੋਂ ਵਾਰ-ਵਾਰ ਮੰਗ ਕੇ ਪੈਸੇ ਲੈਣੇ ਪੈਂਦੇ ਹਨ। ਪਰ ਮਿਲਦੇ ਨਹੀਂ, ਜੇ ਮਿਲਦੇ ਵੀ ਨੇ ਤਾਂ ਬਸ ਕਿਰਾਏ ਜੋਗੇ ਹੀ। ਕਦੇ-ਕਦੇ ਤਾਂ ਐ ਦਿਲ ਕਰਦਾ ਕਿ ਪਰਸ ਨਾਲ ਹੀ ਨਾ ਲੈ ਕੇ ਜਾਵਾਂ, ਕਿਉਂਕਿ ਉਸ ਵਿਚ ਕੰਮਕਾਜੀ ਕਾਗਜ਼ਾਂ ਤੇ ਸਿਵਾਏ ਆਧਾਰ ਕਾਰਡ ਦੇ ਕੁਝ ਨਹੀਂ ਹੁੰਦਾ। ਕਮਾਊ ਔਰਤ ਨਾ ਤਾਂ ਤਨਖਾਹ ਦਾ ਸੁੱਖ ਮਾਣ ਸਕਦੀ ਹੈ ਤੇ ਨਾ ਹੀ ਕੰਮ ਤੋਂ ਥੱਕੀ ਆ ਕੇ ਆਰਾਮ ਕਰ ਸਕਦੀ ਹੈ। ਉਂਝ ਭਾਵੇਂ ਔਰਤ ਸ਼ਕਤੀ ਤੇ ਊਰਜਾ ਦਾ ਭੰਡਾਰ ਹੈ। ਉਹ ਘਰ ਤੇ ਬਾਹਰ ਦੇ ਕੰਮ ਬੜੀ ਸਹਿਜਤਾ ਤੇ ਕੁਸ਼ਲਤਾ ਨਾਲ ਸੰਭਾਲ ਲੈਂਦੀ ਹੈ, ਪਰ ਇਹ ਕੌੜੇ ਬੋਲ ਤੇ ਘਰ ਵੜਦਿਆਂ ਹੀ ਘੜੀ ਵੱਲ ਪਰਿਵਾਰ ਦੀਆਂ ਦੇਖਦੀਆਂ ਅੱਖਾਂ ਕਿ ਕਿਉਂ ਲੇਟ ਹੈ, ਉਸ ਨੂੰ ਮਾਨਸਿਕ ਤੌਰ 'ਤੇ ਝੰਜੋੜ ਕੇ ਰੱਖ ਦਿੰਦੀਆ ਹਨ ਤੇ ਮਿਲਦੀ ਹੈ, ਤਾਂ ਉਸ ਨੂੰ ਸਿਰਫ਼ ਤ੍ਰਾਸਦੀ। ਫਿਰ ਵੀ ਉਹ ਜੁੱਟ ਜਾਂਦੀ ਹੈ, ਸਭ ਦੀ ਸੇਵਾ 'ਚ ਬੱਚੇ ਦਾ ਸਕੂਲ ਦਾ ਕੰਮ, ਕਿਸੇ ਦੀ ਦਵਾਈ, ਆਉਣ-ਜਾਣ ਵਾਲਿਆਂ ਦੀ ਸੇਵਾ, ਘਰ ਦੇ ਬਾਕੀ ਕੰਮਾਂ 'ਚ ਤੇ ਫਿਰ ਵੀ ਪਤੀ ਆਸ ਕਰਦਾ ਕਿ ਜਦ ਉਹ ਕੋਲ ਆਵੇ, ਤਾਂ ਹੱਸਦੀ ਤੇ ਸ਼ਾਂਤ ਹੋਵੇ। ਸਾਰੀ ਰਾਤ ਮਾਨਸਿਕ ਤਣਾਅ ਵਿਚੋਂ ਗੁਜ਼ਰ ਕੇ ਫਿਰ ਅੱਧੀ ਰਾਤ ਉੱਠ ਕੇ ਰੋਜ਼ਮਰਾ ਦੇ ਕੰਮ ਸ਼ੁਰੂ ਕਰ ਦਿੰਦੀ ਹੈ, ਤੇ ਇੰਝ ਅਗਲੀ ਸਵੇਰ ਹੋ ਜਾਂਦੀ ਹੈ ਤੇ ਰੋਜ਼ਾਨਾ ਦੀ ਤਰ੍ਹਾਂ ਤੇ ਡਿਊਟੀ ਜਾਣ ਦਾ ਸਮਾਂ ਵੀ। ਬੱਸ ਇਸ ਤਰ੍ਹਾਂ ਹੀ ਤ੍ਰਾਸਦੀ ਵਿਚ ਔਰਤ ਦੀ ਜ਼ਿੰਦਗੀ ਗੁਜਰ ਜਾਂਦੀ ਹੈ।

# ਲੋਕਾਂ ਵਿਚ ਜਾ ਕੇ ਬੈਠਣ ਵਾਲਾ ਮੁੱਖ ਮੰਤਰੀ- ਸਰਦਾਰ ਪ੍ਰਕਾਸ਼ ਸਿੰਘ ਬਾਦਲ



ਡਾ. ਅਮਨਪ੍ਰੀਤ ਸਿੰਘ ਬਰਾੜ
96537-90000
(Punjab Mail USA)



ਪੰਜਾਬ ਦੇ ਪੰਜ ਵਾਰ ਦੇ ਮੁੱਖ ਮੰਤਰੀ, ਸਿਆਸਤ ਦੇ ਬਾਬਾ ਬੋਹੜ ਅਤੇ ਆਮ ਲੋਕਾਂ ਵਿਚ ਬੈਠਣ ਵਾਲੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਕਿਸਾਨੀ ਪਰਿਵਾਰ ਤੋਂ ਉੱਠ ਕਿ ਆਜ਼ਾਦ ਭਾਰਤ ਦੀ ਸਿਆਸਤ ਵਿਚ ਸਰਪੰਚੀ ਤੋਂ ਸ਼ੁਰੂਆਤ ਕਰਕੇ ਮੁੱਖ ਮੰਤਰੀ ਦੇ ਅਹੁੱਦੇ ਤੱਕ ਪਹੁੰਚੇ। ਇਸ ਕੁਰਸੀ 'ਤੇ ਬੈਠਣ ਨਾਲ ਅਥਾਹ ਤਾਕਤ ਹਾਸਲ ਹੋ ਜਾਂਦੀ ਹੈ ਅਤੇ ਆਮ ਲੋਕਾਂ ਦੇ ਸਿਰ ਚੜ੍ਹ ਕੇ ਬੋਲਦੀ ਹੈ। ਪਰ ਇਨ੍ਹਾਂ ਦੇ ਚਿਹਰੇ 'ਤੇ ਕਦੇ ਕੁਰਸੀ ਦਾ ਹੰਕਾਰ ਨਹੀਂ ਦਿੱਸਿਆ। ਹਲੀਮੀ ਅਤੇ ਸਹਿਣਸ਼ੀਲਤਾ ਦੀ ਜੋ ਮਿਸਾਲ ਇਨ੍ਹਾਂ ਨੇ ਕਾਇਮ ਕੀਤੀ, ਆਜ਼ਾਦ ਭਾਰਤ ਵਿਚ ਅੱਜ ਤੱਕ ਨਹੀਂ ਮਿਲਦੀ। ਇਸ ਗੱਲ ਦੀ ਪੁਸ਼ਟੀ ਹੁੰਦੀ ਹੈ, ਜਦ ਵੀ ਕੋਈ ਉਨ੍ਹਾਂ ਨੂੰ ਮਿਲਣ ਜਾਂਦਾ, ਤਾਂ ਜੇ ਉਹ ਉਮਰ ਵਿਚ ਵੱਡਾ ਜਾਂ ਬਰਾਬਰ ਦਾ ਹੈ, ਤਾਂ ਕਹਿਣਾ ਆਉ ਸਰਦਾਰ ਸਾਹਿਬ ਜੇ ਕੋਈ ਛੋਟਾ ਹੈ, ਤਾਂ ਕਾਕਾ ਜੀ ਅਤੇ ਜੇ ਪਤਾ ਹੈ ਕੋਈ ਯੂਨੀਵਰਸਿਟੀ ਤੋਂ ਆਇਆ ਹੈ, ਤਾਂ ਡਾਕਟਰ ਸਾਹਿਬ। ਇਸ ਤਰ੍ਹਾਂ ਜੇ ਕਿਸੇ ਦੇ ਕੰਮ ਪ੍ਰਤੀ ਕਿਸੇ ਅਫ਼ਸਰ ਨੂੰ ਫੋਨ ਕਰਦੇ ਤਾਂ ਕਦੇ ਨਾਮ ਤੋਂ ਨਹੀਂ ਸੀ ਬੁਲਾਉਂਦੇ, ਸਗੋਂ ਐੱਸ.ਐੱਸ.ਪੀ. ਸਾਹਿਬ ਜਾਂ ਡੀ.ਸੀ. ਸਾਹਿਬ ਕਹਿ ਕਿ ਬੁਲਾਉਂਦੇ ਸਨ। ਜਦਕਿ ਕਈ ਮੁੱਖ ਮੰਤਰੀ ਤਾਂ ਅਫ਼ਸਰਾਂ ਜਾਂ ਆਪਣੇ ਮੰਤਰੀਆਂ ਦਾ ਅੱਧਾ ਨਾਮ ਹੀ ਲੈਂਦੇ ਸੀ। ਸਹਿਣਸ਼ੀਲਤਾ ਦੀ ਉਦਾਹਰਣ ਵੇਖਣ ਨੂੰ ਮਿਲਦੀ ਸੀ, ਵਿਧਾਨ ਸਭਾ ਵਿਚ ਬਤੌਰ ਮੁੱਖ ਮੰਤਰੀ ਕਿਸੇ ਵਿਰੋਧੀ ਧਿਰ ਦੇ ਨੇਤਾ ਨੇ ਕੋਈ ਸਵਾਲ ਚੁੱਕੇ ਜਾਂ ਇਲਜ਼ਾਮ ਲਾਏ, ਤਾਂ ਉਨ੍ਹਾਂ ਨੇ ਕਦੇ ਵਿਚੋਂ ਨਹੀਂ ਟੋਕਿਆ ਸੀ। ਸਗੋਂ ਬਾਅਦ ਵਿਚ ਹੱਸ ਕੇ ਉਸਦਾ ਬੜੀ ਨਿਮਰਤਾ ਸਹਿਤ ਜਵਾਬ ਵੀ ਦੇਣਾ ਅਤੇ ਸ਼ਬਦਾਂ ਦੀ ਮਰਿਯਾਦਾ ਵੀ ਨਹੀਂ ਭੁੱਲਣੀ। ਜਦਕਿ ਅੱਜ ਦੇ ਦੌਰ ਵਿਚ ਵਿਧਾਨ ਸਭਾ ਵਿਚ ਵੀ ਸ਼ਬਦਾਂ ਦੀ ਮਰਿਯਾਦਾ ਦਾ ਕੋਈ ਖਿਆਲ ਹੀ ਨਹੀਂ ਰੱਖਿਆ ਜਾਂਦਾ। ਵੋਟਾਂ ਵਿਚ ਹਾਰ ਦਾ ਫਤਵਾ ਲੋਕਾਂ ਵੱਲੋਂ ਦਿੱਤਾ ਗਿਆ, ਤਾਂ ਉਨ੍ਹਾਂ ਨੇ ਸਿਰਫ ਇੰਨਾ ਹੀ ਕਿਹਾ, ਕੋਈ ਗੱਲ ਨਹੀਂ, ਇਹ ਆਪਣਾ ਪਰਿਵਾਰ ਹੈ ਤੇ ਘਰ ਵਿਚ ਮਨਮੁਟਾਵ ਹੋ ਹੀ ਜਾਂਦਾ ਹੈ, ਪ੍ਰਮਾਤਮਾ ਭਲੀ ਕਰੂਗਾ। ਫਿਰ ਲੋਕਾਂ ਨੂੰ ਧੰਨਵਾਦ ਕਹਿਣ ਲਈ ਦੌਰਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੀ ਸਰਕਾਰ ਵਿਚ ਸਰਕਾਰੀ ਮੁਲਾਜ਼ਮਾਂ ਨੂੰ ਨਵੇਂ ਪੇ ਗਰੇਡ ਵੀ ਮਿਲੇ ਅਤੇ ਵਾਧੇ ਲਈ ਕਮਿਸ਼ਨ ਵੀ ਨਿਯੁਕਤ ਕੀਤਾ ਗਿਆ। ਕੇਂਦਰ ਦੀ ਤਰਜ਼ 'ਤੇ ਡੀ.ਏ. ਰੈਗੂਲਰ ਮਿਲਦਾ ਸੀ ਪਰ ਜੇ ਕਿਤੇ ਦੋ ਦਿਨ ਲੇਟ ਹੋ ਜਾਂਦਾ, ਤਾਂ ਯੂਨੀਅਨਾਂ ਵਾਲੇ ਇਤਰਾਜ਼ ਵੀ ਕਰ ਲੈਂਦੇ ਸੀ। ਅੱਜ ਯੂਨੀਅਨਾਂ ਵਾਲੇ ਭੁੱਲ ਹੀ ਚੁੱਕੇ ਹਨ ਕਿ ਮਹਿੰਗਾਈ ਭੱਤਾ ਵੀ ਕੋਈ ਚੀਜ਼ ਹੈ। ਸਰਕਾਰ ਨੂੰ ਡੀ.ਏ. ਬਾਰੇ ਯਾਦ ਕਰਵਾਉਣਾ ਤਾਂ ਦੂਰ ਦੀ ਗੱਲ ਹੈ।

**ਕਿਸਾਨ ਹਿਤੈਸ਼ੀ:** ਜੇ ਉਨ੍ਹਾਂ ਨੂੰ ਕਿਸਾਨਾਂ ਦਾ ਮੁੱਖ ਮੰਤਰੀ ਕਹੀਏ ਤਾਂ ਗਲਤ ਨਹੀਂ ਹੋਵੇਗਾ। ਇਨ੍ਹਾਂ ਦੇ ਕਾਰਜਕਾਲ ਵਿਚ ਖੇਤੀ ਦੀ ਮਸ਼ੀਨਰੀ ਨੂੰ ਉਤਸ਼ਾਹਿਤ ਕੀਤਾ ਗਿਆ। ਜਦੋਂ ਕੇਂਦਰ ਸਰਕਾਰ ਨੇ ਕੰਬਾਇਨਾਂ ਬਾਹਰੋਂ ਮੰਗਵਾਉਣ ਤੋਂ ਨਾਂਹ ਕਰ ਦਿੱਤੀ, ਤਾਂ ਇਨ੍ਹਾਂ ਨੇ ਪੰਜਾਬ ਸਰਕਾਰ ਦੀ ਪੰਜਾਬ ਟਰੈਕਟਰਜ਼ ਲਿਮਿਟਡ ਕੰਪਨੀ ਸਥਾਪਿਤ ਕਰਕੇ ਸਵਰਾਜ ਟਰੈਕਟਰਜ਼ ਅਤੇ ਕੰਬਾਈਨਾਂ ਬਣਾਉਣੀਆਂ ਸ਼ੁਰੂ ਕੀਤੀਆਂ। ਜਿਸ ਨਾਲ ਬਾਅਦ ਵਿਚ ਹੋਰ ਪ੍ਰਾਈਵੇਟ ਲੋਕਾਂ ਨੇ ਵੀ ਕੰਬਾਈਨਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਕਿਸਾਨਾਂ ਦੇ ਟਰੈਕਟਰ ਜਦੋਂ ਮੰਡੀ ਜਾਂਦੇ, ਤਾਂ ਕੋਈ ਨਾ ਕੋਈ ਬਹਾਨਾ ਕੱਢਕੇ ਪੁਲਿਸ ਮੁਲਾਜ਼ਮ ਤੰਗ ਕਰਦੇ। ਉਸ ਵੇਲੇ ਇਨ੍ਹਾਂ ਨੇ ਐਕਟ ਤਬਦੀਲ ਕੀਤਾ ਅਤੇ ਕਹਿ ਦਿੱਤਾ ਕਿ ਇਹ ਕਿਸਾਨਾਂ ਦਾ ਗੱਡਾ ਹੈ। ਜਿਸ ਤੋਂ ਬਾਅਦ ਕਿਸਾਨਾਂ ਦੀ ਲੁੱਟ ਬੰਦ ਹੋਈ। ਸਭ ਤੋਂ ਜ਼ਿਆਦਾ ਟਿਊਬਵੈੱਲ ਕੁਨੈਕਸ਼ਨ ਇਨ੍ਹਾਂ ਦੇ ਸਮੇਂ ਵਿਚ ਦਿੱਤੇ ਗਏ। ਨਹਿਰੀ ਪਾਣੀ ਲਈ ਸੂਏ, ਕੱਸੀਆ, ਪੱਕੇ ਖਾਲਾਂ ਦਾ ਜਾਲ ਵਿਛਾਇਆ। ਇਸ ਸਦਕਾ ਮਾਲਵੇ ਦੇ ਟਿੱਬਿਆਂ ਨੂੰ ਬਰਾਨੀ ਤੋਂ ਨਹਿਰੀ ਬਣਾਇਆ ਗਿਆ। ਇਸ ਨਾਲ ਮਾਲਵੇ ਦੇ ਲੋਕਾਂ ਦੀ ਆਰਥਿਕਤਾ ਨੂੰ ਵੱਡਾ ਹੁਲਾਰਾ ਮਿਲਿਆ। ਇਸ ਤੋਂ ਪਹਿਲਾਂ ਮਾਝੇ ਦੁਆਬੇ ਵਾਲੇ ਜਗਰਾਉਂ ਅਤੇ ਹਰੀਕੇ ਪੱਤਣ ਤੋਂ ਪਰਲੇ ਪਾਸੇ ਨੂੰ ਜੰਗਲੀ ਇਲਾਕਾ ਦੱਸਦੇ ਸਨ। ਆਰ.ਡੀ.ਐੱਫ. ਦੇ ਪੈਸੇ ਨਾਲ ਪਿੰਡਾਂ ਦੀ ਨੁਹਾਰ ਬਦਲੀ, ਪਿੰਡਾਂ ਵਿਚ ਲਿੰਕ ਸੜਕਾਂ ਦਾ ਜਾਲ ਵਿਛਾਇਆ ਅਤੇ ਇਨ੍ਹਾਂ ਨੂੰ ਮੰਡੀਆਂ ਅਤੇ ਸ਼ਹਿਰਾਂ ਨਾਲ ਜੋੜਿਆ। ਸਰਕਾਰੀ ਸਕੂਲ, ਡਿਸਪੈਂਸਰੀ, ਵੈਟਨਰੀ ਅਫ਼ਸਰ ਪਿੰਡਾਂ ਵਿਚ ਬਠਾਏ। ਜਦੋਂ ਮਾਲਵੇ ਵਿਚ ਪਾਣੀ ਦੀ ਵਜਾ ਨਾਲ ਕੈਂਸਰ ਵੱਧਣਾ ਸ਼ੁਰੂ ਹੋਇਆ, ਤਾਂ ਆਰ.ਓ. ਸਿਸਟਮ ਇਨ੍ਹਾਂ ਦੀ ਦੇਣ ਹੈ। ਪਿੰਡਾਂ ਦੀ ਘਰੇਲੂ ਬਿਜਲੀ ਦੀ ਸਪਲਾਈ 24 ਘੰਟੇ ਕੀਤੀ ਅਤੇ ਟਿਊਬਵੈੱਲਾਂ ਦੇ ਬਿੱਲ ਮੁਆਫ ਵੀ ਕੀਤੇ। ਕਿਉਂਕਿ ਫ਼ਸਲਾਂ ਦੇ ਭਾਅ ਕੇਂਦਰ ਵੱਸ ਸੀ ਪਰ ਉਸ ਨੂੰ ਕੰਪਨਸੇਟ ਕਰਨ ਲਈ ਟਿਊਬਵੈੱਲਾਂ ਦੇ ਬਿੱਲ ਅਤੇ ਨਹਿਰੀ ਮਾਮਲਾ ਮੁਆਫ ਕਰ ਦਿੱਤਾ।

**ਗਰੀਬਾਂ ਦਾ ਮਸੀਹਾ:** ਗਰੀਬਾਂ ਲਈ ਕਈ ਸਕੀਮਾਂ ਇਨ੍ਹਾਂ ਦੀ ਦੇਣ ਹੈ, ਜਿਵੇਂ ਕਿ ਆਟਾ-ਦਾਲ ਸਕੀਮ, ਬਜ਼ੁਰਗਾਂ ਲਈ ਪੈਨਸ਼ਨ, ਸ਼ਗਨ ਸਕੀਮ, 200 ਯੂਨਿਟ ਮੁਫ਼ਤ ਬਿਜਲੀ, ਘਰਾਂ ਦੀ ਮੁਰੰਮਤ ਲਈ ਪੈਸਾ, ਸਕੂਲ ਵਿਚ ਪੜ੍ਹਦੀਆਂ ਬੱਚੀਆਂ ਲਈ ਸਾਈਕਲ ਆਦਿ। ਇਨ੍ਹਾਂ ਸਕੀਮਾਂ 'ਤੇ ਇਨ੍ਹਾਂ ਦੇ ਵਿਰੋਧੀਆਂ ਨੇ ਪਹਿਲਾਂ ਨਿਸ਼ਾਨੇ ਸਾਧੇ ਕਿ ਇਹ ਪੰਜਾਬ ਨੂੰ ਕੰਗਾਲੀ ਦੇ ਰਾਹ 'ਤੇ ਲੈ ਗਈਆਂ। ਇਸ ਤੋਂ ਸੇਧ ਲੈ ਕਿ ਅੱਜ ਸਾਰੀ ਦੀ ਸਾਰੀ ਸਿਆਸਤ ਡਿਵੈਲਪਮੈਂਟ ਦਾ ਮੁੱਦਾ ਛੱਡ ਕੇ ਮੁਫ਼ਤ ਦੀ ਰਾਜਨੀਤੀ ਵਿਚ ਹੀ ਤਬਦੀਲ ਹੋ ਗਈ ਹੈ।

**ਵਿੱਦਿਆ ਦੇ ਖੇਤਰ ਵਿਚ:** ਵਿੱਦਿਆ ਦੇ ਖੇਤਰ ਵਿਚ ਇਨ੍ਹਾਂ ਦੀ ਸਭ ਤੋਂ ਵੱਡੀ ਦੇਣ ਹੈ, ਕਿਤੇ ਆਦਰਸ਼ ਸਕੂਲ, ਕਿਤੇ ਮੈਰੀਟੋਰੀਅਸ ਸਕੂਲ। 10ਵੀਂ ਜਮਾਤ ਵਿਚੋਂ 80 ਪ੍ਰਤੀਸ਼ਤ ਤੋਂ ਵੱਧ ਨੰਬਰ ਵਾਲਿਆਂ ਲਈ ਮੈਰੀਟੋਰੀਅਸ ਸਕੂਲ ਤਾਂ ਕਿ ਇਹ ਬੱਚੇ ਜੋ ਉੱਪਰ ਆਉਂਦੇ ਸਨ, ਉਹ ਕਿਸੇ ਮੁਕਾਮ ਤੱਕ ਪੁੱਜ ਸਕਣ, ਇਸ ਲਈ ਇਨ੍ਹਾਂ ਬੱਚਿਆਂ ਨੂੰ ਹੋਸਟਲ ਵਿਚ ਹੀ ਰੱਖ ਕਿ ਪੜ੍ਹਾਓ ਤਾਂ ਜੋ ਕਿਸੇ ਤਰ੍ਹਾਂ ਦੀ ਕੋਈ ਦਿੱਕਤ ਨਾ ਆਵੇ। ਪਰ ਅੱਜ ਉਨ੍ਹਾਂ ਮੈਰੀਟੋਰੀਅਸ ਸਕੂਲਾਂ ਦਾ ਨਾਮ ਬਦਲ ਕਿ ਸਕੂਲ ਆਫ ਐਮੀਨੈਂਸ ਕਰ ਦਿੱਤਾ ਅਤੇ ਨਾਲ ਹੀ ਹੋਸਟਲ ਦੀ ਸਹੂਲਤ ਖਤਮ ਕਰ ਦਿੱਤੀ। ਆਖਿਰਕਾਰ ਬਦਲਾਵ ਜ਼ਰੂਰੀ ਹੈ, ਚਾਹੇ ਚੰਗਾ ਨਹੀਂ ਤਾਂ ਮਾੜਾ। ਇਸ ਤੋਂ ਇਲਾਵਾ ਮੈਡੀਕਲ ਯੂਨੀਵਰਸਿਟੀ ਖੋਲ੍ਹਣੀ, ਏਮਜ਼ ਵਰਗੇ ਹਸਪਤਾਲ ਲਿਆਉਣਾ ਵੀ ਉਨ੍ਹਾਂ ਦੇ ਹਿੱਸੇ ਆਇਆ ਅਤੇ ਕੈਂਸਰ ਵਰਗੀ ਭਿਆਨਕ ਬੀਮਾਰੀ ਦੇ ਇਲਾਜ ਲਈ ਮਾਲੀ ਮਦਦ ਕਰਨਾ।

**ਸਾਂਝ ਕੇਂਦਰ:** ਉਨ੍ਹਾਂ ਨੇ ਪੁਲਿਸ ਸਟੇਸ਼ਨਾਂ ਵਿਚ ਸ਼ਿਕਾਇਤ ਦਰਜ ਕਰਾਉਣ ਜਾਂ ਹੋਰ ਪੁਲਿਸ ਵੈਰੀਫੀਕੇਸ਼ਨ ਵਿਚ ਆ ਰਹੀਆਂ ਮੁਸ਼ਕਿਲਾਂ ਨੂੰ ਦੇਖ ਕੇ ਸਾਂਝ ਕੇਂਦਰ ਖੋਲ੍ਹੇ। ਇਸੇ ਤਰ੍ਹਾਂ ਜਗ੍ਹਾ-ਜਗ੍ਹਾ ਸੁਵਿਧਾ ਸੈਂਟਰ ਖੋਲ੍ਹੇ। ਰਾਈਟ ਟੂ ਸਰਵਿਸ ਐਕਟ ਲਿਆਂਦਾ ਤਾਂ ਕਿ ਅਧਿਕਾਰੀ ਲੋਕਾਂ ਦਾ ਕੰਮ ਤਹਿ ਸਮੇਂ ਵਿਚ ਕਰਨ। ਅਫਸੋਸ ਅਗਲੀ ਸਰਕਾਰ ਨੇ ਉਹ ਚੰਗੇ-ਭਲੇ ਚੱਲਦੇ ਕੇਂਦਰ ਬੰਦ ਕਰ ਦਿੱਤੇ। ਇਸ ਵਿਚ ਹੁਣ ਵਾਲੀ ਸਰਕਾਰ ਨੇ ਉੱਥੇ ਮੁਹੱਲਾ ਕਲੀਨਿਕ ਬਣਾ ਦਿੱਤੇ।

**ਪਾਣੀਆਂ ਦਾ ਮਸਲਾ:** ਇਨ੍ਹਾਂ 'ਤੇ ਇਲਜ਼ਾਮ ਲੱਗਦਾ ਹੈ ਕਿ ਜਦੋਂ 1978 ਵਿਚ ਇਹ ਮੁੱਖ ਮੰਤਰੀ ਸਨ, ਉਸ ਵੇਲੇ ਐੱਸ.ਵਾਈ.ਐੱਲ. ਲਈ ਜ਼ਮੀਨ ਐਕਵਾਇਰ ਕੀਤੀ ਗਈ। ਉਸ ਸਮੇਂ ਇਨ੍ਹਾਂ ਨੇ 1 ਕਰੋੜ ਦਾ ਚੈੱਕ ਵੀ ਹਰਿਆਣੇ ਪਾਸੋਂ ਲਿਆ। ਉਸ ਵੇਲੇ ਪਾਣੀ ਦੇ ਇਸ ਕਦਰ ਘੱਟਣ ਬਾਰੇ ਕੋਈ ਕਲਪਨਾ ਵੀ ਨਹੀਂ ਸੀ ਕਰ ਸਕਦਾ। ਉਹ ਸਮਾਂ ਸੀ, ਜਦੋਂ ਧਰਤੀ ਹੇਠਲਾ ਪਾਣੀ ਉਪਰ ਆ ਰਿਹਾ ਸੀ। ਨਹਿਰ ਦਾ ਕੰਮ 1982 ਵਿਚ ਕਾਂਗਰਸ ਸਰਕਾਰ ਦੇ ਸਮੇਂ ਸ਼ੁਰੂ ਹੋਇਆ, ਉਸ ਵੇਲੇ ਇਨ੍ਹਾਂ ਨੇ ਨਹਿਰ ਰੋਕੋ ਅੰਦੋਲਨ ਚਲਾ ਕੇ ਵਿਰੋਧ ਵੀ ਕੀਤਾ। 2004 ਵਿਚ ਜਦੋਂ ਸੁਪਰੀਮ ਕੋਰਟ ਦਾ ਫੈਸਲਾ ਆਇਆ, ਤਾਂ ਜਿਸ ਮੁੱਖ ਮੰਤਰੀ ਨੇ 1982 ਵਿਚ ਟੱਕ ਲਵਾਇਆ ਸੀ, ਉਨ੍ਹਾਂ ਨੇ ਹੀ ਵਿਧਾਨ ਸਭਾ ਵਿਚ ਐਕਟ ਲਿਆਂਦਾ (ਟਰਮੀਨੇਸ਼ਨ ਆਫ ਵਾਟਰ ਐਗਰੀਮੈਂਟ ਐਕਟ 2004) ਇਸ ਤੋਂ ਬਾਅਦ ਅਕਾਲੀ ਸਰਕਾਰ ਸਮੇਂ ਇਨ੍ਹਾਂ ਨੇ ਇੱਕ ਐਕਟ ਪਾਸ ਕਰਕੇ ਅਕਵਾਇਰ ਕੀਤੀ ਜ਼ਮੀਨ ਕਿਸਾਨਾਂ ਨੂੰ ਵਾਪਸ ਕਰਨ ਦਾ ਫੈਸਲਾ ਕੀਤਾ। ਉਸ ਵੇਲੇ ਹਰਿਆਣੇ ਤੋਂ ਲਏ ਪੈਸੇ ਵੀ ਵਿਆਜ ਸਣੇ, 390 ਕਰੋੜ ਦਾ ਚੈੱਕ ਹਰਿਆਣਾ ਸਰਕਾਰ ਨੂੰ ਭੇਜਿਆ ਗਿਆ। ਬਾਅਦ ਵਿਚ ਸੁਪਰੀਮ ਕੋਰਟ ਨੇ ਦੋਨੋਂ ਕਾਨੂੰਨਾਂ 'ਤੇ ਰੋਕ ਲਗਾ ਦਿੱਤੀ ।

**ਸੰਗਤ ਦਰਸ਼ਨ:** ਲੋਕਾਂ ਦਾ ਮੁੱਖ ਮੰਤਰੀ ਸੀ ਤਾਂ ਲੋਕਾਂ ਦੇ ਪਿੰਡ ਵਿਚ ਜਾ ਕੇ ਡੇਰਾ ਲਾ ਲੈਣਾ ਅਤੇ ਬਿਨ੍ਹਾਂ ਭੇਦਭਾਵ ਹਰ ਆਮ-ਖਾਸ, ਵੱਡਾ-ਛੋਟਾ ਉਥੇ ਆ ਕਿ ਆਪਣੀ ਸਮੱਸਿਆ ਰੱਖ ਸਕਦਾ ਸੀ। ਵੱਡੀ ਗੱਲ ਇਹ ਸੀ ਕਿ ਪਿੰਡ ਵਿਚ ਜਾ ਕੇ ਸਾਂਝੇ ਕੰਮ ਦਾ ਪਤਾ ਲੱਗਦਾ ਸੀ ਅਤੇ ਸਾਂਝੇ ਕੰਮਾਂ ਨੂੰ ਪਹਿਲ ਦਿੱਤੀ ਜਾਂਦੀ ਸੀ। ਇੱਕ ਹੋਰ ਗੱਲ ਰੋਲ ਮਾਡਲ ਵਾਲੀ ਦੇਖਣ ਨੂੰ ਮਿਲੀ ਕਿ ਸਵੇਰ 6 ਵਜੇ ਤੋਂ ਸੰਗਤ ਦਰਸ਼ਨ ਸ਼ੁਰੂ ਕਰ ਲੈਣੇ। ਉਸੇ ਸਮੇਂ ਸਾਰੇ ਅਧਿਕਾਰੀ ਵੀ ਨਾਲ ਮੌਜੂਦ ਹੁੰਦੇ ਸਨ, ਜੋ ਉਂਝ ਭਾਵੇਂ 11 ਵਜੇ ਤੱਕ ਦਫ਼ਤਰ ਵਿਚ ਨਾ ਮਿਲਣ। ਗੱਲ ਇਹ ਹੈ ਕਿ ਜੋ 11-12 ਵਜੇ ਆਪ ਨਿਕਲੇਗਾ, ਤਾਂ ਅਫ਼ਸਰ ਵੀ ਉਹੋ ਜਿਹੇ ਹੀ ਹੋਣਗੇ। ਚੰਡੀਗੜ੍ਹ ਮੁੱਖ ਮੰਤਰੀ ਦੇ ਨਿਵਾਸ 'ਤੇ ਮਿਲਣਾ ਵੀ ਕੋਈ ਔਖਾ ਨਹੀਂ ਸੀ। ਪਰ ਇਨ੍ਹਾਂ ਤੋਂ ਬਾਅਦ ਵਾਲੇ ਤਾਂ ਇਲਾਕੇ ਵਿਚ ਜਾਣਾ ਤਾਂ ਦੂਰ ਚੰਡੀਗੜ੍ਹ ਵੀ ਨਹੀਂ ਸੀ ਮਿਲਦੇ। ਹੁਣ ਵਾਲਿਆਂ ਨੇ ਲੋਕ-ਸਰਕਾਰ ਮਿਲਣੀ ਸ਼ੁਰੂ ਕੀਤੀ ਹੈ ਪਰ ਉਹ ਰੈਲੀ ਦੀ ਤਰ੍ਹਾਂ ਵੱਡਾ ਇੱਕਠ, ਮੁੱਖ ਮੰਤਰੀ ਨਾਲ ਸਿੱਧੀ ਗੱਲ ਵੀ ਨਹੀਂ ਅਤੇ ਮੌਕੇ 'ਤੇ ਨਿਪਟਾਰਾ ਵੀ ਨਹੀਂ।

**ਵਿਰਸੇ ਨੂੰ ਦੇਣ:** ਉਨ੍ਹਾਂ ਨੇ ਆਪਣੇ ਸਮੇਂ ਵਿਚ ਵਿਰਸੇ ਦੀ ਸੰਭਾਲ ਲਈ ਵਿਰਾਸਤੇ ਖਾਲਸਾ, ਜੰਗੇ ਅਜ਼ਾਦੀ, ਬੰਦਾ ਸਿੰਘ ਬਹਾਦਰ ਦੀ ਯਾਦਗਾਰ, ਹਰਿਮੰਦਰ ਸਾਹਿਬ ਦਾ ਗਲਿਆਰਾ (ਹੈਰੀਟੇਜ ਸਟਰੀਟ) ਵਰਗੇ ਕਈ ਇਹੋ ਜਿਹੇ ਕੰਮ ਕੀਤੇ, ਜਿਹੜੇ ਪੰਜਾਬ ਦਾ ਵਿਰਸਾ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਵਿਚ ਸਹਾਈ ਹੋਣਗੇ।

ਕੋਈ ਵਿਅਕਤੀ ਜਦੋਂ ਜ਼ਿਆਦਾ ਕੰਮ ਕਰਦਾ ਹੈ, ਤਾਂ ਕਿਤੇ ਕੋਈ ਗਲਤੀ ਹੋਣੀ ਸੁਭਾਵਿਕ ਹੈ। ਨਿੰਦਣਾ ਬੜਾ ਸੌਖਾ ਹੈ ਅਤੇ ਕੰਮ ਕਰਨਾ ਔਖਾ ਹੈ। ਨਿੰਦੀ ਤਾਂ ਉਹ ਵੀ ਜਾਂਦੇ ਹਨ, ਜਿਨ੍ਹਾਂ ਨੇ ਸਾਰੀ ਉਮਰ ਨਾਲ ਰਾਜ ਭੋਗਿਆ, ਜਦੋਂ ਰਾਜ ਨਹੀਂ ਰਿਹਾ ਤਾਂ ਸਾਥ ਛੱਡ ਕਿ ਤਿੱਤਰ ਹੋ ਗਏ ਅਤੇ ਸੱਤਾ ਵਾਲੀ ਛੱਤਰੀ 'ਤੇ ਜਾ ਬੈਠੇ। ਨਿੰਦਕ ਇਹ ਵੀ ਨਾ ਭੁੱਲਣ ਕਿ ਪੰਜ ਵਾਰ ਮੁੱਖ ਮੰਤਰੀ ਉਨ੍ਹਾਂ ਨੂੰ ਜਨਤਾ ਨੇ ਹੀ ਬਣਾਇਆ ਸੀ। ਇਹ ਮੇਰੇ ਨਿੱਜੀ ਵਿਚਾਰ ਹਨ ਉਨ੍ਹਾਂ ਦੇ ਪ੍ਰਤੀ, ਮੁੱਖ ਮੰਤਰੀ ਦੇ ਸਫ਼ਰ ਨੂੰ ਲੈ ਕੇ।

# ਮੰਜ਼ਿਲਾਂ ਦਿਖਾਉਂਦੇ ਜੁਗਨੂੰ

**ਰੀਵਿਊਕਾਰ : ਡਾ. ਬਲਵੀਰ ਕੌਰ ਰੀਹਲ**
**ਲੇਖਕ : ਜੋਗਾ ਸਿੰਘ ਬਠੁੱਲਾ,**
**ਸੰਪਾਦਕ: ਬਲਜਿੰਦਰ ਮਾਨ**
**ਪ੍ਰਕਾਸ਼ਕ : ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਮਾਹਿਲਪੁਰ (ਹੁਸ਼ਿਆਰਪੁਰ),**
**ਪੰਨੇ:104, ਮੁੱਲ: 195/-**

ਮੰਜ਼ਿਲਾਂ ਦਿਖਾਉਂਦੇ ਜੁਗਨੂੰ (ਵਿਸ਼ਵ ਦੇ ਹੈਰਾਨੀਜਨਕ ਤੇ ਗਿਆਨ ਭਰਪੂਰ ਰੌਚਕ ਤੱਥ) ਕਿਤਾਬ ਦੇ ਸੰਪਾਦਕ ਬਲਜਿੰਦਰ (ਸ਼੍ਰੋਮਣੀ ਬਾਲ ਸਾਹਿਤ ਲੇਖਕ) ਹਨ ਅਤੇ ਇਸ ਕਿਤਾਬ ਦਾ ਲੇਖਕ ਮਾਸਟਰ ਜੋਗਾ ਸਿੰਘ ਬਠੁੱਲਾ ਹੈ। ਇਸ ਕਿਤਾਬ ਵਿਚ ਸੰਸਾਰ ਦੀਆਂ ਹੈਰਾਨੀ ਭਰੀਆਂ ਗਿਆਨ ਵਧਾਊ ਅਤੇ ਰੌਚਕ ਗੱਲਾਂ ਨੂੰ ਸ਼ਾਮਲ ਕੀਤਾ ਹੈ। ਇਸ ਕਿਤਾਬ ਦੇ 104 ਪੰਨੇ ਹਨ ਅਤੇ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵਲੋਂ ਇਹ ਕਿਤਾਬ ਛਾਪੀ ਗਈ ਹੈ। ਇਸ ਕਿਤਾਬ ਦੀ ਕੀਮਤ 195 ਰੁਪਏ ਹੈ। ਇਸ ਕਿਤਾਬ ਤੋਂ ਪਹਿਲਾਂ ਜੋਗਾ ਸਿੰਘ ਬਠੁੱਲਾ ਦੀਆ ਗਿਆਨ ਵਧਾਊ ਤਿੰਨ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਹ ਕਿਤਾਬ ਇਕੋ ਸਮੇਂ ਵਿਸ਼ਵ ਵਿਚ ਬੋਲੀਆਂ ਜਾਂਦੀਆਂ ਭਾਸ਼ਾਵਾਂ, ਸੱਭਿਆਚਾਰ, ਕਲਾ, ਸਹਿਤ ਸਿਆਸਤ, ਬੋਲੀ, ਗਿਆਨ-ਵਿਗਿਆਨ, ਗਣਿਤ ਅਤੇ ਰਹਿਣ-ਸਹਿਣ ਆਦਿ ਵਿਸ਼ਿਆਂ ਨੂੰ ਪੇਸ਼ ਕਰ ਰਹੀ ਹੈ। 104 ਸਫ਼ਿਆਂ ਦੀ ਛੋਟੀ ਜਿਹੀ ਕਿਤਾਬ ਗਾਗਰ ਵਿਚ ਸਾਗਰ ਭਰਨ ਦੇ ਬਰਾਬਰ ਹੈ। ਲੇਖਕ ਨੇ ਵਿਗਿਆਨ ਦੇ ਤੱਥਾਂ ਨੂੰ ਖੋਜੀ ਅਤੇ ਮਨੋਵਿਗਿਆਨ ਸੋਝੀ ਰਾਹੀਂ ਪਾਠਕਾਂ ਤੱਕ ਪਹੁੰਚਾਇਆ। ਇਹ ਪੁਸਤਕ ਹਰ ਵਰਗ ਲਈ ਤਰਕ ਰਾਹੀਂ ਤੱਥਾਂ ਨੂੰ ਪੇਸ਼ ਕਰਦੀ ਹੈ। ਇਹ ਕਿਤਾਬ ਜਿੱਥੇ ਗਿਆਨ-ਵਿਗਿਆਨ ਦੀ ਸੋਝੀ ਕਰਵਾਉਂਦੀ ਹੈ, ਉੱਥੇ ਇਹ ਮਨੁੱਖੀ ਜੀਵਨ ਵਿਚ ਵਰਤੇ ਜਾਂਦੇ ਅਖਾਣਾਂ ਤੇ ਮੁਹਾਵਰਿਆਂ ਬਾਰੇ ਵੀ ਰੌਚਕ ਜਾਣਕਾਰੀ ਦਿੰਦੀ ਹੈ। ਇਕ ਪਾਸੇ ਇਹ ਕਿਤਾਬ ਗਿਆਨ ਭਰਪੂਰ ਰੌਚਕ ਸਮੱਗਰੀ ਨਾਲ ਭਰੀ ਹੋਈ ਹੈ, ਨਾਲ ਹੀ ਇਸ ਕਿਤਾਬ ਵਿਚ ਮਾਤ ਭਾਸ਼ਾ ਬਾਰੇ ਵੀ ਨੁਕਤਿਆਂ ਨੂੰ ਸਾਂਝਾ ਕੀਤਾ ਗਿਆ ਹੈ। ਗਿਆਨ, ਵਿਗਿਆਨ ਅਤੇ ਭੱਖਦੇ ਮਸਲਿਆਂ ਬਾਰੇ ਜਾਣਕਾਰੀ ਦੇ ਚਾਹਵਾਨ ਵਿਦਿਆਰਥੀਆਂ ਖਾਸ ਕਰ ਪਾਠਕਾਂ ਲਈ ਇਹ ਪੁਸਤਕ ਰਾਹ ਦਸੇਰੇ ਦਾ ਕੰਮ ਕਰਦੀ ਹੈ। ਮੇਰੇ ਖਿਆਲ ਅਨੁਸਾਰ ਇਹ ਪੁਸਤਕ ਹਰ ਸਕੂਲ ਵਿਚ ਦਸਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਨੂੰ ਜ਼ਰੂਰ ਪੜ੍ਹਨੀ ਚਾਹੀਦੀ ਹੈ। ਉਨ੍ਹਾਂ ਹੱਥ ਇਸ ਪੁਸਤਕ ਨੂੰ ਅਧਿਆਪਕਾਂ ਅਤੇ ਮਾਪਿਆਂ ਨੂੰ ਤੋਹਫੇ ਵਜੋਂ ਜ਼ਰੂਰ ਦੇਣਾ ਚਾਹੀਦਾ ਹੈ। ਇਹ ਸਾਨੂੰ ਸਮੇਂ ਦੇ ਹਾਣੀ ਬਣਾਉਣ ਵਾਲੀ ਇਕ ਨਿਆਰੀ ਅਤੇ ਕੀਮਤੀ ਪੁਸਤਕ ਹੈ। ਜੋ ਗਿਆਨ ਆਮ ਪੁਸਤਕਾਂ ਵਿਚ ਨਹੀਂ ਮਿਲਦਾ, ਉਸਦੀ ਜਾਣਕਾਰੀ ਰੌਚਕ ਢੰਗ ਨਾਲ ਇਸ ਪੁਸਤਕ ਵਿਚ ਸ਼ਾਮਲ ਕੀਤੀ ਗਈ ਹੈ। ਸੰਪਾਦਕ ਬਲਜਿੰਦਰ ਮਾਨ ਨੇ ਆਪਣੇ ਦਹਾਕਿਆਂ ਦੇ ਤਜ਼ਰਬੇ ਨੂੰ ਇਸ ਪੁਸਤਕ ਦੇ ਸੰਪਾਦਨ ਵਿਚ ਇਸਤੇਮਾਲ ਕਰਕੇ ਇਸਦੀ ਲੋੜ ਵਿਚ ਚੋਖਾ ਵਾਧਾ ਕਰ ਦਿੱਤਾ ਹੈ। ਸੰਪਾਦਕ ਅਤੇ ਲੇਖਕ ਇਸ ਕਿਤਾਬ ਲਈ ਵਧਾਈ ਦੇ ਪਾਤਰ ਹਨ।



## "ਤਲਵੰਡੀ ਸਾਬੋ"

(ਤਖਤਾਂ ਦੀ ਮਾਲਕ)

ਉੱਚੇ-ਉੱਚੇ ਟਿੱਬੇ ਜਿਥੇ ਉੱਡਦੀ ਪਈ ਰੇਤ ਸੀ,
ਦੂਰ-ਦੂਰ ਤੱਕ ਜਿੱਥੇ ਸੁੰਨੇ-ਸੁੰਨੇ ਖੇਤ ਸੀ,
ਜਦੋਂ ਦੀ ਇਹ ਗੁਰਾਂ ਦਿਆਂ ਚਰਨਾਂ ਨੂੰ ਛੋਹ ਗਈ।
ਤਲਵੰਡੀ ਸਾਬੋ ਤਖਤਾਂ ਦੀ ਮਾਲਕ ਹੈ ਹੋ ਗਈ।

ਮਾਤਾ ਜੀ ਨੇ ਪੁੱਛਿਆ ਕਿੱਥੇ ਨੇ ਪੁੱਤ ਚਾਰ ਜੀ,
ਚਾਰ ਮੁਏ ਕਿਆ ਹੁਆ ਜੀਵਤ ਕਈ ਹਜ਼ਾਰ ਜੀ,
ਹੱਥ ਜੋੜ ਅੱਗੇ ਸਾਰੀ ਸੰਗਤ ਖੜ੍ਹੋ ਗਈ।
ਤਲਵੰਡੀ ਸਾਬੋ.... .... ....।

ਆਏ ਦਸ਼ਮੇਸ ਸਰਬੰਸ ਸਾਰਾ ਵਾਰਕੇ,
ਕੌਮ ਵਾਲੇ ਕਰਜ਼ੇ ਨੂੰ ਸਿਰ ਤੋਂ ਉਤਾਰ ਕੇ,
ਦਮਦਮਾ ਸਾਹਿਬ ਬਣ ਮਨਾ ਤਾਈਂ ਮੋਹ ਗਈ।
ਤਲਵੰਡੀ ਸਾਬੋ.... .... ....।

ਕੀਤੀ ਏਥੇ ਪਰਖ ਸੀ ਗੁਰਾਂ ਨੇ ਬੰਦੂਕ ਦੀ,
ਡੱਲੇ ਦੇ ਹੰਕਾਰ ਵਾਲੀ ਕੱਢ ਦਿੱਤੀ ਫੂਕ ਸੀ,
ਬੀਰ ਸਿੰਘ 'ਧੀਰ ਸਿੰਘ ਪਿਓ ਪੁੱਤਰ ਸਨ)
ਜੋੜੀ ਅੱਗੇ ਆ ਖਲੋ ਗਈ।
ਤਲਵੰਡੀ ਸਾਬੋ.... .... ....।

ਗੁਰੂ ਗਰੰਥ ਸਾਹਿਬ ਜੀ ਲਿਖਾਇਆ ਏਥੇ ਗੁਰਾਂ ਨੇ,
ਸਰੋਵਰ 'ਚ ਕਾਨੀਆਂ ਨੂੰ ਪਾਇਆ ਏਥੇ ਗੁਰਾਂ ਨੇ
ਬਚਦੀ ਸਿਆਹੀ ਸੀ ਸਰੋਵਰ 'ਚ ਚੋਅ ਗਈ ।
ਤਲਵੰਡੀ ਸਾਬੋ.... .... ....।

ਗੁਰੂ ਕੀ ਇਹ ਕਾਸ਼ੀ ਇਹਨੂੰ ਮਿਲੇ ਵਰਦਾਨ ਨੇ,
ਪੈਦਾ ਹੋਣੇ ਏਥੋਂ ਗੁਰਾਂ ਕਿਹਾ ਵਿਦਵਾਨ ਨੇ,
ਸਿੱਖੀ ਵਾਲੀ ਮਾਲ੍ਹਾ ਵਿਚ ਰਤਨ ਪਰੋ ਗਈ।
ਤਲਵੰਡੀ ਸਾਬੋ.... .... ....।

ਤੇਰੇ ਉੱਤੋਂ ਜਾਵਾਂ ਬਲਿਹਾਰੇ ਤਲਵੰਡੀਏ
ਗੁਣ ਤੇਰੇ ਜਾਂਦੇ ਨਾ ਉਚਾਰੇ ਤਲਵੰਡੀਏ,
"ਮਲਕੀਤ ਸਿੰਘ ਭੱਠਲਾਂ ਦੇ ਪਾਪਾਂ ਤਾਈਂ ਧੋ ਗਈ।
ਤਲਵੰਡੀ ਸਾਬੋ ਤਖ਼ਤਾਂ ਦੀ ਮਾਲਕ ਹੈ ਹੋ ਗਈ।



ਮਲਕੀਤ ਸਿੰਘ ਗਿੱਲ
ਪਿੰਡ ਭੱਠਲਾਂ, ਜ਼ਿਲ੍ਹਾ ਬਰਨਾਲਾ
ਸੰਪਰਕ: 94174-90943
79865-28225
(Punjab Mail USA)

## ਮਾਂ ਧਰਤੀ ਦੇ ਪਾਲੇ



ਜੰਗ ਹੋਵਣ ਸ਼ਹੀਦ ਸੂਰਮੇ ਪਿਆਰੇ,
ਮਾਂ ਦੇ ਜਾਏ ਧਰਤੀ ਮਾਂ ਸਾਡੀ ਦੇ ਦੁਲਾਰੇ।
ਦੁਨੀਆਂ ਭਰਪੂਰ ਰਾਤੋਂ ਰਾਤ ਸਿਤਾਰੇ,
ਜ਼ਿੰਦਗੀ ਨਸੀਬ ਜਿਊਣ ਧਰਤ ਦੇ ਸਹਾਰੇ।
ਇੱਕ ਥਾਂ ਰੱਬ ਰੂਪ ਦਿੱਖ ਹੋ ਸਕਦੈ,
ਜਿੱਥੇ ਢਿੱਡ ਭਰ ਜ਼ਮੀਨ ਮਾਂ ਧਰਤੀ ਦੇ ਪਾਲੇ।

ਜੱਲ੍ਹਿਆਂ ਵਾਲਾ ਬਾਗ਼ ਧਰਤ ਸੀ ਖਿਲਾਰੇ,
ਅੱਖਾਂ ਵਿਚੋਂ ਲਹੂ ਲੁਹਾਣ ਵੇਖ ਊਧਮ ਨੇ ਤਾੜੇ।
ਉੱਠ ਹੱਲ ਹੋ ਸਕਦੈ ਜ਼ਿੰਦਗੀ ਖੋਫ ਦਾ,
ਦਿਲ ਦੱਬੀ ਆਵਾਜ਼ ਹੇਠ ਗੋਰੇ ਬੇਰੰਗ ਸੀ ਮਾਰੇ।
ਇੱਕ ਥਾਂ ਰੱਬ ਰੂਪ ਦਿੱਖ ਹੋ ਸਕਦੈ,
ਜਿੱਥੇ ਢਿੱਡ ਭਰ ਜ਼ਮੀਨ ਮਾਂ ਧਰਤੀ ਦੇ ਪਾਲੇ।

ਜ਼ਿੰਦਗੀਆਂ ਦਾ ਲੁੱਟ ਖੋਹ ਸਰਕਾਰ ਭਾਰੇ,
ਗ਼ਰੀਬ ਘਰ ਦੁੱਖ ਹੋ ਕਿੱਥੋਂ ਜਿਊਣ ਵਿਚਾਰੇ।
ਦੋ ਵਕਤ ਮਿੱਸੀ ਰੋਟੀ ਚਾਦਰ ਵੇਖ ਪਛਾੜੇ,
ਮਿਹਨਤ ਖੇਤ ਜਾ ਕੀਤੀ ਮਾਂ ਧਰਤੀ ਦੇ ਸਾਰੇ।
ਇੱਕ ਥਾਂ ਰੱਬ ਰੂਪ ਦਿੱਖ ਹੋ ਸਕਦੈ,
ਜਿੱਥੇ ਢਿੱਡ ਭਰ ਜ਼ਮੀਨ ਮਾਂ ਧਰਤੀ ਦੇ ਪਾਲੇ।

ਪੰਜਾਬ ਹਰਿਆਣਾ ਆਸ ਕਰਿੰਦੀ ਕਿਸ ਥਾਂ,
ਕੁਝ ਧਰਤ ਜੰਮ ਕੁਝ ਦੇਸ਼ ਤੋਂ ਬਾਹਰ ਦੇ ਗਦਾਰੇ।
ਪਾਣੀ ਦੀ ਖੋਹ ਨਾ ਨਸੀਬ ਪਾਣੀ ਧਰਤੀ ਮਾਂ,
ਕੀ ਹੈ ਹਿਸਾਬ ਕਿਤਾਬ ਦੇ ਚਾਰ ਪੰਨੇ ਤੱਕ ਪਾੜੇ।
ਇੱਕ ਥਾਂ ਰੱਬ ਰੂਪ ਦਿੱਖ ਹੋ ਸਕਦੈ,
ਜਿੱਥੇ ਢਿੱਡ ਭਰ ਜ਼ਮੀਨ ਮਾਂ ਧਰਤੀ ਦੇ ਪਾਲੇ।

ਜਦੋਂ ਸੰਸਾਰ ਦੇ ਬਾਗ਼ ਧਰਤ ਨਾ ਜਿਊਂਦੇ,
ਕਾਰਨ ਜ਼ਿੰਦਗੀ ਦੇ ਰੋਗ ਖੁਦ ਨੇ ਗੁਨਾਹਗਾਰੇ।
ਖੇਤ ਜ਼ਮੀਨ ਵਾਰ ਦਵਾਂਗੇ ਮਾਂ ਧਰਤੀ ਜਾਨ,
ਸਰਕਾਰ ਫ਼ੈਸਲੇ ਕੁਝ ਕਵੇ ਗੌਰਵ ਇੱਥੋਂ ਨਾ ਹਾਰੇ।
ਇੱਕ ਥਾਂ ਰੱਬ ਰੂਪ ਦਿੱਖ ਹੋ ਸਕਦੈ,
ਜਿੱਥੇ ਢਿੱਡ ਭਰ ਜਮੀਨ ਮਾਂ ਧਰਤੀ ਦੇ ਪਾਲੇ।



ਗੌਰਵ ਧੀਮਾਨ
ਚੰਡੀਗੜ੍ਹ, ਜੀਰਕਪੁਰ
ਮੋ: ਨੰ: 76268-18016
(Punjab Mail USA)

## "ਗੁਰੂ ਗੋਬਿੰਦ ਸਿੰਘ ਜੀ"

ਕਾਲ ਵੀ ਪਿੱਛੇ ਹਟ ਜਾਂਦਾ
ਜਿੱਥੇ ਗੋਬਿੰਦ ਪੈਰ ਧਰੇ
ਉਹਨੂੰ ਮੌਤ ਦਾ ਭੈਅ ਨਹੀਂ ਰਹਿੰਦਾ
ਜੋ ਪੱਲਾ ਉਹਦਾ ਫੜੇ
ਭਰ ਜਾਂਦਾ ਏ ਜੋਸ਼ ਨਾਲ
ਜੋ ਬੰਦਾ ਸਿੰਘ ਨੂੰ ਪੜ੍ਹੇ।
ਕਾਲ ਵੀ ਪਿੱਛੇ ਹਟ ਜਾਂਦਾ
ਜਿੱਥੇ ਗੁਰੂ ਗੋਬਿੰਦ ਪੈਰ ਧਰੇ।

ਕੌਮ ਦੇ ਲੇਖੇ ਲਾਤਾ ਸੀ ਸਾਰਾ ਪਰਿਵਾਰ ਉਹਨੇ
ਚਮਕੌਰ ਦੀ ਗੜ੍ਹੀ ਦੇ ਯੁੱਧ ਲਈ
ਕੀਤੇ ਅਜੀਤ ਤੇ ਜੁਝਾਰ ਤਿਆਰ ਉਹਨੇ
ਮੁਗਲਾਂ ਨੇ ਸੀ ਜ਼ੋਰ ਲਾ ਲਿਆ
ਪਰ ਉਹ ਪੈਰ ਨਾ ਪਿੱਛੇ ਧਰੇ।
ਕਾਲ ਵੀ ਪਿੱਛੇ ਹਟ ਜਾਂਦਾ
ਜਿੱਥੇ ਗੁਰੂ ਗੋਬਿੰਦ ਪੈਰ ਧਰੇ।

ਮਜ਼ਲੂਮਾਂ ਦੇ ਉਹ ਦੋਸਤ ਨੇ
ਨੇਕੀ ਉਨ੍ਹਾਂ ਦੀ ਪਹਿਚਾਣ ਏ
ਤਾਹੀਓਂ ਸੀਸ ਝੁਕਾ ਕੇ ਆਦਰ
ਕਰਦਾ ਕੁੱਲ ਜਹਾਨ ਏ
ਜਿਹੜਾ ਉਹਦਾ ਪੱਕਾ ਸਿੱਖ
ਨਾ ਗੁਰੂ ਗ੍ਰੰਥ ਬਿਨਾ ਮੱਥਾ ਕਿਤੇ ਧਰੇ।
ਕਾਲ ਵੀ ਪਿੱਛੇ ਹਟ ਜਾਂਦਾ
ਜਿੱਥੇ ਗੁਰੂ ਗੋਬਿੰਦ ਪੈਰ ਧਰੇ।

ਖ਼ਾਲਸੇ ਦਾ ਪਿਤਾ ਤੇ ਦੋਸੀਆਂ ਦਾ ਨਾਸ ਸੀ
ਗੁਰੂ ਗੋਬਿੰਦ ਸਿੰਘ ਵਿਚ ਰੱਬ ਦਾ ਹੀ ਵਾਸ ਸੀ
"ਅੰਮ੍ਰਿਤਪਾਲ ਸਿੰਘ" ਵੀ ਉਹਦੇ ਅੱਗੇ
ਇੱਕੋ ਅਰਦਾਸ ਕਰੇ।
ਬਣਕੇ ਸੱਚਾ ਸਿੱਖ ਗੁਰੂ ਦਾ
ਛੇਤੀ ਮਜ਼ਲੂਮਾਂ ਨਾਲ ਖੜ੍ਹੇ।
ਕਾਲ ਵੀ ਪਿੱਛੇ ਹੱਟ ਜਾਂਦਾ
ਜਿੱਥੇ ਗੁਰੂ ਗੋਬਿੰਦ ਪੈਰ ਧਰੇ।



ਅੰਮ੍ਰਿਤਪਾਲ ਸਿੰਘ ਗਿੱਲ
ਪਿੰਡ ਭੱਠਲਾਂ, ਜ਼ਿਲ੍ਹਾ ਬਰਨਾਲਾ।
ਸੰਪਰਕ : 88375-51245
(Punjab Mail USA)

## ਆਸੇ ਪਾਸੇ

ਵੰਡ ਲਏ ਧਰਮਾਂ ਨੇ ਪਾਸੇ,
ਖੋਹ ਲਏ ਮਨੁੱਖ ਤੋਂ ਹਾਸੇ।

ਪੂਰਬ, ਪੱਛਮ, ਉੱਤਰ, ਦੱਖਣ,
ਭੱਜ ਕੇ ਮੱਥਾ ਟੇਕਣ ਨੱਸਣ।

ਅੰਧਵਿਸ਼ਵਾਸ਼ੀ ਹੋਏ ਬਾਹਲੇ,
ਉੱਝ ਸੋਚਾਂ ਨੂੰ ਲਾਏ ਤਾਲੇ।

ਜਾਤ-ਪਾਤ ਤੇ ਫਿਰਕਾਪ੍ਰਸਤੀ,
ਨੇਤਾਵਾਂ ਲਈ ਸਭ ਤੋਂ ਸੱਸਤੀ।

ਮਜ਼੍ਹਬ ਦੇ ਫੋਕੇ ਲਾ ਕੇ ਨਾਅਰੇ,
ਭੇਡਾਂ ਵਾਂਗੂੰ ਪਿੱਛੇ ਲਾਏ ਸਾਰੇ।

ਤੀਰ ਗੁਆਚੇ ਨਾ ਲੱਭੇ ਖੁੱਥਾ,
ਦੇਸ਼ ਵਿਕਾਸ ਦੀ ਲੀਹੋਂ ਲੱਥਾ।

ਸੋਚਦੇ ਚੜ੍ਹ ਅਸਮਾਨੀ ਜਾਏ,
ਕੌਣ ਜਾਣੇ ਧਸ ਪਤਾਲੀਂ ਜਾਏ।

ਕੋਰੋਨੇ ਚੰਦਰੇ ਆ ਕੇ ਡੱਸਿਆ,
ਕਾਮਾ ਵਿਚ ਕੁਬਿਧੀ ਫਸਿਆ।

ਹੁਣ ਸਰਕਾਰ ਹੱਲ ਨਾ ਜਾਣੇ,
ਕੰਮ ਚਲਾਉਂਦੇ ਜ਼ੋਰ ਧਿਗਾਣੇ।

ਬਣੀ ਅੱਜ ਡਾਢੀ ਹੈ ਮੁਸ਼ਕਿਲ,
ਜੀਉਂਦੇ ਮਰਦੇ ਹਾਂ ਤਿਲ ਤਿਲ।

ਕੁੱਝ ਤਾਂ ਬੈਠ ਕੇ ਸੋਚ ਵਿਚਾਰੋ,
ਐਹ ਮੇਰੇ ਵਤਨ ਦੇ ਠੇਕਦਾਰੋ।



-ਸੇਵਾ ਸਿੰਘ "ਨੂਰਪੁਰੀ"
(Punjab Mail USA)

## ਗੁਰੂ ਗੋਬਿੰਦ ਸਿੰਘ ਜੀ...

ਤਿਰਾ ਜਨਮ ਹੁੰਦਾ ਨਾ ਜੇ ਸੱਚ ਦੇ ਸੂਰਜ,
ਪਈ ਰਾਤ ਪਾਪਾਂ ਦੀ ਮੁਕਦੀ ਕਦੇ ਨਾ।
ਪਿਤਾ ਤੇਗ਼ ਦੀ ਭੇਟ ਜੇ ਨਾ ਚੜ੍ਹਾਉਂਦਾ, ਕਦੇ
ਤੇਗ਼ ਜ਼ਾਬਰ ਦੀ ਰੁਕਦੀ ਕਦੇ ਨਾ।
ਨਾ ਉਚਾ ਧਰਮ ਦਾ ਨਿਸ਼ਾਂ ਜੱਗ 'ਤੇ ਹੁੰਦਾ, ਤੇ
ਗਰਦਣ ਤਕੱਬਰ ਦੀ ਝੁੱਕਦੀ ਕਦੇ ਨਾ।
ਪੀਕੇ ਤੇ ਅੰਮ੍ਰਿਤ ਨਿਮਾਣੀ ਜਿਹੀ ਹਸਤੀ,
ਚੱੜ੍ਹ ਚੱੜ੍ਹ ਕੇ ਦਰਾਂ 'ਤੇ ਝੁੱਕਦੀ ਕਦੇ ਨਾ।
ਗੁਲਾਮੀ ਦੇ ਸੰਗਲਾਂ 'ਚ ਬੱਝਾ ਵਤਨ ਏ,
ਕਸਮ ਖਾ ਕੇ ਕਹਿਨਾ ਨਾ ਆਜ਼ਾਦ ਹੁੰਦਾ।
ਇਹ ਗੈਰਾਂ ਦੇ ਹੱਥੋਂ ਉਜੜਿਆ ਚਮਨ ਏ,
ਉਜੜਿਆ ਹੀ ਰਹਿੰਦਾ ਨਾ ਆਬਾਦ ਹੁੰਦਾ।

ਸੀਤਾ ਰਾਮ ਲਛਮਣ ਰਾਧੇ ਸ਼ਾਮ ਜੀ ਦੀ, ਇਹ
ਦੁਨੀਆਂ ਨੂੰ ਚੇਤੇ ਕਹਾਣੀ ਨਾ ਰਹਿੰਦੀ।
ਧੋਤੀ ਟੋਪੀ ਚੋਟੀ ਤਿਲਕ ਜੰਞੂ ਮਾਲਾ, ਹਿੰਦੂ
ਧਰਮ ਦੀ ਕੋਈ ਨਿਸ਼ਾਨੀ ਨਾ ਰਹਿੰਦੀ।
ਨਾ ਮੰਦਰ ਸ਼ਿਵਾਲੇ ਨਾ ਠਾਕਰ ਦਵਾਰੇ,
ਮਹਾਂਵੀਰ ਕਾਲੀ ਭਵਾਨੀ ਨਾ ਰਹਿੰਦੀ।
ਇਹ ਸਿਫਤਾਂ ਦੇ ਸੋਹਲੇ ਜੋ ਗਾਉਂਦੇ ਨੇ ਤੇਰੇ,
ਇਹ ਸ਼ਾਇਰਾਂ ਦੀ ਜਾਦੂ ਬਿਆਨੀ ਨਾ
ਰਹਿੰਦੀ।
ਨਾ ਵੇਦਾਂ ਦੇ ਮੰਤਰ ਨਾ ਰਮਾਇਣ ਹੁੰਦੀ, ਨਾ
ਗੀਤਾ ਗਰੰਥਾਂ ਦੀ ਸਿਰਤਾਜ ਹੁੰਦੀ।
ਮੇਰੇ ਮੌਲਾ ਮੈਨੂੰ ਮਦੀਨੇ ਬੁਲਾ ਲੈ, ਹਰ ਘਰ 'ਚੋਂ
ਆਉਂਦੀ ਇਹ ਆਵਾਜ਼ ਹੁੰਦੀ।

ਰਹਿਣੀ ਨਹੀਂ ਸੀ ਇਹ ਸੱਭਿਤਾ ਪੁਰਾਣੀ,
ਪੂਜਣ ਯੋਗ ਥਾਵਾਂ ਦੇ ਨਾਂ ਬਦਲ ਜਾਂਦੇ।
ਬਦਲ ਜਾਂਦਾ ਨਕਸ਼ਾ ਸਾਰੇ ਹਿੰਦੋਸਤਾਂ ਦਾ,
ਸ਼ਹਿਰ ਬਦਲ ਜਾਂਦੇ ਗਰਾਂ ਬਦਲ ਜਾਂਦੇ।
ਖਾਣਾ ਪੀਣ ਪਹਿਨਣ ਰਿਵਾਜ਼ਾਂ ਤੇ ਰਸਮਾਂ,
ਰਹਿਣ ਸਹਿਣ ਸਭ ਨਿਸ਼ਾਂ ਬਦਲ ਜਾਂਦੇ।
ਪੁੰਨ ਦਾਨ ਭਗਤੀ ਕਰਮ ਧਰਮ ਦੇ ਸਭ,
ਅਰਥ ਬਦਲ ਜਾਂਦੇ ਬਿਆਂ ਬਦਲ ਜਾਂਦੇ।
ਦੀਵਾਲੀ ਦੁਸਹਿਰਾ ਵਿਸਾਖੀ ਤੇ ਹੋਲੀ,
ਪਵਿਤਰ ਦਿਨਾਂ ਨੂੰ ਮਨੌਣਾ ਸੀ ਕਿਸ ਨੇ ?
ਕਿਨੇ ਵਰਤ ਰੱਖਣੇ ਕਿਨੇ ਜੱਗ ਕਰਨੇ, ਹਰੀ
ਰਾਮ ਦੇ ਗੀਤ ਗਾਉਣੇ ਸੀ ਕਿਸ ਨੇ ?

ਕਰਿਸ਼ਮਾ ਸੀ ਤੇਰਾ ਤੂੰ ਇਕ ਸੀਸ ਮੰਗਿਆ,
ਖੜ੍ਹ ਗਏ ਹਜ਼ਾਰਾਂ ਹੀ ਸਿਰ ਦੇਣ ਵਾਲੇ।
ਹੁਕਮ ਸੀ ਨੂੰ ਜਿਨ੍ਹਾਂ ਕਿ ਪਗੜੀ ਨਾ ਬੰਨ੍ਹੋ,
ਉਹ ਨਿਕਲੇ ਸਿਰਾਂ 'ਤੇ ਸਜਾ ਕੇ ਦੁਮਾਲੇ।
ਕਿ ਡਰਦੇ ਸੀ ਜਿਹੜੇ ਚਿੜੀ ਫੜਕਦੀ ਤੋਂ,
ਉਨ੍ਹਾਂ ਸ਼ੇਰ ਕੰਨਾਂ ਤੋਂ ਫੜ ਫੜ ਉਠਾਲੇ।
ਤੂੰ ਬਾਜਾਂ ਨੂੰ ਚਿੜੀਆਂ ਦੇ ਕੋਲ ਤੁੜਾਇਆ,
ਤੂੰ ਲੱਖਾਂ ਨਾਲ ਇਕ ਇਕ ਲੜਾ ਕੇ ਵਖਾਲੇ।
ਨਿਕਮੇ ਨਕਾਰੇ ਨਿਰਬਲ ਤੇ ਬੁਜ਼ਦਿਲ, ਉਹ
ਜਰਨੈਲ ਬਣ ਗਏ ਉਹ ਸਲੁਤਾਨ ਬਣ ਗਏ।
ਬਦਲ ਦਿੱਤੇ ਜੀਵਨ ਤੂੰ ਅੰਮ੍ਰਿਤ ਪਿਲਾ ਕੇ,
ਹੁਕਮ ਸੁਣਨ ਵਾਲੇ ਹੁਕਮ ਸਰਾ ਬਣ ਗਏ।

ਭੁੱਲ ਗਈ ਹੈ ਉਹ ਕੌਮ ਅਹਿਸਾਨ ਤੇਰੇ,
ਜਿਨ੍ਹਾਂ ਵਾਸਤੇ ਅਪਣਾ ਸਭ ਕੁਝ ਲੁਟਾਇਆ।
ਇਕੋ ਬਾਟੇ 'ਚੋਂ ਸਭ ਨੂੰ ਅੰਮ੍ਰਿਤ ਪਿਲਾ ਕੇ, ਤੂੰ
ਉਚਾਂ ਤੇ ਨੀਚਾਂ ਦਾ ਦਰਜਾ ਮਟਾਇਆ।
ਦੇ ਕੇ ਤੇ ਵਰ ਇਹ ਨੇ ਬੇਟੇ ਗੁਰੂ ਦੇ,
ਰੰਗਰੇਟਿਆਂ ਨੂੰ ਗਲ਼ੇ ਨਾਲ ਲਾਇਆ।
ਨਾ ਕੀਤਾ ਕਿਸੇ ਨੇ ਨਾ ਹੋਣਾ ਕਿਸੇ ਤੋਂ, ਕਿਸੇ
ਵਾਸਤੇ ਜੋ ਤੂੰ ਕਰ ਕੇ ਦਿਖਾਇਆ।
ਤੇਰੀ ਕੌਮ ਭੁੱਲੀ ਫਿਰੇ ਮਿਸ਼ਨ ਤਾਈਂ, ਸਹੀ
ਰਾਹ ਤੋਂ ਪਿੱਛੇ ਹਟੀ ਜਾ ਰਹੀ ਏ।
ਟੋਪੀ ਦੀ ਗਿਣਤੀ ਵੱਧੀ ਜਾ ਰਹੀ ਹੈ, ਤੇ
ਪੱਗਾਂ ਦੀ ਗਿਣਤੀ ਘੱਟੀ ਜਾ ਰਹੀ ਹੈ।



-ਸਤਨਾਮ ਸਿੰਘ ਦਰਦੀ
ਚਾਨੀਆਂ (ਜਲੰਧਰ)
92569-73526
(Punjab Mail USA)

# REALTY ONE GROUP

## FOR SALE & PURCHASE OF ANY KIND OF PROPERTY

## *Recently Sold Properties*






**Gurjatinder S. Randhawa**
REALTOR CA DRE licence # 01490567

## *New Listings*




## Gurjatinder S. Randhawa

web: www.RealtorRandhawa.com

**916-320-9444**

garysingh123@yahoo.com